**ਸਾਲ ਪੰਦਰਵਾਂ, ਮਹੀਨਾ ਜੁਲਾਈ 2009**

**ਫਾਉਂਡਰ ਚੇਅਰਮੈਨ**
**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**
**ਚੇਅਰਪਰਸਨ**
**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| **U.S.A.** | **50** US$ | **500** US$ |
| U.K. | **30** £ | **300** £ |
| Aus. | **80** $ | **800** $ |
| Europ | **50** Euro | **500** Euro |

**Postal Address for 'ATAM MARG' Enquiry, Money Order, Cheque, Draft & correspondence**
**V.G.R.M Charitable Trust**
**Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali)**
**140901 Pb.India.**

**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**

**Head Office INDIA -** (M) **94172-14379, 9417214391**
**0160-2255002**, Fax - **2255009**

**U.S.A.** - **Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Bibi Sukhvinder Kaur Bains -** Phone : 403-270-3387

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

1. ਸੰਪਾਦਕੀ 2
2. ਸਾਵਣਿ ਦੀ ਸੰਗਰਾਂਦ 3
3. ਸ੍ਰੀ ਗੁਰੂ ਨਾਨਕ ਦੇਵ ਜੀ - ਹਰਿਦੁਆਰ ਫੇਰੀ 18
4. 'ਆਤਮ ਮਾਰਗ' 29
4. ਬਿਜੈ ਸਿੰਘ 44
5. ਦਵੱਲੇ ਸੰਘਰਸ਼ ਦੀ ਪ੍ਰੇਰਣਾ ਦਾ ਸਰੋਤ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 49
6. ਮਾਰਗ ਚੋਣ 56
7. ਸਿਹਤ ਰੱਖਿਆ ਗਿਆਨ 62

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰ ਯੋਗ ਬੀਜੀ 9417214381
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਆਤਮ ਮਾਰਗ ਮਾਸਿਕ ਰੂਹਾਨੀ ਪਤ੍ਰਿਕਾ ਦੇ ਬਾਨੀ ਸੰਤ ਮਹਾਰਾਜ ਜੀ ਦਾ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ 17 ਜੂਨ ਨੂੰ ਸਰੀਰਕ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਉਤਸ਼ਾਹ ਧੂੰਮ-ਧਾਮ ਦੇ ਨਾਲ ਮਨਾਇਆ ਗਿਆ ਹੈ। ਇਸ ਦਿਨ ਸੰਗਤਾਂ ਨੇ ਸੰਤ ਮਹਾਰਾਜ ਜੀ ਦੇ ਪ੍ਰਉਪਕਾਰਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ ਦੇ ਉਪਰ ਚਲਣ ਦੀ ਪ੍ਰਤਿਗਿਆ ਕੀਤੀ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਤਨ ਮਨ ਧਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਲਾ ਦਿਤਾ ਹੈ। ਇਸ ਮਹਾਨ ਕਾਰਜਾਂ ਦੇ ਵਿੱਚ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਦਾ ਪੂਰਾ ਪੂਰਾ ਸਹਿਯੋਗ ਰਿਹਾ ਹੈ। ਦੂਰ ਦ੍ਰਿਸ਼ਟੀ ਦੇ ਮਾਲਿਕ ਮਹਾਂਪੁਰਸ਼ਾਂ ਨੇ ਪ੍ਰਉਪਕਾਰ ਦੇ ਕਾਰਜ ਨਿਰੰਤਰ ਜਾਰੀ ਰੱਖਣ ਵਾਸਤੇ ਚੈਰੀਟੇਬਲ ਟਰਸਟ ਬਣਾ ਕੇ ਪੂਰੀ ਰੂਪ ਰੇਖਾ ਤਿਆਰ ਕਰ ਦਿਤੀ ਸੀ। ਗੁਰਬਾਣੀ ਪ੍ਰਚਾਰ ਨਾਮ ਬਾਣੀ ਨਾਲ ਜੋੜਨ ਵਾਸਤੇ ਆਤਮ ਮਾਰਗ ਮਾਸਿਕ ਪਤ੍ਰਿਕਾ ਹਿੰਦੀ, ਅੰਗਰੇਜੀ ਪੰਜਾਬੀ ਵਿੱਚ ਰਤਵਾੜਾ ਸਾਹਿਬ ਤੋਂ ਪ੍ਰਕਾਸ਼ਿਤ ਹੋ ਕੇ ਸੰਸਾਰ ਦੇ ਕੋਨੇ ਕੋਨੇ ਵਿੱਚ ਰੂਹਾਨੀ ਸੰਦੇਸ਼ ਦੇ ਰਹੀ ਹੈ। ਪਿਛਲੇ ੧੫ ਸਾਲ ਆਤਮ ਮਾਰਗ ਦਾ ਸਮਾਂ ਬਹੁਤ ਹੀ ਸੁਨਹਿਰੀ ਸਮਾਂ ਰਿਹਾ ਹੈ। ਇਸ ਸਮੇਂ ਅੰਦਰ ਇਹ ਹਰ ਮਹੀਨੇ ਨਿਰੰਤਰ ਲਾਇਫ ਮੈਂਬਰ, ਸਲਾਨਾ ਮੈਂਬਰਾਂ ਤੋਂ ਇਲਾਵਾ ਹੋਰਨਾਂ ਤੱਕ ਵੀ ਰੂਹਾਨੀ ਮੰਜਲਾਂ ਦਾ ਤੈਅ ਕਰਨ ਦਾ ਰਸਤਾ ਦਰਸਾਉਂਦਾ ਰਿਹਾ ਹੈ। ਅਨੇਕਾਂ ਹੀ ਗੁਰਬਾਣੀ ਦੇ ਗੂਹੜ ਵਿਸ਼ਿਆਂ ਨੂੰ ਛੋਹਦੀਆਂ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਆਉਣ ਵਾਲੇ ਸਮੇਂ ਅੰਦਰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਪਵਿੱਤਰ ਵਾਤਾਵਰਣ ਅੰਦਰ ਯੂਨੀਵਰਸਿਟੀ ਬਣਨ ਜਾ ਰਹੀ ਹੈ। ਦਿਨ ਰਾਤ ਇਮਾਰਤ ਉਸਾਰੀ ਦਾ ਕੰਮ ਨਿਯਤ ਸਮੇਂ ਅੰਦਰ ਪੂਰਾ ਕਰਨ ਦਾ ਯਤਨ ਹੋ ਰਿਹਾ ਹੈ। ਅਜਾਈਬ ਘਰ ਦੀ ਕਾਰਸੇਵਾ ਵੀ ੩੧ ਅਕਤੂਬਰ ਤੱਕ ਸੰਪੂਰਨ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਮੇਂ ਸਮੇਂ ਸੰਗਤਾਂ ਦਾ ਇਸ ਪ੍ਰਉਪਕਾਰੀ ਮਿਸ਼ਨ ਨੂੰ ਪੂਰਾ ਕਰਨ ਦਾ ਨਿਰੰਤਰ ਸਹਿਯੋਗ ਰਤਵਾੜਾ ਸਾਹਿਬ ਟਰਸਟ ਨੂੰ ਪ੍ਰਾਪਤ ਹੋ ਰਿਹਾ ਹੈ। ਪ੍ਰਦੇਸ਼ਾਂ ਵਿੱਚ ਵਸਦੇ ਮਿਸ਼ਨ ਦੇ ਸਹਿਯੋਗੀ ਦਾਨੀ ਪ੍ਰੇਮੀਆਂ ਦੇ ਗਿਆਤ ਹਿੱਤ ਦਸਿਆ ਜਾਂਦਾ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਨਾਮ ਫੌਰਨ ਕਰੰਸੀ ਭੇਜਣ ਵਾਸਤੇ F.C.R.A. ਕੇਂਦਰ ਸਰਕਾਰ ਦੀ ਮੰਨਜ਼ੂਰੀ ਪ੍ਰਾਪਤ ਹੋ ਗਈ ਹੈ ।

ਹਰ ਪੂਰਨਮਾਸ਼ੀ ਰੈਣ ਸਬਾਈ ਦਾ ਅਲੌਕਿਕ ਸਮਾਗਮ ਗੁਰਦੁਆਰ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸੰਗਤਾਂ ਦੇ ਹਿਰਦਿਆਂ ਦੇ ਉਪੱਰ ਆਪਣੀ ਅਮਿੱਟ ਛਾਪ ਛਡਦਾ ਜਾ ਰਿਹਾ ਹੈ। ਦੇਸ਼ਾਂ ਵਿਦੇਸ਼ਾਂ ਦੀਆਂ ਹਜਾਰਾਂ ਸੰਗਤਾਂ ਪੂਰਨਮਾਸ਼ੀ ਦੀ ਰਾਤ ਰਤਵਾੜਾ ਸਾਹਿਬ ਸਮਾਗਮ ਵਿੱਚ ਹਾਜਰੀ ਭਰਦੀਆਂ ਹਨ। ਚੰਦਰਮਾਂ ਦੀਆਂ ਰਿਸ਼ਮਾਂ ਅੰਦਰ ਰੁਤ ਅਨੁਸਾਰ ਜੜੀਆਂ ਬੂਟੀਆਂ ਪਾ ਕੇ ਅਦਭੁੱਤ ਦਰਗਾਹੀ ਪ੍ਰਸ਼ਾਦ ਖੀਰ ਦਾ ਤਿਆਰ ਹੁੰਦਾ ਹੈ। ਯੋਗ ਅਭਿਆਸ ਦੇ ਨਾਲ ਨਿਰੋਗ ਕਾਇਆ ਗੁਰਮੰਤਰ ਚਕਿਤਸਾ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਪੂਰਨਮਾਸ਼ੀ ਦੀ ਰਾਤ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੀ ਹਜੂਰੀ ਵਿੱਚ ਜਾਗ ਕੇ ਜੋ ਅਨੰਦ ਸੰਗਤਾਂ ਨੂੰ ਪ੍ਰਾਪਤ ਹੁੰਦਾ ਹੈ, ਉਸ ਨੂੰ ਸ਼ਬਦਾਂ ਦੇ ਵਿੱਚ ਰੂਪਮਾਨ ਕਰਨਾਂ ਬਹੁਤ ਹੀ ਮੁਸ਼ਕਿਲ ਕੰਮ ਹੈ। ਇਸ ਲਈ ਪੂਰਨਮਾਸ਼ੀ ਦੇ ਸ਼ੁਭ ਅਵਸਰ ਦਾ ਲਾਹਾ ਪ੍ਰਾਪਤ ਕਰਨ ਵਾਸਤੇ ਜਰੂਰ ਹੀ ਗੁਰਦੁਆਰਾ ਰਤਵਾੜਾ ਸਾਹਿਬ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ। ਗੁਰਬਾਣੀ ਕੀਰਤਨ ਸਤਿਸੰਗ ਗੁਰਮੰਤਰ ਅਭਿਆਸ ਉਪਰੰਤ ਪ੍ਰਸ਼ਾਦ ਛਕਣ ਦੇ ਨਾਲ ਲਾਇਲਾਜ ਬਿਮਾਰੀਆਂ ਤੋਂ ਛੁਟਕਾਰਾ ਪ੍ਰਾਪਤ ਹੋ ਕੇ ਰੋਗ ਰਹਿਤ ਜੀਵਨ ਪ੍ਰਾਪਤ ਹੁੰਦਾ ਹੈ।

ਇਸ ਮਹੀਨੇ ਦੀ ਪਿਆਰੀ ਰੂਹਾਨੀ ਪਤ੍ਰਿਕਾ ਸਾਵਣ ਮਹੀਨੇ ਸੰਗਰਾਂਦ ਪ੍ਰਥਾਏ ਧੁਰ ਕੀ ਬਾਣੀ ਦੀ ਵਿਚਾਰ ਮਹਾਂਪੁਰਸ਼ਾਂ ਦੇ ਅਨੁਭਵ ਰਾਹੀਂ ਕੀਰਤਨ ਵਿਚਾਰ ਦੇ ਨਾਲ ਸ਼ੁਰੂਆਤ ਲੇਖ ਰਾਹੀਂ ਕੀਤੀ ਗਈ ਹੈ। ਗੁਰੂ ਨਾਨਕ ਪਾਤਿਸ਼ਾਹ ਦੀ ਹਰਿਦੁਆਰ ਫੇਰੀ ਪ੍ਰਥਾਇ ਵਹਿਮਾਂ ਭਰਮਾਂ ਵਿੱਚ ਫਸੀ ਲੁਕਾਈ ਨੂੰ ਰਸਤਾ ਦਰਸਾਉਂਦਾ ਬਹੁਤ ਹੀ ਅਨੁਭਵ ਭਰਪੂਰ ਲੇਖ ਹੈ। ਰਸਿਕ ਬੈਰਾਗੀ ਮਹਾਂਪੁਰਸ਼ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਇਤਿਹਾਸਕ ਲੇਖ ਸਿੱਖੀ ਮਾਰਗ ਦੇ ਤਪ ਤਤਿਖਸ਼ਾ ਵਾਲੇ ਕਠਨ ਘਾਲਣਾ ਵਿਚੋਂ ਅਤੇ ਬਿਖੜੇ ਪੈਂਡੇ ਨੂੰ ਤੈਅ ਕਰਨ ਦੀ ਜੁਗਤ ਦਰਸਾਉਣ ਵਾਲਾ ਲੜੀਵਾਰ ਲੇਖ ਛਪ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਦਾ ਦਵੱਲੇ ਸੰਘਰਸ਼ ਦੀ ਪ੍ਰੇਰਣਾ ਦਾ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਲੇਖ ਹੇਠ ਲਿਖਿਆ ਵਿਦਵਤਾ ਭਰਪੂਰ ਲੇਖ ਵੀ ਇਸ ਪਤ੍ਰਿਕਾ ਵਿੱਚ ਪਾਠਕਾਂ ਨੂੰ ਪੜ੍ਹਨ ਵਾਸਤੇ ਪ੍ਰਾਪਤ ਹੋ ਰਿਹਾ ਹੈ। ਇਸ ਰੂਹਾਨੀ ਮਿਸ਼ਨ ਦੇ ਬਾਨੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਸੰਸਾਰ-ਸੁ-ਪ੍ਰਸਿੱਧ ਮਹਾਨ ਕਰਮ ਯੋਗੀ ਡਾ. ਸਵਾਮੀ ਰਾਮ ਜੀ ਦਾ ਮਾਰਗ ਦਰਸ਼ਨ ਲੇਖ ਡਾ. ਬੀਬੀ ਤਜਿੰਦਰ ਕੌਰ ਜੀ ਵੱਲੋਂ ਹਰ ਮਹੀਨੇ ਅਨੁਵਾਦ ਕਰਕੇ ਛਪਦਾ ਆ ਰਿਹਾ ਹੈ। ਡਾ. ਸਵਾਮੀ ਰਾਮ ਨੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਪਵਿੱਤਰ ਹਸਤਕੰਵਲਾਂ ਰਾਹੀਂ ਜੌਲੀ ਗਰਾਂਟ ਦੇਹਰਾਦੂਨ ਵਿਖੇ ਮੈਡੀਕਲ ਕਾਲਜ ਦੀ ਸ਼ਿਲਾਨਿਆਸ ਕਰਵਾ ਕੇ ਪਿਆਰੇ ਮਹਾਂਪੁਰਸ਼ਾਂ ਦੇ ਪਿਆਰ ਨੂੰ ਅਮਰ ਕਰ ਦਿਤਾ ਹੈ। ਇਸੇ ਤਰ੍ਹਾਂ ਦੀ ਮਿਸਾਲ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਹੈ ਜਿਨ੍ਹਾਂ ਦੇ ਰਾਹੀਂ ਉਸ ਸਮੇਂ ਦੇ ਕੇਂਦਰੀ ਮੰਤਰੀ ਮਦਨ ਮੋਹਨ ਮਾਲਵੀਆ ਨੇ ਹਿੰਦੂ ਯੂਨੀਵਰਸਿਟੀ ਬਨਾਰਸ ਦੇ ਵਿੱਚ ਸੰਸਕ੍ਰਿਤ ਕਾਲਜ ਦਾ ਨੀਂਹ ਪੱਥਰ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਤੋਂ ਰਖਵਾਇਆ ਸੀ। ਸਿਹਤ ਗਿਆਨ ਸਿੱਧ ਪੁਰਸ਼ ਮੇਘ ਨਾਥ ਵੈਦ ਜੀ ਦਾ ਰੁੱਤ ਅਨੁਸਾਰ ਬਹੁਤ ਹੀ ਗਿਆਨ ਭਰਪੂਰ ਲੇਖ ਹੈ। ਜਿਸ ਨੂੰ ਪੜ੍ਹ ਕੇ ਲਿਖੇ ਪਥ ਪਰਹੇਜ ਨੂੰ ਆਪਣੇ ਜੀਵਨ ਵਿੱਚ ਕਮਾ ਕੇ ਰੋਗ ਰਹਿਤ ਨਿਰੋਗ ਜੀਵਨ ਅਪਣਾਇਆ ਜਾ ਸਕਦਾ ਹੈ।

# ਸਾਵਣਿ

*ਸੰਤ ਵਰਿਆਮ ਸਿੰਘ ਜੀ*
*ਬਾਨੀ. ਵਿ. ਗੁ. ਰੂਹਾਨੀ. ਮਿਸ਼ਨ।*

*ਸਾਵਣਿ ਸਰਸੀ ਕਾਮਣੀ*
*ਚਰਨ ਕਮਲ ਸਿਉ ਪਿਆਰੁ ॥*
*ਮਨੁ ਤਨੁ ਰਤਾ ਸਚ ਰੰਗਿ*
*ਇਕੋ ਨਾਮੁ ਅਧਾਰੁ ॥*
*ਬਿਖਿਆ ਰੰਗ ਕੂੜਾਵਿਆ*
*ਦਿਸਨਿ ਸਭੇ ਛਾਰੁ ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ*
*ਮਿਲਿ ਸਾਧੂ ਪੀਵਣਹਾਰੁ ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ*
*ਸੰਮ੍ਰਥ ਪੁਰਖ ਅਪਾਰੁ ॥*
*ਹਰਿ ਮਿਲਣੈ ਨੋ ਮਨੁ ਲੋਚਦਾ*
*ਕਰਮਿ ਮਿਲਾਵਣਹਾਰੁ ॥*
*ਜਿਨੀ ਸਖੀਏ ਪ੍ਰਭੁ ਪਾਇਆ*
*ਹੰਉ ਤਿਨ ਕੈ ਸਦ ਬਲਿਹਾਰ ॥*
*ਨਾਨਕ ਹਰਿ ਜੀ ਮਇਆ ਕਰਿ*
*ਸਬਦਿ ਸਵਾਰਣਹਾਰੁ ॥*
*ਸਾਵਣੁ ਤਿਨਾ ਸੁਹਾਗਣੀ*
*ਜਿਨ ਰਾਮ ਨਾਮੁ ਉਰਿ ਹਾਰੁ ॥*
*ਅੰਗ - 134*

ਸਾਵਣਿ ਦੀ ਸੰਗਰਾਂਦ ਮਨਾਉਣ ਵਾਸਤੇ ਗੁਰਦੁਆਰ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਪਹੁੰਚੇ ਹੋ। ਰਿਸ਼ੀ ਮੁਨੀ ਜਾਂ ਬ੍ਰਾਹਮਣਾਂ ਨੇ ਆਪਣੇ ਮੱਤ ਦੇ ਅਨੁਸਾਰ ਕੁਝ ਐਸੇ ਹਿਸਾਬ-ਕਿਤਾਬ ਕੱਢੇ ਹੋਏ ਨੇ ਕਿ ਆਹ ਦਿਨ ਬੜਾ ਪਵਿੱਤਰ ਹੈ, ਆਹ ਦਿਨ ਆਹ ਕੰਮ ਨਹੀਂ ਕਰਨਾ। ਭਾਵੇਂ ਗੁਰੂ ਮਹਾਰਾਜ ਜੀ ਨੇ ਮਨ੍ਹਾ ਕੀਤਾ ਹੋਇਆ ਹੈ ਕਿ ਥਿਤਾਂ ਵਾਰਾਂ ਦੀਆਂ ਵਿਚਾਰਾਂ ਨਾ ਕਰੋ, ਤੁਹਾਨੂੰ ਅਸੀਂ ਇੱਕ ਐਸੀ ਚੀਜ਼ ਸਮਝਾ ਦਿੱਤੀ ਹੈ ਕਿ ਕੋਈ ਵੀ ਬਿਘਨ ਨਹੀਂ ਲਗਦਾ, ਉਨ੍ਹਾਂ ਚੀਜ਼ਾਂ ਦਾ ਜ਼ੋਰ ਨਹੀਂ ਚਲਦਾ। ਕਿਸੇ ਚੀਜ਼ ਦਾ ਉਸ ਉਪਰ ਜ਼ੋਰ ਨਹੀਂ ਚਲਦਾ, ਉਹ ਹੈ ਹਰੀ ਦਾ ਜਸ। ਪ੍ਰਮੇਸ਼ਰ ਦੀ ਭਗਤੀ, ਵਾਹਿਗੁਰੂ ਦਾ ਨਾਮ। ਸੋ ਸਾਵਣਿ ਦਾ ਜੋ ਮਹੀਨਾ ਹੈ ਮੌਸਮ ਬਦਲਿਆ ਹੋਇਆ ਹੁੰਦਾ ਹੈ, ਹਾੜ੍ਹ ਦੀਆਂ ਤਪਸ਼ਾਂ ਲੰਘ ਚੁੱਕੀਆਂ ਹੁੰਦੀਆਂ ਨੇ। ਬੱਦਲ ਅਸਮਾਨਾਂ ਦੇ ਵਿੱਚ ਘੁੰਮਦੇ ਨੇ, ਜੀਅ ਲਗਦਾ ਹੈ, ਪਸ਼ੂਆਂ ਦਾ ਵੀ ਜੀਅ ਲਗਦਾ ਹੈ, ਪੰਛੀਆਂ ਦਾ ਵੀ ਜੀਅ ਲਗਦਾ ਹੈ। ਕੁਛ ਐਸਾ ਮਹੀਨਾ ਹੈ ਇਹ ਜ਼ਿੰਦਗੀ ਦੇ ਅੰਦਰ, ਭਾਦੋਂ ਦਾ ਮਹੀਨਾ ਹੈ ਉਹ ਹੁਸੜ ਦਾ ਮਹੀਨਾ ਹੋਇਆ ਕਰਦਾ ਹੈ, ਜੀਅ ਨਹੀਂ ਲਗਦਾ, ਜੀਅ ਘਬਰਾਉਂਦਾ ਹੈ, ਵੱਟ ਜਿਹੜੇ ਪੈਂਦੇ ਨੇ ਉਨ੍ਹਾਂ ਨਾਲ ਦੁਖੀ ਹੁੰਦਾ ਹੈ ਆਦਮੀ। ਪਸ਼ੂ-ਪੰਛੀ ਦੁਖੀ ਹੁੰਦੇ ਨੇ। ਸਾਵਣਿ ਦਾ ਮਹੀਨਾ ਰੌਣਕਾਂ ਦਾ, ਹਰਿਆਲੀ ਦਾ ਮਹੀਨਾ ਹੁੰਦਾ ਹੈ, ਇਸ ਮਹੀਨੇ ਦੇ ਅੰਦਰ ਪਰਿਵਰਤਨ ਇਹ ਹੁੰਦਾ ਹੈ ਕਿ ਸਾਡਾ ਅੰਦਰ ਜੋ ਖੁਸ਼ਕ ਹੋਇਆ ਪਿਆ ਹੁੰਦਾ ਹੈ ਉਹਦੇ ਵਿੱਚ ਕੁਛ ਜ਼ਿੰਦਗੀ ਰੁਮਕਣ ਲਗ ਜਾਂਦੀ ਹੈ। ਜਿਸ ਤਰ੍ਹਾਂ ਦੇ ਨਾਲ ਬਸੰਤ ਦੇ ਮਹੀਨੇ ਦੇ ਵਿੱਚ ਰਸ ਭਰਦਾ ਹੈ, ਇਸ ਤਰ੍ਹਾਂ ਇਕ ਵਾਰੀ ਆਦਮੀ ਦੀ ਜ਼ਿੰਦਗੀ ਦੇ ਅੰਦਰ ਸਾਵਣਿ ਦੇ ਮਹੀਨੇ ਵਿਚ ਰਸ ਭਰ ਜਾਂਦਾ ਹੈ। ਇਸ ਦਾ ਜੀਅ ਮਿਲਾਪ ਵਿੱਚ ਪੈਂਦਾ ਹੈ, ਬਹੁਤ ਸਾਰੇ ਤਿਉਹਾਰ ਨੇ ਸਾਡੇ ਦੇਸ਼ ਦੇ ਅੰਦਰ, ਬੀਬੀਆਂ ਦਾ ਤਿਉਹਾਰ ਹੈ ਜਿਸਨੂੰ ਤੀਆਂ ਆਖਦੇ ਨੇ। ਸੋ ਐਸੀਆਂ ਮਾਨਸਿਕ ਤੌਰ ਦੇ ਉਤੇ ਸਬੰਧ ਰੱਖਣ ਵਾਲੀਆਂ ਚੀਜ਼ਾਂ ਸਿਆਣਿਆਂ ਨੇ ਬਣਾਈਆਂ ਸੀ। ਗੁਰੂ ਮਹਾਰਾਜ ਜੀ ਨੇ ਹਰੀ ਦੇ ਜਸ ਦਾ ਉਪਦੇਸ਼ ਦੇ ਕੇ ਉਸ ਤੋਂ ਵੀ ਉਤਮ ਬਣਾ ਦਿੱਤਾ ਚਾਹੇ ਹਾੜ੍ਹ ਹੋਵੇ, ਚਾਹੇ ਸਾਉਣ ਹੋਵੇ। ਹਾੜ੍ਹ ਵਿੱਚ ਕਿਹਾ ਹੈ ਮਹਾਰਾਜ ਜੀ ਨੇ ਕਿ ਨਹੀਂ ਲਗਦੀ ਤਪਸ਼ ਜੇ ਮਨ ਦੇ ਅੰਦਰ ਪ੍ਰਮੇਸ਼ਰ ਦਾ ਪਿਆਰ ਹੈ। ਇਸ ਮਹੀਨੇ ਦੇ ਅੰਦਰ ਵੀ ਆਪ ਨੇ ਫੁਰਮਾਨ ਕਰ ਦਿੱਤਾ ਕਿ ਜਿਨ੍ਹਾਂ ਦੇ ਅੰਦਰ ਪ੍ਰਮੇਸ਼ਰ ਦਾ ਨਾਮ ਵਾਹਿਗੁਰੁ-ਵਾਹਿਗੁਰੂ ਹਰ ਵਕਤ ਚਲਦਾ ਹੈ, ਹਾਰ ਪਾ ਲਿਆ ਨਾਮ ਦਾ ਉਹਨੂੰ ਨੂੰ ਅਤਿ ਸੁਹਾਵਣਾ ਲਗਦਾ ਹੈ, ਵਾਤਾਵਰਣ ਵੀ ਸੁਹਾਵਣਾ ਹੈ, ਇਹਦੇ ਵਿੱਚ ਮਿਲਾਪ ਦੀਆਂ ਗੱਲਾਂ ਹੁੰਦੀਆਂ ਨੇ, ਜੀਵ ਆਤਮਾ ਜਗਿਆਸੂਆਂ ਦੀ ਪ੍ਰਮੇਸ਼ਰ ਦੇ ਮਿਲਾਪ ਦੇ ਵਾਸਤੇ ਤੜਫਦੀ ਹੈ। ਭਗਤ ਦੀ ਆਤਮਾ ਆਪਣੇ ਗੁਰੂ ਦੇ ਮਿਲਾਪ ਵਾਸਤੇ ਤੜਫਦੀ ਹੈ, ਇਸ ਤਰ੍ਹਾਂ ਦੇ ਨਾਲ ਇਸ ਮਹੀਨੇ ਦੇ ਅੰਦਰ ਖਿੱਚ ਹੋਇਆ ਕਰਦੀ ਹੈ। ਅੰਦਰੋਂ ਕੋਈ ਚੀਜ਼ ਪੈਦਾ ਹੋ ਜਾਂਦੀ ਹੈ ਕਿ ਜ਼ਿੰਦਗੀ ਰੁਮਕਣ ਲਗ ਜਾਂਦੀ ਹੈ, ਕਿਉਂਕਿ ਦੋ ਤਰ੍ਹਾਂ ਦਾ ਹੈ ਸਾਡਾ ਜ਼ਿੰਦਗੀ ਦੇ ਵਿੱਚ ਹਿਸਾਬ-ਕਿਤਾਬ, ਇੱਕ ਬਿਲਕੁਲ ਖੁਸ਼ਕ, ਭਾਵੇਂ ਸੁੰਦਰਤਾ ਕਿੰਨੀ ਹੋਵੇ, ਪੈਸਾ ਕਿੰਨਾ ਹੋਵੇ, ਅਕਲ ਕਿੰਨੀ ਹੋਵੇ, ਮਹਾਰਾਜ ਕਹਿੰਦੇ ਜੇ ਇਹਦੇ ਅੰਦਰ ਪਿਆਰ ਦੀ ਰੌ ਨਹੀਂ ਨਾ ਰੁਮਕੀ, ਖੇੜਾ ਨਹੀਂ ਆਇਆ, ਹਿਰਦਾ ਕਮਲ ਇਹਦਾ ਖਿੜਿਆ ਨਹੀਂ ਹੈ, ਮੱਥੇ ਦੀਆਂ ਘੁੱਟੀਆਂ ਇਹਦੀਆਂ ਹਟੀਆਂ ਨਹੀਂ ਹਨ। ਉਹ ਸਮਝ ਲਓ ਕਿ ਇਹ ਜੀਉਂਦਾ ਨਹੀਂ ਹੈ।

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩*

ਜਿਹਦੇ ਮਨ ਵਿੱਚ ਖਿੱਚ ਪੈਦਾ ਨਹੀਂ ਹੋਈ, ਵੈਰਾਗ ਪੈਦਾ ਨਹੀਂ ਹੋਇਆ, ਉਹ ਬੰਦਾ ਕਹਿੰਦੇ ਜ਼ਿੰਦਗੀ ਵਿੱਚ ਹੰਭ ਗਿਆ, ਹਾਰ ਗਿਆ, ਉਹਦੀ ਜ਼ਿੰਦਗੀ ਦੀ ਤੁਲਨਾ ਮਸਾਣ ਦੀ ਭੂਮੀ ਨਾਲ ਹੈ, ਮਸਾਣ ਦੀ ਭੂਮੀ ਜਿੱਥੇ ਮੁਰਦੇ ਜਾਲੇ ਜਾਂਦੇ ਨੇ, ਉਥੇ ਘਾਹ ਨਹੀਂ ਹੋਇਆ ਕਰਦਾ, ਬਹੁਤ-ਬਹੁਤ ਦੇਰ ਤੱਕ ਘਾਹ ਨਹੀਂ ਉੱਗਦਾ, ਜ਼ਮੀਨ ਜਲ ਜਾਂਦੀ ਹੈ, ਅੰਸ ਜਲ ਜਾਂਦੇ ਨੇ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*

*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ - ੧੩੭੯*

ਸੋ ਇਸ ਵਾਸਤੇ ਮਹਾਂਪੁਰਸ਼ਾਂ ਨੇ ਪ੍ਰਮੇਸ਼ਰ ਦੀ ਯਾਦ ਵਿੱਚ ਆ ਕੇ ਇਸ ਤਰ੍ਹਾਂ ਦੀ ਬੇਨਤੀਆਂ ਕੀਤੀਆਂ, ਪੜ੍ਹੋ ਪਿਆਰ ਨਾਲ-

*ਧਾਰਨਾ - ਸਗਲ ਭਵਨ ਕੇ ਨਾਇਕਾ,*
*ਮੈਨੂੰ ਇੱਕ ਛਿਨ ਦਰਸ ਦਿਖਾ ਜਾ।*
*ਕੂਪੁ ਭਰਿਓ ਜੈਸੇ ਦਾਦਿਰਾ*
*ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ*
*ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥ ੧ ॥*
*ਸਗਲ ਭਵਨ ਕੇ ਨਾਇਕਾ*
*ਇਕੁ ਛਿਨੁ ਦਰਸੁ ਦਿਖਾਇ ਜੀ ॥ ਅੰਗ - ੩੪੬*
*ਸਗਲ ਭਵਨ ਕੇ ਨਾਇਕਾ*
*ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥*
*ਮਲਿਨ ਭਈ ਮਤਿ ਮਾਧਵਾ*
*ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ*
*ਮੈ ਸੁਮਤਿ ਦੇਹੁ ਸਮਝਾਇ ॥ ੨ ॥*
*ਜੋਗੀਸਰ ਪਾਵਹਿ ਨਹੀ*
*ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥*
*ਅੰਗ - ੩੪੬*

ਦਰਸ਼ਨ ਦੀ ਤੜਪ ਜਿਸਦੇ ਮਨ ਦੇ ਅੰਦਰ ਨਾ ਹੋਵੇ, ਮਹਾਰਾਜ ਕਹਿੰਦੇ ਉਹ ਮੁਰਦਾ ਹੋਇਆ ਕਰਦਾ ਹੈ, ਉਸਦਾ ਹਿਰਦਾ ਜਿਹੜਾ ਹੈ ਉਹ ਮਸਾਣਾਂ ਦੀ ਭੂਮੀ ਵਰਗਾ ਹੋ ਜਾਇਆ ਕਰਦਾ ਹੈ। ਗੁਰੂ ਘਰ ਦੇ ਅੰਦਰ ਇਕੱਲਾ ਗਿਆਨ ਨਹੀਂ ਪੁਚਾਇਆ ਕਰਦਾ, ਆਤਮ-ਮਾਰਗ ਮੈਗਜ਼ੀਨ ਵਿੱਚ ਮੈਂ ਲੇਖ ਲਿਖਿਆ ਸੀ ਮਹਾਤਮਾ ਬੁੱਧ ਦਾ, ਬਹੁਤ ਵੱਡੀ ਅਵਸਥਾ ਤੱਕ ਪਹੁੰਚ ਚੁੱਕੇ ਸੀ ਮਹਾਂਪੁਰਸ਼, ਨਿਰਵਾਣ ਪਦ ਦੀ ਪ੍ਰਾਪਤੀ ਕਰ ਲਈ ਸੀ, ਅਰ ਗੁਰੂ ਘਰ ਦੇ ਅੰਦਰ ਮੁਕਤ ਤੋਂ ਉਪਰ ਵੀ ਅਵਸਥਾ ਹੈ ਜਿਸ ਦੀ ਲੋਚਾ ਭਗਤ ਦੇ ਮਨ ਵਿੱਚ ਹੋਇਆ ਕਰਦੀ ਹੈ -

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - ੫੩੪*

ਪਿਆਰ ਵੱਡੀ ਚੀਜ਼ ਹੈ, ਜੇ ਪਿਆਰ ਨਹੀਂ ਹੈ ਜਪਾਂ-ਤਪਾਂ ਨੂੰ ਫਲ ਬੜਾ ਮੁਸ਼ਕਲ ਲਗਦਾ ਹੈ। ਪਿਆਰ ਜ਼ਰੂਰੀ ਚੀਜ਼ ਹੈ, ਕਿਉਂਕਿ ਵਾਹਿਗੁਰੂ ਦਾ ਜੋ ਸਾਡੇ ਨਾਲ ਵਾਹ ਪੈਣ ਵਾਲਾ ਸੁਭਾਅ ਹੈ, ਉਹ ਪਿਆਰ ਦਾ ਹੈ -

*ਗੋਬਿੰਦ ਭਾਉ ਭਗਤ ਦਾ ਭੁੱਖਾ।*

ਜੇ ਆਦਮੀ ਦੇ ਅੰਦਰ ਪਿਆਰ ਨਹੀਂ ਹੈ ਮਹਾਰਾਜ ਕਹਿੰਦੇ ਉਹ ਮੁਰਦਾ ਹੈ, ਚਾਹੇ ਉਹਦੇ ਵਿੱਚ ਚੀਜ਼ਾਂ ਹੋਣ, ਆਖਰੀ ਦਰਜੇ ਦਾ ਸੁੰਦਰ ਹੋਵੇ, ਅਤਿ ਦੀ ਉੱਚੀ ਕੁਲ ਦਾ ਮਾਲਕ ਹੋਵੇ, ਚਤੁਰ ਹੋਵੇ, ਮੂੰਹ ਦਾ ਗਿਆਨੀ ਹੋਵੇ, ਸਭ ਤੋਂ ਵੱਧ ਧਨੀ ਹੋਵੇ, ਜੇ ਉਹਦਾ ਅੰਦਰ ਪ੍ਰਮੇਸ਼ਰ ਦੇ ਪਿਆਰ ਤੋਂ ਖਾਲੀ ਹੈ, ਮਹਾਰਾਜ ਕਹਿੰਦੇ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩*

ਗੁਰੂ ਅਮਰਦਾਸ ਮਹਾਰਾਜ ਜੀ ਅੱਜ ਸਮਾਧੀ ਤੋਂ ਉਥਾਨ ਹੋਏ, ਤਾਂ ਉਸ ਵੇਲੇ ਬੀਬੀ ਭਾਨੀ ਜੀ ਜੋ ਗੁਰੂ ਮਹਾਰਾਜ ਦੀ ਸੇਵਾ ਵਿੱਚ ਸਦਾ ਹੀ ਤਤਪਰ ਰਿਹਾ ਕਰਦੇ ਸਨ, ਆਪ ਨੂੰ ਬੁਲਾ ਕੇ ਕਹਿਣ ਲੱਗੇ, ਬੇਟਾ! ਤੇਰੇ ਨਾਲ ਇੱਕ ਗੱਲ ਕਰਨੀ ਹੈ। ਹੱਥ ਜੋੜੇ ਕਿਉਂਕਿ ਮਹਾਂਪੁਰਸ਼ਾਂ ਦੀ ਅਵਾਜ਼, ਗੁਰੂਆਂ, ਪੀਰਾਂ, ਪੈਗੰਬਰਾਂ ਦੀ ਅਵਾਜ਼ ਇਹ ਬੜੇ ਨਾਜ਼ੁਕ ਦੌਰ 'ਚੋਂ ਲੰਘਿਆ ਕਰਦੀ ਹੈ। ਜੇ ਤਾਂ ਇਹ ਆਪਣੇ ਪਿਤਾ ਨੂੰ ਕੇਵਲ ਪਿਤਾ ਸਮਝਦੇ ਨੇ, ਤਾਂ ਤਾਂ ਇਨ੍ਹਾਂ ਦੇ ਹੱਥ ਵਿੱਚ ਕੁਛ ਵੀ ਨਹੀਂ ਆਇਆ ਕਰਦਾ। ਹੋਰ ਲੈ ਜਾਂਦੇ ਨੇ। ਜੇ ਆਪਣੇ ਪਿਤਾ ਨੂੰ ਇਹ ਪਿਤਾ ਵੀ ਸਮਝੇ ਤੇ ਗੁਰੂ ਵੀ ਸਮਝਦਾ ਹੈ ਤਾਂ ਨਿਸ਼ਚਾ ਪ੍ਰਮੇਸ਼ਰ ਵਰਗਾ ਹਿਰਦੇ ਵਿਚ ਹੈ ਤਾਂ ਇਨ੍ਹਾਂ ਨੂੰ ਵੱਡੀਆਂ ਤੋਂ ਵੱਡੀਆਂ ਦੌਲਤਾਂ ਮਿਲ ਜਾਇਆ ਕਰਦੀਆ ਨੇ। ਦੁਨੀਆਂ ਭਰ ਦਾ ਇਤਿਹਾਸ ਪੜ੍ਹ ਕੇ ਦੇਖ ਲਓ, ਦੋਵੇਂ ਰਿਸ਼ਤੇ ਨੇ, ਬੱਚਿਆਂ ਦਾ ਇੱਕ ਰਿਸ਼ਤਾ ਹੋਇਆ ਕਰਦਾ ਹੈ ਪਿਤਾ ਦਾ ਤੇ ਦੂਸਰਾ ਜਿਹੜਾ ਸੁਪਰੀਮ ਹੋਇਆ ਕਰਦਾ ਹੈ ਕਿ ਇਹ ਮੇਰਾ ਪਿਤਾ ਵੀ ਹੈ, ਮੇਰਾ ਇਹ ਗੁਰੂ ਵੀ ਹੈ, ਤੇ ਇਹਦਾ ਤੇ ਰੱਬ ਦਾ ਕੋਈ ਫਰਕ ਨਹੀਂ ਹੈ। ਕਿਉਂਕਿ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਰਾਮ ਤੇ ਸਤਿਗੁਰ ਦਾ*
*ਭੇਦ ਨਾ ਕੋਈ ਹੁੰਦਾ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਦੇਖਣ ਨੂੰ ਗੁਰੂ ਲਗਦਾ ਹੈ ਲੇਕਿਨ ਹੁੰਦਾ ਪ੍ਰਮੇਸ਼ਰ ਹੈ -

*ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ*
*ਜੋ ਅੰਮ੍ਰਿਤ ਬਚਨ ਸੁਣਾਵੈ ॥ ਅੰਗ - ੧੨੬੪*
*ਨਾਨਕ ਸੋਧੇ ਸਿੰਮ੍ਰਿਤਿ ਬੇਦ ॥*
*ਪਾਰਬ੍ਰਹਮ ਗੁਰ ਨਾਹੀ ਭੇਦ ॥ ਅੰਗ - ੧੧੪੨*

ਗੁਰੂ ਜੋ ਹੁੰਦਾ ਹੈ ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹੋਇਆ ਕਰਦਾ ਹੈ, ਜਿਹੜਾ ਇਸ ਤੋਂ ਘੱਟ ਸ਼ਰਧਾ ਵਿੱਚ ਹੈ, ਉਹਦਾ ਕੁਛ ਨਹੀਂ ਬਣਿਆ ਕਰਦਾ। ਉਹ ਰੂਹਾਨੀ ਮਾਰਗ 'ਤੇ ਨਹੀਂ ਚੱਲ ਸਕਿਆ ਕਰਦਾ। ਉਥੇ ਨਹੀਂ ਪਹੁੰਚਦਾ, ਜਿੱਥੇ ਪਹੁੰਚਣਾ ਚਾਹੀਦਾ

ਹੈ, ਕਿਉਂਕਿ ਸ਼ਰਧਾ ਦੀ ਬੜੀ ਜ਼ਬਰਦਸਤ ਘਾਟ ਹੈ। ਸੋ ਇਸ ਤਰ੍ਹਾਂ ਦੇ ਨਾਲ ਜਗਿਆਸੂਆਂ ਨੂੰ ਵੀ ਤੇ ਬੱਚਿਆਂ ਨੂੰ ਵੀ ਖਾਸ ਕਰਕੇ, ਜਗਿਆਸੂ ਤਾਂ ਆਇਆ ਹੀ ਏਸ ਕਰਕੇ ਹੈ, ਪ੍ਰਮੇਸ਼ਰ ਸਮਝ ਕੇ। ਗੁਰੂ ਨੂੰ ਆਪਣਾ ਸਾਰਾ ਕੁਛ ਦੇ ਦਿੱਤਾ ਉਸਨੇ, ਜਦ surrender (ਸਮਰਪਣ) ਕਰਿਆ, ਮੱਥਾ ਟੇਕਿਆ ਸਭ ਕੁਛ ਦੇ ਦਿੱਤਾ। ਕਬੂਲ ਕਰ ਲਿਆ ਓਸਨੇ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - ੧੧੦੨***

ਬੱਚਿਆਂ ਵਾਸਤੇ ਮੁਸ਼ਕਲ ਇਹ ਹੁੰਦੀ ਹੈ ਕਿ ਉਹ ਆਪਣਾ ਪਿਤਾ ਸਮਝਦੇ ਨੇ। ਉਸੇ ਤਰ੍ਹਾਂ ਨਾਲ ਵਰਤਦੇ ਨੇ, ਉਸੇ ਤਰ੍ਹਾਂ ਦੇ ਨਾਲ ਸ਼ਰਧਾ ਤੋਂ ਹੀਣੇ ਹੁੰਦੇ ਨੇ। ਕੋਈ ਪਤਾ ਨਹੀਂ ਹੁੰਦਾ ਜਵਾਬ ਦਿੰਦੇ ਨੇ, ਨਤੀਜਾ ਕੀ ਹੁੰਦਾ ਹੈ ਉਹਦੇ ਵਿੱਚ ਉਨ੍ਹਾਂ ਦਾ ਪਿਤਾ ਹੁੰਦਾ ਨਹੀਂ, ਸਰੀਰ 'ਚ, ਭੁਲੇਖਾ ਉਨ੍ਹਾਂ ਦੇ ਮਨ ਵਿਚੋਂ ਦੂਰ ਨਹੀਂ ਹੁੰਦਾ ਇਸ ਕਰਕੇ ਉਹ ਰਿਸ਼ਤਾ ਜਿਹੜਾ ਹੈ ਉਹਨੂੰ ਸਮਝ ਨਹੀਂ ਸਕਦੇ। ਬੜੀ ਮੁਸ਼ਕਲ ਹੈ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਜੈਲਦਾਰ ਸੀ ਉਹ। ਲੜਕਾ ਜੈਲਦਾਰੀ ਕਰਦਾ ਸੀ, ਸਫੈਦਪੋਸ਼ੀ ਜਿਹਨੂੰ ਕਹਿੰਦੇ ਨੇ। ਜੈਲਦਾਰ ਸੀ ਇਲਾਕੇ ਦਾ। ਬਲਦ ਲੈ ਕੇ ਆਇਆ, ਖਿਆਲ ਆਇਆ ਕਿ ਮੈਂ ਪਿਤਾ ਜੀ ਨੂੰ ਦਿਖਾਵਾਂ, ਮੈਂ ਨਾਰਨੌਲ ਵਲੋਂ ਵਧੀਆ ਬਲਦ ਲੈ ਕੇ ਆਇਆ ਹਾਂ। ਉਨ੍ਹਾਂ ਦਿਨਾਂ 'ਚ ਪੈਦਲ ਆਉਂਦੇ ਹੁੰਦੇ ਸੀ। ਪੰਦਰਾਂ ਵੀਹ ਮੀਲ ਦਾ ਸਫਰ ਕਰਨਾ, ਫੇਰ ਆ ਕੇ ਟਿਕਣਾ, ਬਲਦਾਂ ਨੂੰ ਦਮ ਦਿਵਾਉਣਾ, ਦਾਣਾ ਵਗੈਰਾ ਪਾਉਣਾ ਏਸ ਖਿਆਲ ਦੇ ਨਾਲ ਕਿ ਕਿਤੇ ਚਲਦੇ-ਚਲਦੇ ਮਾੜੇ ਨਾ ਹੋਣ ਜਾਣ। ਪਿੰਡ ਦੇ ਲੋਕ ਜਦ ਦੇਖਣਗੇ, ਉਹ ਕਹਿਣਗੇ ਮਾੜੇ ਲੈ ਆਂਧੇ। ਵਧੀਆ ਹੋਣ। ਬੜੇ ਉੱਚੇ ਬੈਲ ਲਿਆਂਦੇ। ਮਾਤਾ ਨੂੰ ਕਹਿਣ ਲੱਗੇ, ਮਾਤਾ! ਜੇ ਤੂੰ ਮੈਨੂੰ ਆਗਿਆ ਦੇਵੇ ਤਾਂ ਮੈਂ ਆਹ ਬੈਲ ਰੇਰੂ ਸਾਹਿਬ ਲੈ ਜਾਵਾਂ ਤੇ ਆਪਣੇ ਪਿਤਾ ਜੀ ਨੂੰ ਦਿਖਾ ਆਵਾਂ, ਕਿ ਕੀ ਸੋਹਣੇ ਬੈਲ ਨੇ। ਕਹਿੰਦੀ ਬੇਟਾ! ਇੱਕ ਗੱਲ ਜੇ ਮੰਨ ਲਵੇਂ ਤਾਂ ਜਾਈਂ, ਤੇਰਾ ਪਿਤਾ ਜਿਹੜਾ ਹੈ ਉਹ ਉਹੋ ਜਿਹਾ ਨਹੀਂ ਹੈ ਜਿਹੜਾ ਪਹਿਲਾਂ ਹੁੰਦਾ ਸੀ। ਜਦੋਂ ਫੌਜ 'ਚੋਂ ਛੁੱਟੀ ਆਉਂਦੇ ਸੀ ਘਰ ਰਹਿੰਦੇ ਸੀ ਉਹ ਹੁਣ ਨਹੀਂ ਹਨ, ਉਹਦੇ ਵਿੱਚ ਤਾਂ ਪ੍ਰਮੇਸ਼ਰ ਸਾਖਸ਼ਾਤਕਾਰ ਹੋਇਆ ਹੋਇਆ ਹੈ। ਉਹ ਹੁਣ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੈ। ਦੇਖੀਂ ਕੋਈ ਬੇਅਦਬੀ ਦਾ ਵਾਕ ਨਾ ਕਰ ਦੇਵੀਂ। ਬੇਅਦਬੀ ਦਾ ਵਾਕ ਕਰਿਆ ਤਾਂ ਉਨ੍ਹਾਂ ਦਾ ਬਚਨ ਕੋਈ ਨਾ ਕੋਈ ਨਿਕਲ ਜਾਣਾ ਹੈ। ਫੇਰ ਭੁਗਤਣਾ ਔਖਾ ਹੋ ਜਾਣਾ ਹੈ, ਜੇ ਤਾਂ ਤੇਰੇ ਮਨ ਵਿੱਚ ਇਹ ਸ਼ਰਧਾ ਹੈ, ਬਈ ਉਹ ਪੂਰਨ ਮਹਾਂਪੁਰਸ਼ ਪ੍ਰਮੇਸ਼ਰ ਦਾ ਰੂਪ ਨੇ ਤਾਂ ਤਾਂ ਜਾਈਂ, ਕਹਿੰਦੀ ਮੈਂ ਹੁਣ ਜਾਂਦੀ ਹਾਂ। ਪੂਰਨਮਾਸ਼ੀ 'ਤੇ ਜਾਂਦੀ ਹਾਂ, ਹੋਰ ਦੀਵਾਨਾਂ 'ਤੇ ਜਾਂਦੀ ਹਾਂ। ਮੈਂ ਨਹੀਂ ਕਦੇ ਵੀ ਇਸ ਤਰ੍ਹਾਂ ਮਿਲੀ ਕਿ ਮੈਂ ਉਨ੍ਹਾਂ ਦੀ ਪਤਨੀ ਹਾਂ ਜਿਵੇਂ ਸੰਗਤ ਹੈ ਵਿੱਚ ਮੈਂ ਬੈਠੀ ਹੁੰਦੀ ਹਾਂ। ਬੁਲਾਇਆ ਵੀ ਉਨ੍ਹਾਂ ਨੇ ਕਦੇ ਨਹੀਂ ਹੈ ਮੈਨੂੰ। ਦਰਸ਼ਨ ਕਰਕੇ ਮੈਂ ਖੁਸ਼ ਰਹਿੰਦੀ ਹਾਂ ਕਹਿੰਦਾ ਲੈ ਮਾਂ, ਤੁਸੀਂ ਤਾਂ ਵਹਿਮੀ ਲੋਕ ਹੋਂ ਐਵੇਂ, ਗੱਲ ਕੀ ਹੈ, ਉਹ ਤਾਂ ਉਹੀ ਪਿਤਾ ਹੈ ਉਹਦੇ 'ਚ ਕੀ ਬਦਲ ਗਿਆ। ਪਹਿਲਾਂ ਘਰ 'ਚ ਹੁੰਦੇ, ਹੁਣ ਗੁਰਦੁਆਰੇ ਸੇਵਾ ਕਰਨ ਲੱਗ ਗਏ। ਕਹਿੰਦੀ, ਬੇਟਾ! ਨਾ ਜਾਹ ਫੇਰ ਤੂੰ। ਕਹਿੰਦਾ ਮੈਂ ਦਿਖਾ ਕੇ ਆਉਣੇ ਨੇ ਬੈਲ ਕਿ ਮੈਂ ਵੀ ਕੰਮ ਕਰਦਾ ਹਾਂ। ਉਥੇ ਚਲਿਆ ਗਿਆ ਬੈਲ ਲੈ ਕੇ, ਮਹਾਂਪੁਰਸ਼ਾਂ ਨੂੰ ਬੜੇ ਪਸੰਦ ਆਏ ਥਾਪੀ ਦੇਣ ਲਗ ਗਏ, ਪਿੱਠ 'ਤੇ ਹੱਥ ਫੇਰਨ ਲੱਗ ਗਏ ਕਹਿੰਦੇ ਬਹੁਤ ਸੋਹਣੇ ਬੈਲ ਲੈ ਕੇ ਆਇਆ ਹੈਂ। ਨਾਉਂ ਲੈ ਕੇ ਕਹਿਣ ਲੱਗੇ ਕਾਕਾ! ਚਕੌਤੇ ਦਾ ਪੈਸਾ ਨਾ ਖਾਇਆ ਕਰ ਉਹ ਗਰੀਬਾਂ ਦੇ ਕੰਮ ਕਰਨ ਵਾਸਤੇ ਹੋਇਆ ਕਰਦਾ ਹੈ। ਇਹ ਤੂੰ ਆਪ ਹੀ ਖਾ ਜਾਂਦਾ ਹੈਂ। ਕਹਿੰਦਾ ਪਿਤਾ ਜੀ ਤੁਹਾਨੂੰ ਕੀ ਪਤਾ ਹੈ, ਮੇਰੇ ਕੋਲ ਅਫਸਰਾਂ ਨੇ ਵੀ ਆਉਣਾ ਹੈ, ਮੈਂ ਘਰ 'ਚੋਂ ਥੋੜ੍ਹਾ ਖਿਲਾਉਣਾ ਹੈ, ਮੈਂ ਉਸ ਫੰਡ 'ਚੋਂ ਹੀ ਖਲਾਉਣਾ ਹੈ। ਨਿਗ੍ਹਾ ਸਾਮ੍ਹਣੇ ਕਰੀ, ਭਾਂਪ ਲਿਆ ਸਾਰਾ ਕੁਛ, ਕਹਿਣ ਲੱਗੇ -

***ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥***
***ਅੰਗ - ੪੭੨***

ਜਾਹ ਲੈ ਜਾ ਬਲਦ ਆਪਣੇ, ਵਾਪਸ ਆ ਗਿਆ। ਉਦਾਸ ਹੋਇਆ, ਮਾਂ ਨੇ ਕਿਹਾ ਕਿ ਕੀ ਗੱਲ ਖਿੜਿਆ ਨਹੀਂ? ਮੈਂ ਤਾਂ ਸਹੀ ਗੱਲ ਕਰੀ ਸੀ। ਉਨ੍ਹਾਂ ਨੂੰ ਚੰਗੀ ਨਾ ਲੱਗੀ, ਆਹ ਇੱਕ ਤੁਕ ਪੜ੍ਹ ਦਿਤੀ। ਤੀਸਰੇ ਦਿਨ ਲੁਧਿਆਣੇ ਨੂੰ ਜਾ ਰਹੇ ਨੇ, ਪੈਰ ਖਿਸਕ ਗਿਆ ਟਰੇਨ ਚੜ੍ਹਦੇ ਦਾ, ਵਿਚ ਗਿਰ ਗਿਆ ਪਲੇਟ ਫਾਰਮ ਦੇ, ਗੱਡੀ ਚੱਲ ਪਈ, ਦੋਵੇਂ ਹੱਥ ਪੈਰ ਵੱਢੇ ਗਏ, ਬਾਬਾ ਜੀ ਕੋਲ ਦੌੜੇ-ਦੌੜੇ ਬੰਦੇ ਆਏ। ਕਹਿਣ ਲੱਗੇ, ਬਾਬਾ ਜੀ! ਬੜਾ ਭਾਣਾ ਵਰਤ ਗਿਆ, ਕਹਿਣ ਲੱਗੇ, ਕਾਕਾ ਜੀ ਦੇ ਦੋਵੇਂ ਹੱਥ ਤੇ ਦੋਵੇਂ ਪੈਰ ਵੱਢੇ ਗਏ। ਉਹ ਕਹਿੰਦੇ, ਭਾਈ! ਝੂਠੀਆਂ ਦਲਾਲੀਆਂ ਕਰਦਾ ਸੀ, ਦਰਗਾਹ 'ਚ ਵੱਢੇ ਜਾਂਦੇ, ਇੱਥੇ ਵੱਢੇ ਗਏ ਤਾਂ ਕੀ ਫਰਕ ਹੈ। ਕਹਿੰਦੇ, ਬਚਣਾ ਨਹੀਂ ਹੈ ਉਹਨੇ, ਐਨਾ ਖੂਨ ਨਿਕਲ ਗਿਆ, ਨਿਢਾਲ ਹੋਇਆ ਪਿਆ ਹੈ, ਕ੍ਰਿਪਾ ਕਰੋ ਆਪ ਕਿ ਇਸ ਭਾਵੀ ਨੂੰ ਰੋਕੋ। ਕਹਿੰਦੇ, ਅਸੀਂ ਤਾਂ ਕੁਛ ਨਹੀਂ ਕਰਿਆ ਪਿਆਰਿਓ! ਉਹਦੀ ਭਾਵਨਾ ਹੀ ਐਸੀ ਸੀ, ਇੱਥੇ ਭਾਵਨਾ ਦਾ ਫਲ ਮਿਲਦਾ ਹੈ। ਜਿਹੋ ਜਿਹੀ ਭਾਵਨਾ ਕਰਕੇ, ਜਿਹੋ ਜਿਹਾ ਸ਼ੀਸ਼ੇ ਦੇ ਅੱਗੇ ਕੋਈ ਮੂੰਹ ਲੈ ਕੇ ਆਉਂਦਾ ਹੈ, ਉਹਨੂੰ ਵੈਸਾ ਹੀ ਨਜ਼ਰ ਆਇਆ ਕਰਦਾ ਹੈ।

ਸੋ ਮੈਂ ਬੇਨਤੀ ਕਰਦਾ ਸੀ ਕਿ ਸੰਸਾਰ ਤਾਂ ਠੀਕ ਹੈ, ਮਹਾਂਪੁਰਸ਼ਾਂ ਕੋਲ ਆਉਂਦੇ ਨੇ, ਸ਼ਰਧਾ ਹੁੰਦੀ ਹੈ, ਜਿੰਨੀ-ਜਿੰਨੀ ਸ਼ਰਧਾ ਓਨਾਂ-ਓਨਾਂ ਫਲ ਪਾ ਲੈਂਦੇ ਨੇ। ਬੱਚਿਆਂ ਵਾਸਤੇ ਬੜੀ ਔਖ ਹੁੰਦੀ ਹੈ, ਕਿਉਂਕਿ ਬੱਚੇ ਆਪਣਾ ਪਿਤਾ ਸਮਝਦੇ ਨੇ। ਪਿਤਾ ਨਹੀਂ ਹੁੰਦਾ। ਇਸ ਗੱਲ ਨੂੰ ਕੋਈ ਸਮਝਦਾ ਨਹੀਂ ਹੈ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦੇ ਕੋਈ ਦਰਸ਼ਨ ਕਰਨ ਆਏ, ਮੈਂ ਕੋਲ ਬੈਠਾ ਸੀ। ਕਹਿੰਦੇ, ਮਹਾਰਾਜ! ਦਰਸ਼ਨ ਕਰ ਲਏ। ਮਹਾਰਾਜ ਜੀ ਨੇ ਕਿਹਾ ਕਾਹਦੇ ਦਰਸ਼ਨ ਕਰ ਲਏ ਤੁਸੀਂ, ਆਹ ਮੜੌਲੀ ਦੇ? ਪੰਜ ਤੱਤ ਦਾ

ਜਿਹੜਾ ਸਰੀਰ ਹੈ ਇਹਦੇ ਹੀ ਕਰੇ ਨੇ, ਇਹ ਤਾਂ ਮੈਂ ਹੈ ਨਹੀਂ। ਜਿਹਦੇ ਕੋਲ ਤੁਸੀਂ ਆਏ ਓਂ, ਉਹ ਤਾਂ ਕਹਿੰਦੇ ਕਿਹੜੇ ਵੇਲੇ ਦਾ ਚੜ੍ਹਾਈ ਕਰਿਆ ਹੋਇਆ ਹੈ। ਰਮਜ਼ ਮਾਰੀ ਮਹਾਂਪੁਰਸ਼ਾਂ ਨੇ ਕਿ ਇੱਥੇ ਹੁਣ ਈਸ਼ਰ ਸਿੰਘ ਨਹੀਂ ਹੈ, ਇੱਥੇ ਪ੍ਰਮੇਸ਼ਰ ਹੈ ਸਰੀਰ ਦੇ ਅੰਦਰ। ਉਹ ਮੈਂ ਭਾਵ ਮੁੱਕ ਗਿਆ, ਖਤਮ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮਾਤਾ ਭਾਨੀ ਜੀ ਜਿੱਥੇ ਪਿਤਾ ਸਮਝਦੇ ਸੀ ਗੁਰੂ ਅਮਰਦਾਸ ਜੀ ਨੂੰ, ਉਥੇ ਪ੍ਰਮੇਸ਼ਰ ਦਾ ਰੂਪ ਸਮਝ ਕੇ ਸੇਵਾ ਕਰਦੇ ਸੀ। ਇੱਕ ਦਿਨ ਆਪ ਸਮਾਧੀ ਲਾਏ ਬੈਠੇ ਨੇ, ਚੌਕੀਂ ਦਾ ਪਾਵਾ ਹਿੱਲਿਆ ਹੋਇਆ ਹੈ, ਉਸ ਵੇਲੇ ਮਨ ਵਿੱਚ ਆਇਆ ਕਿ ਜੇ ਪਾਵਾ ਟੇਢਾ ਹੋ ਗਿਆ ਤਾਂ ਕਿਤੇ ਗਿਰ ਨਾ ਜਾਣ ਪਿਤਾ ਜੀ ਤੇ ਜੇ ਮੈਂ ਕਹਿੰਦੀ ਹਾਂ ਤਾਂ ਇਨ੍ਹਾਂ ਦੀ ਸਮਾਧੀ ਟੁੱਟਦੀ ਹੈ, ਉਸ ਵੇਲੇ ਆਪਣਾ ਹੱਥ ਪਾਵੇ ਦੇ ਥੱਲੇ ਦੇ ਦਿੱਤਾ, ਪਾਵਾ ਹੇਠੋਂ ਤਿੱਖਾ ਸੀ, ਉਹ ਹੱਥ ਦੇ ਵਿੱਚ ਗੱਡ ਗਿਆ, ਜਿਹੜਾ ਖੂਨ ਚਲਦਾ ਸੀ, ਨਾੜੀਆਂ ਦੱਬ ਗਈਆਂ ਭਾਰ ਨਾਲ, ਮੋਢਾ ਵੀ ਨੀਲਾ ਹੋ ਗਿਆ, ਇੱਕ ਪਾਸਾ ਨੀਲਾ ਹੋ ਗਿਆ ਸਰੀਰ ਦਾ। ਖੂਨ ਚੱਲਣ ਤੋਂ ਰੁਕਿਆ ਹੋਇਆ ਹੈ, ਤਕਲੀਫ ਹੱਦ ਤੋਂ ਜ਼ਿਆਦਾ ਹੈ। ਨਾਲ ਖੂਨ ਚੱਲ ਰਿਹਾ ਹੈ। ਸਮਾਧੀ ਤੋਂ ਉਥਾਨ ਹੋਏ ਆਪ ਨੇ ਦੇਖਿਆ ਕਿ ਆਹ ਖੂਨ ਕਿੱਥੋਂ ਆ ਗਿਆ। ਜਦੋਂ ਪਿੱਛੇ ਮੁੜ ਕੇ ਦੇਖਿਆ ਤਾਂ ਬੀਬੀ ਭਾਨੀ ਨੇ ਹੱਥ ਦਿੱਤਾ ਹੋਇਆ, ਕਿਹਾ ਬੇਟਾ! ਇਹ ਕੀ ਗੱਲ? ਤੁਸੀਂ ਸਾਨੂੰ ਕਹਿ ਦਿੰਦੇ। ਐਨੀ ਤਕਲੀਫ ਉਠਾਈ। ਕਹਿਣ ਲੱਗੀ ਪਿਤਾ ਜੀ! ਇਹ ਨਕਾਰਾ ਸਰੀਰ ਹੈ, ਜੇ ਮੇਰੇ ਸਤਿਗੁਰੂ ਦੇ ਕੰਮ ਆ ਜਾਵੇ, ਮੇਰੇ ਵਰਗਾ ਭਾਗਾਂ ਵਾਲਾ ਕੋਈ ਨਹੀਂ ਹੈ। ਸੋ ਮੈਂ ਕਾਹਨੂੰ ਕਹਿਣਾ ਸੀ, ਜਿੰਨਾਂ ਚਿਰ ਇਹਦੇ ਵਿੱਚ ਜਾਨ ਹੈ, ਠੀਕ ਹੈ ਹੱਥ ਦਿੱਤਾ ਸੀ, ਕੋਈ ਐਸੀ ਬਾਤ ਨਹੀਂ ਹੈ। ਬੜੇ ਹੀ ਪ੍ਰਸੰਨ ਹੋਏ ਗੁਰੂ ਮਹਾਰਾਜ। ਅੱਜ ਬੀਬੀ ਭਾਨੀ ਸੰਗਤਾਂ ਆ ਰਹੀਆ ਨੇ, ਸਾਰੀਆਂ ਸੰਗਤਾਂ ਨੂੰ ਸੰਭਾਲ ਰਹੀ ਹੈ, ਜਿਸ ਤਰ੍ਹਾਂ ਦੇ ਨਾਲ ਦਰਜਾ-ਬ-ਦਰਜਾ ਸੰਗਤ ਆਉਂਦੀ ਹੈ। ਉਸੇ ਤਰ੍ਹਾਂ ਦੇ ਨਾਲ ਉਨ੍ਹਾਂ ਦਾ ਆਦਰ ਸਤਿਕਾਰ ਦਾ ਬੰਦੋਬਸਤ ਕਰਦੀ ਹੈ, ਭਾਵੇਂ ਛੋਟੀ ਸੀ। ਵੱਡੀ ਭੈਣ ਦੂਜੀ ਸੀ। ਉਸ ਵੇਲੇ ਮਹਾਰਾਜ ਜੀ ਦੇ ਕੋਲੋਂ ਜਦ ਲੰਘੀ ਤਾਂ ਮਹਾਰਾਜ ਜੀ ਓਹਦੀ ਸੇਵਾ 'ਤੇ ਬਹੁਤ ਪ੍ਰਸੰਨ ਹੋਏ। ਕਹਿਣ ਲੱਗੇ, ਬੇਟਾ! ਉਰ੍ਹੇ ਆਓ, ਮੈਂ ਤੁਹਾਡੀ ਸੇਵਾ 'ਤੇ ਬਹੁਤ ਪ੍ਰਸੰਨ ਹਾਂ। ਪਰ ਰਾਮਦਾਸ ਜੀ ਦਾ ਜੋ ਸਰੀਰ ਹੈ, ਉਹਦੀ ਮਿਆਦ ਪੁੱਗ ਚੁੱਕੀ ਹੈ, ਦੋ ਦਿਨ ਹੋਰ ਬਾਕੀ ਰਹਿੰਦੇ ਨੇ। ਤੁਸੀਂ ਕਿਵੇਂ ਗੁਜ਼ਾਰਾ ਕਰੋਂਗੇ? ਕਿਉਂਕਿ ਤੁਸੀਂ ਵਿਧਵਾ ਹੋ ਜਾਣਾ ਹੈ, ਉਸ ਵੇਲੇ ਦੋਵੇਂ ਹੱਥ ਜੋੜੇ ਨਮਸ਼ਕਾਰ ਕਰੀ ਕਹਿੰਦੀ ਪਿਤਾ ਜੀ! ਕਰਨਾ ਕੀ ਹੈ, ਤੁਹਾਡਾ ਭਾਣਾ ਮੰਨਾਂਗੀ ਤੇ ਨਾਲ ਮੈਂ ਸੰਗਤਾਂ ਦੇ ਬਰਤਨ ਮਾਂਜ ਕੇ, ਝਾੜੂ ਦੇ ਕੇ, ਵਸਤਰ ਧੋ ਕੇ, ਹੋਰ ਅਨੇਕਾਂ ਤਰ੍ਹਾਂ ਦੀ ਸੇਵਾ ਕਰਕੇ ਆਪਣੀ ਬਾਕੀ ਦੀ ਉਮਰ ਕੱਟ ਲਵਾਂਗੀ ਤੇ ਬੱਚਿਆਂ ਨੂੰ ਪਾਲ ਲਵਾਂਗੀ। ਬੱਚੇ ਵੱਡੇ ਹੋ ਜਾਣਗੇ। ਇਹ ਵੀ ਆਪਣੀ ਪਰਾਲਬਧ ਦੇ ਹਿਸਾਬ ਨਾਲ ਵਰਤਣਗੇ। ਮਹਾਰਾਜ ਜੀ ਦੇ ਮਨ ਵਿਚ ਬਚਨ ਸੁਣ ਕੇ ਬੜੀ ਦਇਆ ਪੈਦਾ ਹੋਈ। ਕਹਿੰਦੇ, ਬੇਟਾ! ਭੇਤ ਨਾ ਖੋਲ੍ਹੀ, ਸਾਡੀ ਉਮਰ ਛੇ ਸਾਲ ਕੁਛ ਮਹੀਨੇ, ਕੁਛ ਦਿਨਾਂ ਦੀ ਬਾਕੀ ਰਹਿੰਦੀ ਹੈ ਤੇ ਅਸੀਂ ਇਹ ਉਮਰ ਰਾਮਦਾਸ ਜੀ ਨੂੰ ਦੇ ਦਿੰਦੇ ਹਾਂ, ਹੋਰ ਸਮਾਂ ਲੰਘ ਜਾਏਗਾ। ਕਿਉਂਕਿ ਗੁਰੂ ਤੇ ਵਾਹਿਗੁਰੂ ਦਾ ਫਰਕ ਨਹੀਂ ਹੋਇਆ ਕਰਦਾ। ਜਿਹੜੇ ਬੰਦੇ ਦੇ ਮਨ ਵਿੱਚ ਇਹ ਹੈ ਨਾ ਕਿ ਗੁਰੂ ਹੋਰ ਹੈ ਤੇ ਰੱਬ ਹੋਰ ਹੈ। ਉਹ ਪਾਰ ਨਹੀਂ ਲੰਘ ਸਕਿਆ ਕਰਦਾ। ਗੁਰੂ ਜੋ ਹੈ ਸਾਕਾਰ ਰੂਪ ਹੈ, ਵਾਹਿਗੁਰੂ ਜੋ ਹੈ ਨਿਰਾਕਾਰ ਸਰੂਪ ਹੈ। ਫਰਕ ਕੋਈ ਨਹੀਂ ਹੋਇਆ ਕਰਦਾ। ਉਹ ਦਿਸਦਾ ਹੈ, ਬੋਲਦਾ ਹੈ, ਗੱਲਾਂ ਕਰਦਾ ਹੈ, ਉਹ ਰੱਬ ਹੀ ਹੈ। ਰੱਬ ਤੋਂ ਘੱਟ ਨਹੀਂ ਹੋਇਆ ਕਰਦਾ ਲੇਕਿਨ ਨਿਸ਼ਚਾ ਨਹੀਂ ਆਉਂਦਾ।

ਗੁਰੂ ਅੰਗਦ ਸਾਹਿਬ ਜੀ ਨੇ ਭਾਈ ਬਾਲਾ ਜੀ ਨੂੰ, ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਭਾਈ ਬਾਲਾ! ਤੁਸੀਂ ਨੌਂ ਖੰਡਾਂ, ਸੱਤਾਂ ਦੀਪਾਂ ਵਿੱਚ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਪਾਤਸ਼ਾਹ! ਉਹ ਤਾਂ ਪੂਰਨ ਸੰਤ ਸਨ। ਕਹਿੰਦੇ ਅੱਛਾ ਤੂੰ ਵੀ ਸੰਤ ਹੋਇਆ। ਕਿਉਂਕਿ ਜਿਹੋ ਜਿਹੀ ਭਾਵਨਾ ਹੁੰਦੀ ਹੈ ਓਹੋ ਜਿਹਾ ਫਲ ਮਿਲਿਆ ਕਰਦਾ ਹੈ। ਗੁਰੂ ਉਪਰ ਭਾਵਨਾ ਉੱਚੀ ਹੋਵੇ, ਉੱਚਾ ਬਣ ਜਾਂਦਾ ਹੈ। ਜੇ ਨੀਵੀਂ ਹੋਵੇ ਨੀਵਾਂ ਰਹਿੰਦਾ ਹੈ। ਭਾਵਨਾ ਦਾ ਫਲ ਮਿਲਿਆ ਕਰਦਾ ਹੈ। ਆਪ ਨੇ ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਕੀ ਗੁਰੂ ਪਾਤਸ਼ਾਹ ਨੂੰ ਸਮਝਿਆ? ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀਗੇ। ਕਹਿੰਦੇ ਤੁਸੀਂ ਬ੍ਰਹਮਗਿਆਨੀ ਹੋਏ। ਸਾਰਿਆਂ ਨੇ ਪੁੱਛਿਆ ਕਿ ਮਹਾਰਾਜ! ਆਪ ਕ੍ਰਿਪਾ ਕਰਕੇ ਦੱਸੋ ਕਿ ਤੁਸੀਂ ਕੀ ਸਮਝਿਆ ਗੁਰੂ ਨਾਨਕ ਪਾਤਸ਼ਾਹ ਨੂੰ? ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ -

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ ॥ ਅੰਗ - ੧੩੯੫***

ਉਹ ਤਾਂ ਅਕਾਲ ਪੁਰਖ ਆਪ ਹੀ ਗੁਰੂ ਰੂਪ ਧਾਰ ਕੇ ਸੰਸਾਰ ਦਾ ਉਧਾਰ ਕਰਨ ਵਾਸਤੇ, ਪ੍ਰਗਟ ਹੋਏ ਸਨ। ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ। ਪਾਤਸ਼ਾਹ! ਤਾਂ ਹੀ ਤਾ ਹੀ ਤੁਸੀਂ ਗੁਰੂ ਦਾ ਰੂਪ ਬਣ ਗਏ। ਸੋ ਇਸ ਤਰ੍ਹਾਂ ਦੇ ਨਾਲ ਚਾਰ ਨਿਸ਼ਚੇ ਹੋਇਆ ਕਰਦੇ ਨੇ। ਪਹਿਲਾ ਨਿਸ਼ਚਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਚੰਗਾ ਸੰਤ ਹੈ। ਦੂਸਰਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਉੱਚਾ ਹੈ। ਕੋਈ ਸੰਤ ਇਹਦਾ ਮੁਕਾਬਲਾ ਨਹੀਂ ਕਰ ਸਕਦਾ। ਤੀਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ। ਚੌਥਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਆਪ ਸ਼ਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਹੈ। ਜਿਵੇਂ ਗੁਰੂ ਮਹਾਰਾਜ ਫੁਰਮਾਉਂਦੇ ਨੇ -

***ਨਾਨਕ ਸੋਧੇ ਸਿੰਮ੍ਰਿਤਿ ਬੇਦ ॥***
***ਪਾਰਬ੍ਰਹਮ ਗੁਰ ਨਾਹੀ ਭੇਦ ॥ ਅੰਗ - ੧੧੪੨***

ਸੋ ਉਹਦੀ ਜੋ ਕ੍ਰਿਆ ਹੁੰਦੀ ਹੈ ਉਹਨੂੰ ਕੋਈ ਸਮਝ ਨਹੀਂ ਸਕਿਆ ਕਰਦਾ। ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖੁ ਅਗੰਮ ਹੈ।***

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ ਵਾਰ ੩੪/੧*

ਕੋਈ ਨਹੀਂ ਉਨ੍ਹਾਂ ਦੀ ਕ੍ਰਿਆ ਨੂੰ ਸਮਝ ਸਕਦਾ ਕਿਉਂਕਿ ਅਗੰਮ ਹੈ, ਮਨ ਤੇ ਬੁੱਧੀ ਓਸ ਥਾਂ 'ਤੇ ਪਹੁੰਚ ਨਹੀਂ ਸਕਦੇ। ਜਿਥੇ ਗੁਰੂ ਕ੍ਰਿਆ ਕਰਦਾ ਹੈ, ਕਿਉਂਕਿ ਉਹ ਤ੍ਰਿਗੁਣ ਅਤੀਤ ਹੁੰਦਾ ਹੈ। ਆਪ ਪ੍ਰਮੇਸ਼ਰ ਹੋਇਆ ਕਰਦਾ ਹੈ। ਨਾ ਤਾਂ ਇਹ ਗੱਲ ਦੁਨੀਆਂ ਦੀ ਸਮਝ ਵਿੱਚ ਆਉਂਦੀ ਹੈ, ਜਿਹੜੇ ਥੋੜ੍ਹੇ ਪੜ੍ਹੇ ਹੋਏ ਨੇ ਉਨ੍ਹਾਂ ਦੀ ਸਮਝ ਵਿੱਚ ਆ ਜਾਏਗੀ। ਜਿਹੜੇ ਕਿਤਾਬਾਂ ਦੇ ਢੇਰਾਂ ਦੇ ਢੇਰ ਪੜ੍ਹੇ ਹੋਏ ਨੇ ਉਹ ਨਹੀਂ ਸਮਝ ਸਕਦੇ ਏਸ ਗੱਲ ਨੂੰ। ਉਨ੍ਹਾਂ ਦੀ ਬੁੱਧੀ ਐਸੀ ਕਰ ਦਿੱਤੀ ਪ੍ਰਮੇਸ਼ਰ ਨੇ। ਉਹ ਆਪਣੀ ਬੁੱਧੀ ਨੂੰ ਉਚਾ ਰੱਖਦੇ ਨੇ, ਨਹੀਂ ਸਮਝ ਸਕਦੇ। ਸਤਿ ਬਚਨ ਦੇ ਉੱਤੇ ਨਿਸ਼ਚਾ ਨਹੀਂ ਉਨ੍ਹਾਂ ਦਾ ਆ ਸਕਦਾ। ਸੋ ਕ੍ਰਿਆ ਅਜੀਬ ਹੁੰਦੀ ਹੈ। ਗੁਰੂ ਮਹਾਰਾਜ ਦੂਸਰੇ ਦਿਨ ਕਹਿਣ ਲੱਗੇ, ਭਾਈ ਜੇਠਾ, ਭਾਈ ਰਾਮਾ, ਸਾਡੇ ਬੈਠਣ ਵਾਸਤੇ ਥੜ੍ਹੇ ਬਣਾਓ, ਐਨਾ ਉੱਚਾ ਹੋਵੇ, ਐਨਾ ਲੰਮਾ ਹੋਵੇ, ਐਨਾ ਚੌੜਾ ਹੋਵੇ; ਅਸੀਂ ਦੱਸਾਂਗੇ ਕਿ ਠੀਕ ਨੇ ਕਿ ਨਹੀਂ। ਥੜ੍ਹੇ ਬਣਾ ਦਿੱਤੇ ਮਹਾਰਾਜ ਨੇ ਦੇਖੇ, ਕਹਿੰਦੇ ਨਾ ਇਹ ਤਾਂ ਬਿਲਕੁਲ ਨਹੀਂ ਠੀਕ। ਐਹੋ ਜਿਹੇ ਬਣਾਓ। ਦੂਜੇ ਦਿਨ ਬਣਾ ਦਿਤੇ, ਤੀਜੇ ਦਿਨ ਬਣਾ ਦਿੱਤੇ। ਤੀਜੇ ਦਿਨ ਭਾਈ ਰਾਮਾ ਜੀ ਕਹਿਣ ਲੱਗੇ, ਮਹਾਰਾਜ ਜੀ! ਜਿਵੇਂ ਤੁਸੀਂ ਦਸਦੇ ਓਂ ਅਸੀਂ ਬਿਲਕੁਲ ਉਵੇਂ ਜਿਵੇਂ ਬਣਾਉਂਦੇ ਹਾਂ। ਤੁਸੀਂ ਕੋਲ ਖੜ੍ਹ ਜਾਓ, ਜਿਥੇ ਫਰਕ ਹੋਏਗਾ ਉਥੇ ਕਹਿ ਦੇਣਾ। ਕਹਿੰਦੇ, ਨਹੀਂ ਨਹੀਂ ਜਿਹੋ ਜਿਹੇ ਅਸੀਂ ਚਾਹੁੰਦੇ ਹਾਂ ਉਹੋ ਜਿਹੇ ਨਹੀਂ ਬਣੇ। ਚੌਥੇ ਦਿਨ ਫੇਰ ਬਣਾਏ। ਇਧਰਲੇ ਪਾਸੇ ਜਦੋਂ ਭਾਈ ਜੇਠਾ ਜੀ ਨੂੰ ਕਹਿਣ, ਦੋਵੇਂ ਹੱਥ ਬੰਨ੍ਹ ਲੈਣ, ਬਹੁਤ ਜ਼ਿਆਦਾ ਗੰਭੀਰ ਹੋ ਕੇ ਬੋਲਣ ਪਾਤਸ਼ਾਹ! ਮੂਰਖ ਹਾਂ, ਤੁਹਾਡਾ ਹੁਕਮ ਮੰਨਿਆ ਨਹੀਂ ਜਾਂਦਾ। ਮੈਨੂੰ ਨਹੀਂ ਪਤਾ ਕਿ ਤੁਹਾਡੀ ਕੀ ਮਨਸਾ ਹੈ, ਤੁਸੀਂ ਆਪ ਸਹਾਈ ਹੋ ਕੇ ਬਣਵਾ ਲਓ। ਚੌਥੇ ਦਿਨ ਬਣਾਏ ਤੇ ਜਦੋਂ ਉਹ ਵੀ reject ਕਰ ਦਿੱਤੇ ਤਾਂ ਭਾਈ ਰਾਮਾ ਜੀ ਕਹਿਣ ਲੱਗੇ ਕਿ ਮਹਾਰਾਜ! ਮੇਰੇ ਤੋਂ ਤਾਂ ਬਣਦਾ ਨਹੀਂ, ਜਿਹੋ ਜਿਹਾ ਕਹਿੰਦੇ ਓਂ ਓਹੋ ਜਿਹਾ ਹੀ ਬਣਾਉਂਦੇ ਹਾਂ, ਭੋਰਾ ਜਿੰਨਾ ਵੀ ਫਰਕ ਨਹੀਂ। ਹੁਣ ਇੱਥੇ ਫਰਕ ਦੇਖੋ ਗੱਲ ਦਾ, ਓਧਰਲੇ ਪਾਸੇ ਭਾਈ ਜੇਠਾ ਜੀ ਕਹਿੰਦੇ ਨੇ ਕਿ ਸੱਚੇ ਪਾਤਸ਼ਾਹ! ਮੈਂ ਕੀ ਕਰਾਂ, ਤੁਹਾਡਾ ਹੁਕਮ ਨਹੀਂ ਮੰਨ ਹੁੰਦਾ। ਬੜਾ ਸ਼ਰਮਿੰਦਾ ਹਾਂ ਮੈਂ। ਇੱਕ ਪਾਸੇ ਗੱਲ ਦੇ ਮੂਹਰੇ ਨਾ, ਇੱਕ ਪਾਸੇ attitude ਜਿਹੜਾ ਹੈ ਉਹ ਦੂਸਰੀ ਤਰ੍ਹਾਂ ਦਾ ਹੈ, ਆਪਣੇ ਆਪ ਨੂੰ ਗਲਤ ਸਮਝ ਕੇ ਗੁਰੂ ਪਿਤਾ ਤੋਂ ਪੁੱਛਣਾ ਕਿ ਤੁਸੀਂ ਦੱਸੋ ਮੈਨੂੰ ਤਾਂ ਪਤਾ ਨਹੀਂ ਲਗਦਾ, ਕਰਾ ਲਓ ਮੇਰੇ ਤੋਂ ਜਿਵੇਂ ਕਰਾਉਣਾ ਹੈ। ਕੋਈ ਗੱਲ ਨਹੀਂ, ਜਿਵੇਂ ਆਪ ਕਹਿੰਦੇ ਓਂ ਓਸੇ ਤਰ੍ਹਾਂ ਬਣਾ ਦੇਵਾਂਗੇ। ਕੱਲ੍ਹ ਨੂੰ ਤੁਸੀਂ ਮੇਰੇ ਵਿੱਚ ਖੜ੍ਹੇ ਹੋ ਕੇ ਬਣਾ ਦੇਣਾ। ਥੜ੍ਹੇ ਬਣਾਉਣ ਦਾ ਕੰਮ ਨਹੀਂ ਸੀ। ਕਹਿੰਦੇ ਬੱਸ ਸਾਨੂੰ ਚਾਹੀਦਾ ਨਹੀਂ ਹੈ। ਕੇਵਲ attitude ਦੇਖਣਾ ਸੀ, ਦੋਵੇਂ ਸੇਵਾ ਕਰਦੇ ਸੀ, ਦੋਵੇਂ ਪ੍ਰਮੁੱਖ ਸੀ, ਦੋਹਾਂ ਦਾ ਸਤਿਕਾਰ ਸੀ ਸੰਗਤਾਂ ਦੇ ਵਿੱਚ। ਦੋਵੇਂ ਦਾਮਾਦ ਸੀਗੇ। ਬੱਚਿਆਂ ਨਾਲ ਨਹੀਂ ਗੱਲ ਕਰੀ। ਗੱਲ ਉਨ੍ਹਾਂ ਨਾਲ ਕਰੀ ਜਿਹੜੇ ਅਧਿਕਾਰੀ ਸੀਗੇ। ਉਸ ਤੋਂ ਬਾਅਦ ਸੰਗਤਾਂ ਨੂੰ ਦੱਸ ਦਿੱਤਾ ਕਿ ਭਾਈ ਅਸੀਂ ਸਰੀਰ ਛੱਡਣਾ ਹੈ ਤੇ ਰਾਮਦਾਸ ਜੀ ਨੂੰ ਅਸੀਂ ਆਪਣੀ ਥਾਂ ਦੇ ਉਤੇ ਬਿਠਾਉਂਦੇ ਹਾਂ। ਗੁਰੂ ਰਾਮਦਾਸ ਜੀ ਮਹਾਰਾਜ ਗੁਰਿਆਈ ਦੀ ਗੱਦੀ ਦੇ ਉੱਤੇ ਚੌਥੇ ਨਾਨਕ ਹੋ ਕੇ ਆਪ ਬਿਰਾਜਮਾਨ ਹੋ ਗਏ। ਇਸ ਤਰ੍ਹਾਂ ਸਮਾਂ ਲੰਘਦਾ ਗਿਆ, ਸੇਵਾ ਗੁਰੂ ਦੀ ਮਨ ਲਾ ਕੇ ਕਰਦੇ ਰਹੇ। ਗੁਰੂ ਮਹਾਰਾਜ ਜੀ ਦੇ ਤਿੰਨ ਪੁੱਤਰ ਸਨ, ਸੀਗੇ ਤਾਂ ਚਾਰ। ਲੇਕਿਨ ਤਿੰਨ ਸਨ ਇਸ ਸੰਸਾਰ ਦੇ ਉੱਤੇ। ਸੇਵਾ ਕਰਦੇ ਨੇ। ਸੇਵਾ ਕਰਨ ਦੇ ਵਿੱਚ ਪ੍ਰਿਥੀ ਚੰਦ ਜੋ ਵੱਡਾ ਲੜਕਾ ਹੈ ਉਹ ਬਹੁਤ ਲਗਦਾ ਹੈ ਕਿ ਇਹਦੇ ਨਾਲ ਦਾ ਸੇਵਕ ਨਹੀਂ ਹੈ ਕੋਈ। ਇਹ ਗੱਦੀ 'ਤੇ ਬੈਠੇਗਾ, ਦੂਸਰੇ ਪਾਸੇ ਜੋ ਛੋਟੇ ਸਾਹਿਬਜ਼ਾਦੇ ਨੇ ਸਾਰਿਆਂ ਤੋਂ ਗੁਰੂ ਅਰਜਨ ਪਾਤਸ਼ਾਹ! ਉਹ ਵੀ ਸੇਵਾ ਕਰਦੇ ਨੇ। ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਪ੍ਰਵਾਨ ਨੇ। ਇੱਕ ਸਿਮਰਨ ਹੈ ਇੱਕ ਸੇਵਾ ਹੈ। ਇਹ ਕਲਜੁਗ ਦੇ ਅੰਦਰ ਉਮਰ ਥੋੜ੍ਹੀ ਹੈ, ਜਿਵੇਂ ਧਾਨਾਂ ਦਾ ਖੇਤ ਤ੍ਰੇੜਾਂ ਪਾਟ ਗਈਆਂ ਹੋਣ, ਪਾਣੀ ਟਿਊਬਵੈਲ ਨਾਲ ਦੇਣਾ ਚਾਹੇ, ਟਿਊਬਵੈਲ ਭਰਦਾ ਹੀ ਨਹੀਂ ਉਹਨੂੰ। ਕਿਉਂਕਿ ਤ੍ਰੇੜਾਂ ਫਟੀਆਂ ਹੋਈਆ ਨੇ, ਥੱਲੇ ਹੀ ਥੱਲੇ ਪਾਣੀ ਅੱਗੇ ਹੀ ਅੱਗੇ ਤੁਰੀ ਜਾਂਦਾ ਹੈ। ਜੇ ਦੋ ਚਲਾ ਦਿਓ ਉਹਦੇ ਵਿੱਚ ਤਾਂ ਉਹ ਛੇਤੀ ਦੇ ਕੇ ਭਰ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਕਲਜੁਗ ਦਾ ਜਿਹੜਾ ਸਰੀਰ ਹੈ, ਇਹਦੇ ਵਿੱਚ ਸ਼ਰਧਾ ਦੀ ਹੀਣਤਾ ਹੈ। ਸ਼ਰਧਾ ਨਹੀਂ ਹੈ। ਨਾ ਗੁਰੂ ਦੇ ਬਚਨਾਂ 'ਤੇ ਸ਼ਰਧਾ ਹੈ। ਨਾ ਗੁਰੂ 'ਤੇ ਸ਼ਰਧਾ, ਜਿੰਨਾਂ ਚਿਰ ੧੦੦% ਸ਼ਰਧਾ ਨਹੀਂ ਹੁੰਦੀ, ਓਨੀਂ ਦੇਰ ਤੱਕ 'ਆਤਮ ਮਾਰਗ' ਦੇ ਉੱਤੇ ਤਰੱਕੀ ਨਹੀਂ ਕਰ ਸਕਿਆ ਕਰਦਾ। ਗੁਰੂ ਦੇ ਬਚਨਾਂ ਨੂੰ ਨਹੀਂ ਮੰਨਦਾ, ਆਪਣੀ ਅਕਲ ਨੂੰ ਉੱਚਾ ਰਖਦਾ ਹੈ। ਸੋ ਸੇਵਾ ਤੇ ਸਿਮਰਨ, ਸੇਵਾ ਜਿਹੜੀ ਹੈ ਉਹ ਸਿਮਰਨ ਦੀ ਮਦਦਗਾਰ ਹੈ। ਸਿਮਰਨ ਜੋ ਪ੍ਰਮੇਸ਼ਰ ਦਾ ਨਾਮ ਜਪਦੇ ਹਾਂ ਉਹਦੇ ਨਾਲ ਸਾਰੇ ਦੁਖਾਂ ਦਾ ਖਾਤਮਾ ਹੁੰਦਾ ਹੈ। ਜਿਹੜੀ ਅਸੀਂ ਸੇਵਾ ਕਰਦੇ ਹਾਂ, ਇੱਥੇ ਵੀ ਮਾਣ 'ਤੇ ਦਰਗਾਹ ਵਿੱਚ ਵੀ ਮਾਣ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ – ੨੬*

ਸੋ ਇਸ ਤਰ੍ਹਾਂ ਦੇ ਨਾਲ ਪ੍ਰਵਾਨ ਜੋ ਸਿਧਾਂਤ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸਾਰੇ ਦੁਖਾਂ ਦਾ ਖਾਤਮਾ ਕਰਨ ਵਾਸਤੇ, ਵਾਹਿਗੁਰੂ ਦਾ ਨਾਮ

ਸਮਰੱਥ ਹੈ, ਸੇਵਾ ਕਰੇ ਤਾਂ ਮਾਣ ਮਿਲਦਾ ਹੈ। ਸੋ ਸੇਵਾ ਕਰਨਾ ਗੁਰੂ ਘਰ ਦੇ ਅੰਦਰ ਬਹੁਤ ਹੀ ਜ਼ਰੂਰੀ ਹੈ। ਲੇਕਿਨ ਸੇਵਾ ਕਰਨ ਦੀ ਵਿਧੀ ਹੁੰਦੀ ਹੈ ਜੇ ਵਿਧੀ ਤੋਂ ਬਗੈਰ ਸੇਵਾ ਕਰੀ ਤਾਂ ਖਪਣਾ ਪੱਲੇ ਪਿਆ ਕਰਦਾ ਹੈ। ਥਕੇਵਾਂ ਪੱਲੇ ਪਿਆ ਕਰਦਾ ਹੈ। ਜੁਗਤ ਹੁੰਦੀ ਹੈ, ਸੰਜਮ ਹੁੰਦਾ ਹੈ। ਮਹਾਰਾਜ ਕਹਿੰਦੇ, ਨਾਮ ਦੀ ਦਵਾਈ ਹਰੇਕ ਦੇ ਸਰੀਰ ਦੇ ਅੰਦਰ ਹੈ। ਹਰੇਕ ਦੇ ਅੰਦਰ ਦਵਾਈ ਰੱਖੀ ਹੈ ਪ੍ਰਮੇਸ਼ਰ ਨੇ।

***ਹਰਿ ਅਉਖਧੁ ਸਭ ਘਟ ਹੈ ਭਾਈ ॥***

***ਅੰਗ – ੨੫੯***

ਪਰ ਉਸ ਵਿਧੀ ਦਾ ਨਹੀਂ ਪਤਾ ਹੈ ਕਿ ਕਿਵੇਂ ਵਰਤੀਏ।

***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥***

***ਅੰਗ – ੨੫੯***

ਸੰਜਮ ਦਾ ਜਦ ਪਤਾ ਲਗ ਗਿਆ, ਵਿਧੀ ਦਾ ਜਦ ਪਤਾ ਲਗ ਗਿਆ, ਫੇਰ ਦੁੱਖ ਦਾ ਖਾਤਮਾ ਹੋ ਜਾਂਦਾ ਹੈ। ਦਵਾਈ ਤਾਂ ਪਹਿਲਾਂ ਹੀ ਅੰਦਰ ਪਈ ਹੈ। ਇਸੇ ਤਰ੍ਹਾਂ ਜਿਹੜੀ ਸੇਵਾ ਹੈ ਇਹ ਇਹੀ ਨਹੀਂ ਹੈ ਕਿ ਭਾਂਡੇ ਮਾਂਜਣ ਲਗ ਗਿਆ, ਝਾੜੂ ਦੇਣ ਲਗ ਗਿਆ, ਖੇਤੀ ਦਾ ਕੰਮ ਕਰ ਲਿਆ, ਲੰਗਰ ਦੀ ਸੇਵਾ ਸ਼ੁਰੂ ਕਰ ਲਈ। ਕੀਰਤਨ ਦੀ ਸੇਵਾ ਸ਼ੁਰੂ ਕਰ ਲਈ। ਲਿਖਣ ਦੀ ਸੇਵਾ ਸ਼ੁਰੂ ਕਰ ਲਈ ਜਾਂ ਹੋਰ ਸੇਵਾ ਸ਼ੁਰੂ ਕਰ ਲਈ। ਸੇਵਾ ਕਰਦੇ ਹਾਂ ਅਸੀਂ ਥੋੜ੍ਹੀ ਜਿਹੀ ਗਲਤੀ ਦੇ ਨਾਲ ਸੇਵਾ ਥਾਂ ਨਹੀਂ ਪਿਆ ਕਰਦੀ। ਫੇਰ ਇਹ ਐਡੀ ਵੱਡੀ ਦਾਤੀ ਹੈ, ਗੁਰੂ ਦੀ ਤੁਸੀਂ ਸੇਵਾ ਕਰੋ, ਗੁਰੂ ਜਿਹੜਾ ਹੈ ਉਹ ਤਿਣਕਾ ਮਾਤਰ ਵੀ ਅਜਾਈਂ ਨਹੀਂ ਜਾਣ ਦਿੰਦਾ। ਉਹਦੇ ਕੋਲ ਸਭ ਕੁਛ ਹੁੰਦਾ ਹੈ ਤੇ ਜੇ ਸੇਵਾ ਤੋਂ ਬਿਨਾਂ ਫਲ ਚਾਹੇ, ਫਲ ਨਹੀਂ ਮਿਲਿਆ ਕਰਦਾ।

ਮੇਰੇ ਕੋਲ ਆ ਜਾਂਦੇ ਨੇ ਕਿ ਜੀ ਫਲ ਪਾ ਦਿਓ। ਕੀ ਕਰੇਂਗਾ ਤੂੰ ਸੇਵਾ ਨਹੀਂ ਕਰਦਾ, ਨਾਮ ਨਹੀਂ ਜਪਦਾ ਤੇਰੇ ਫਲ ਕਿਸ ਕੰਮ ਆਏਗਾ। ਤੂੰ ਤਾਂ ਗੁਰੂ ਨੂੰ ਪ੍ਰਸੰਨ ਕਰਨਾ ਹੈ। ਗੁਰੂ ਪ੍ਰਸੰਨ ਹੋਏਗਾ ਤਾਂ ਤੈਨੂੰ ਫਲ ਮਿਲੇਗਾ, ਸੇਵਾ ਤੋਂ ਬਿਨਾਂ ਤੈਨੂੰ ਕਿਵੇਂ ਫਲ ਮਿਲ ਜਾਏਗਾ। ਸੇਵਾ ਕਰ, ਸੇਵਾ ਵੀ ਐਸੀ ਕਰ ਜਿਹੜੀ ਵਿਧੀਪੂਰਵਕ ਗੁਰੂ ਨੂੰ ਪ੍ਰਵਾਨ ਹੋ ਜਾਵੇ। ਜਦੋਂ ਸੇਵਾ ਪ੍ਰਵਾਨ ਹੋ ਗਈ ਫੇਰ ਦੁਨੀਆਂ ਦੀ ਕਿਹੜੀ ਚੀਜ਼ ਹੈ ਜਿਹੜੀ ਪ੍ਰਾਪਤ ਨਾ ਹੋਵੇ।

***ਧਾਰਨਾ – ਸਭੇ ਇੱਛਾ ਹੋਣ ਤੇਰੀਆਂ ਪੂਰੀਆਂ***
***ਸੇਵਾ ਕਰਕੇ ਸਤਿਗੁਰ ਦੀ।***

ਦੁਨੀਆਂਦਾਰ ਨੂੰ ਲੋੜ ਹੁੰਦੀ ਹੈ ਚੀਜ਼ਾਂ ਦੀ। ਕੋਈ ਤਰੀਕਾ ਐਸਾ ਹੋਣਾ ਚਾਹੀਦਾ ਹੈ ਕਿ ਭਜਨ ਵੀ ਕਰੀਏ, ਲੋੜਾਂ ਵੀ ਪੂਰੀਆਂ ਹੋ ਜਾਣ, ਵਿਘਨਾਂ ਦਾ ਵੀ ਨਾਸ਼ ਹੋ ਜਾਵੇ, ਮਹਾਰਾਜ ਕਹਿੰਦੇ ਫੇਰ ਪਿਆਰਿਓ ਪੂਰੇ ਸਤਿਗੁਰੂ ਦੀ ਸੇਵਾ ਕਰ ਲਓ। ਜੋ ਮੰਗੋਂਗੇ ਉਹ ਤੁਹਾਨੂੰ ਪ੍ਰਾਪਤ ਹੋ ਜਾਏਗਾ। ਚਾਹੇ ਪੁੱਤਰ ਹੈ, ਚਾਹੇ ਰਿਸ਼ਤੇਦਾਰ ਹੈ, ਚਾਹੇ ਸਿੱਖ ਹੈ ਜਿਹੜਾ ਵੀ ਸਤਿਗੁਰ ਦੀ ਸੇਵਾ ਕਰਦਾ ਹੈ –

***ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ***
***ਤਿਸੁ ਕਾਰਜ ਸਭਿ ਸਵਾਰੇ ॥ ਅੰਗ – ੩੦੨***

ਇੱਕ ਦੋ ਚਾਰ ਨਹੀਂ ਸਾਰੇ ਕਾਰਜਾਂ ਨੂੰ ਸੰਵਾਰ ਦਿੰਦਾ ਹੈ।

***ਜੋ ਇਛੈ ਸੋ ਫਲੁ ਪਾਇਸੀ***
***ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥ ਅੰਗ – ੩੦੨***

ਪੁੱਤਰ ਚਾਹੁੰਦਾ ਹੈ ਕਿ ਮੇਰੇ ਪੁੱਤਰ ਹੋ ਜਾਏ, ਪੁੱਤਰ ਹੋ ਜਾਂਦਾ ਹੈ। ਪੈਸਾ ਹੋ ਜਾਏ, ਪੈਸਾ ਹੋ ਜਾਂਦਾ ਹੈ। ਜਾਇਦਾਦ ਦੀ ਵਾਸ਼ਨਾ ਕਰਦਾ ਹੈ, ਬੇਅੰਤ ਜਾਇਦਾਦ ਹੋ ਜਾਵੇਗੀ ਤੇ ਕਾਰਜਾਂ ਨੂੰ ਕਹਿੰਦਾ ਹੈ; ਕਾਰਜ ਸਾਰੇ ਰਾਸ ਹੋ ਜਾਣਗੇ। ਕਿਉਂ ਹੋ ਜਾਣਗੇ? ਕਿਉਂਕਿ ਗੁਰੂ ਇੱਕ ਖਜ਼ਾਨਾ ਐਸਾ ਹੈ ਜਿੱਥੇ ਸਭ ਕੁਛ ਪਿਆ ਹੈ।

***ਸਭਿ ਨਿਧਾਨ ਸਤਿਗੁਰੂ ਵਿਚਿ***
***ਜਿਸੁ ਅੰਦਰਿ ਹਰਿ ਉਰ ਧਾਰੇ ॥ ਅੰਗ – ੩੦੨***

ਪ੍ਰਮੇਸ਼ਰ ਨੇ ਗੁਰੂ ਦੇ ਅੰਦਰ ਰੱਖੇ ਹੋਏ ਨੇ –

***ਸੋ ਪਾਏ ਪੂਰਾ ਸਤਿਗੁਰੂ***
***ਜਿਸੁ ਲਿਖਿਆ ਲਿਖਤੁ ਲਿਲਾਰੇ ॥ ਅੰਗ – ੩੦੨***

ਪਰ ਗੁਰੂ ਦੇ ਕੋਲ ਆਏਗਾ ਕਿਹੜਾ, ਜਿਹਦੇ ਮੱਥੇ ਦੇ ਵਿੱਚ ਕਲਮ ਵਹੀ ਹੋਈ ਹੈ, ਓਹੀ ਗੁਰੂ ਕੋਲ ਆਏਗਾ, ਦੂਜਾ ਨਹੀਂ ਆ ਸਕਦਾ।

***ਜਨੁ ਨਾਨਕੁ ਮਾਗੈ ਧੂੜਿ***
***ਤਿਨ ਜੋ ਗੁਰਸਿਖ ਮਿਤ ਪਿਆਰੇ ॥ ਅੰਗ – ੩੦੨***

ਜਿਹੜੇ ਗੁਰੂ ਨੂੰ ਪਿਆਰੇ ਨੇ ਕਹਿੰਦੇ ਅਸੀਂ ਤਾਂ ਉਨ੍ਹਾਂ ਦੀ ਧੂੜੀ ਮੰਗਦੇ ਹਾਂ। ਗੁਰੂ ਕੋਲ ਸਭ ਕੁਛ ਹੈ, ਪੁੱਤ, ਧਨ, ਲਖਮੀ, ਸਿਹਤ ਮੰਗਦਾ ਹੈ ਸਿਹਤ ਮਿਲ ਜਾਂਦੀ ਹੈ, ਪਰ ਸਾਨੂੰ ਆਦਤ ਕੀ ਹੈ। ਇੱਕ ਦਿਨ ਆ ਜਾਵਾਂਗੇ ਸੰਗਰਾਂਦ 'ਤੇ, ਕਹਾਂਗੇ ਬਾਬਾ ਜੀ! ਮੇਰਾ ਆਹ ਕੰਮ ਨਹੀਂ ਹੁੰਦਾ। ਕਰੋ ਬਚਨ। ਖੜ੍ਹੇ ਹੀ ਰਹਿਣਗੇ। ਮੈਂ ਹੈਰਾਨ ਹੁੰਦਾ ਹਾਂ ਕਿ ਇਨ੍ਹਾਂ ਨੂੰ ਪਤਾ ਹੀ ਨਹੀਂ। ਤੁਸੀਂ ਭਾਈ ਪਹਿਲਾਂ ਸੇਵਾ ਕਰੋ। ਗੁਰੂ ਨੂੰ ਪ੍ਰਸੰਨ ਕਰੋ। ਕਿੱਡੀ ਕੁ ਕੀਮਤੀ ਚੀਜ਼ ਹੈ। ਪੁੱਤਰ ਕਿੰਨੇ ਕੁ ਦਾ ਹੁੰਦਾ ਹੈ। ਇੱਕ ਵਾਰੀ ਬੀਜੀ (ਸੰਤ ਮਾਤਾ ਰਣਜੀਤ ਕੌਰ ਜੀ) ਨੂੰ ਪੰਜ ਰੁਪਏ ਫੜਾ ਦਿੱਤੇ ਇੱਕ ਬੀਬੀ ਨੇ? ਇਹ ਕਹਿੰਦੇ ਕਿ ਕੀ ਕਰਨੇ ਨੇ? ਉਹ ਕਹਿੰਦੀ ਜੀ ਤੁਸੀਂ ਬਚਨ ਕਰਿਆ ਸੀ ਮੇਰੇ ਪੁੱਤਰ ਹੋ ਗਿਆ। ਇਨ੍ਹਾਂ ਨੇ ਕਿਹਾ ਕਿ ਪੰਜ ਰੁਪਿਆ 'ਚ ਹੀ। ਤੂੰ ਗੁਰੂ ਨਾਨਕ ਨੂੰ ਕੁਛ ਹੋਰ ਭੇਟਾ ਕਰ। ਐਨਾ ਸਸਤਾ ਬਣਾ ਲਿਆ, ਦੱਸ ਰੁਪਏ ਲੈ ਲੈ ਤੇ ਲਿਆ ਪੁੱਤਰ ਸਾਡੇ ਕੋਲ ਦੇ ਦੇ। ਮਖੌਲ ਕਰਦੇ ਹਾਂ ਅਸੀਂ। ਅਣਜਾਣਪੁਣਾ ਹੱਦ ਤੋਂ ਜ਼ਿਆਦਾ ਹੈ। ਅੰਬ ਚੁੱਕੀਂ ਫਿਰੀ ਜਾਣਗੇ ਜੀ ਮੇਰੇ ਪੱਲੇ ਪਾ ਦਿਓ। ਕੋਈ ਸੇਵਾ ਨਹੀਂ, ਕੁਛ ਨਹੀਂ।

ਭਾਈ ਆਦਮ ਬਰਾੜ ਮਾਲਵੇ ਦਾ ਜੱਟ ੭੦ ਸਾਲ ਦਾ ਹੋ ਗਿਆ ਲੇਕਿਨ ਵਾਸ਼ਨਾ ਨਹੀਂ ਹਟਦੀ ਪੁੱਤਰ ਦੀ। ਬਥੇਰੇ ਸਾਧੂ ਸੰਤਾਂ ਦੀ ਸੇਵਾ ਕਰੀ, ਬੜੇ ਸਾਧੂ ਸੀ ਕਰਨੀਆਂ ਕਮਾਈਆਂ ਵਾਲੇ, ਕਿਸੇ ਨੇ ਨਾ ਉਹਦੀ ਗੱਲ ਗੌਲੀ। ਅਖੀਰ ਗੁਰਸਿੱਖਾਂ ਦੇ ਕੋਲ ਚਲਿਆ ਗਿਆ। ਉਹ ਕਹਿੰਦਾ, ਤੁਸੀਂ ਗੁਰੂ ਦੇ ਸਿੱਖ ਓਂ, ਮੈਨੂੰ ਇੱਕ ਗੱਲ ਦੱਸੋ ਕਿ ਮੈਨੂੰ ਵਾਸ਼ਨਾ ਹੈ ਪੁੱਤਰ ਦੀ, ਬੜੀ ਜਾਇਦਾਦ ਹੈ ਮੇਰੇ ਕੋਲ ਜੇ ਪੁੱਤਰ ਨਾ ਹੋਇਆ, ਤਾਂ ਕੀ ਕਰਾਂਗਾ। ਇੱਕ ਲੜਕੀ ਹੈ ਮੇਰੇ ਕੋਲ। ਉਹ ਕਹਿੰਦੇ ਬਾਬਾ! ਤੇਰੀ ਤਾਂ ਉਮਰ ੭੦ ਸਾਲ ਦੀ ਹੋ ਗਈ। ਕੀ ਕਰੇਂਗਾ, ਕਿਹੜੇ ਵੇਲੇ ਪਾਲੇਂਗਾ। ਕਹਿੰਦਾ, ਚਾਹੇ ਕੁਛ ਵੀ ਹੈ ਪਰ ਪੁੱਤਰ ਹੋਣਾ ਚਾਹੀਦਾ ਹੈ। ਉਹ ਕਹਿੰਦੇ ਦੇਖ, ਗੁਰੂ ਮਹਾਰਾਜ ਦਾ ਜੋ ਬਚਨ ਹੈ ਅਸੀਂ ਤੈਨੂੰ ਬਚਨ ਸੁਣਾ ਦਿੰਦਾ ਹਾਂ। ਅੱਗੇ ਤੂੰ ਫੈਸਲਾ ਕਰ ਲਈਂ ਕਿ ਉਹਦੀ ਪਾਲਣਾ ਕਰਨੀ ਹੈ ਕਿ ਨਹੀਂ ਕਰਨੀ।

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਬਾਬਾ! ਨਹੀਂ ਵਾਸ਼ਨਾ ਹਟਦੀ ਤੇਰੀ ਪੁੱਤਰ ਦੀ? ਕਹਿੰਦਾ, ਨਹੀਂ ਹਟਦੀ। ਫੇਰ ਐਉਂ ਕਰ, ਰਾਮਦਾਸਪੁਰ ਚਲਿਆ ਜਾਹ, ਅੰਮ੍ਰਿਤਸਰ, ਗੁਰੂ ਰਾਮਦਾਸ ਮਹਾਰਾਜ ਜੀ ਐਸ ਵੇਲੇ ਉਥੇ ਨੇ, ਤੂੰ ਸੰਗਤਾਂ ਦੀ ਸੇਵਾ ਕਰਕੇ ਗੁਰੂ ਨੂੰ ਪ੍ਰਸੰਨ ਕਰ ਲੈ। ਇੱਕ ਪੁੱਤਰ ਕੀ, ਜੋ ਕੁਛ ਤੂੰ ਮੰਗੇਂਗਾ ਤੈਨੂੰ ਉਥੋਂ ਮਿਲ ਜਾਏਗਾ। ਗੁਰੂ ਤਾਂ ਖਜ਼ਾਨਾ ਹੈ -

***ਸਭਿ ਨਿਧਾਨ ਸਤਿਗੁਰੂ ਵਿਚਿ***
***ਜਿਸੁ ਅੰਦਰਿ ਹਰਿ ਉਰ ਧਾਰੇ ॥ ਅੰਗ - ੩੦੭***

ਉਹ ਤਾਂ ਖਜ਼ਾਨਾ ਹੈ ਕੋਈ ਚੀਜ਼ ਮੰਗ ਲੈ।

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥***
***ਘਰਿ ਤ ਤੇਰੈ ਸਭੁ ਕਿਛੁ ਹੈ***
***ਜਿਸੁ ਦੇਹਿ ਸੁ ਪਾਵਏ ॥ ਅੰਗ - ੯੧੭***

ਕੁਛ ਮੰਗ ਲੈ। ਉਹ ਵਾਹਿਗੁਰੂ ਨੂੰ ਵੀ ਮੇਲ ਦਿੰਦਾ ਹੈ, ਨਿਸਤਾਰ ਵੀ ਕਰ ਦਿੰਦਾ ਹੈ, ਨਾਲੇ ਚੀਜ਼ਾਂ ਵੀ ਦੇ ਦਿੰਦਾ ਹੈ। ਕਹਿੰਦਾ ਮੈਨੂੰ ਤਾਂ ਪਤਾ ਨਹੀਂ ਸੀ, ਸੁਣਦਾ ਤਾਂ ਮੈਂ ਸੀ ਪਿਆਰਿਆ। ਲੇਕਿਨ ਤੇਰੇ ਵਾਂਗਣ ਕਿਸੇ ਨੇ ਮੈਨੂੰ ਗੱਲ ਨਹੀਂ ਸਮਝਾਈ। ਘਰਵਾਲੀ ਨੂੰ, ਲੜਕੀ ਨੂੰ ਤਿਆਰ ਕਰ ਲਿਆ। ਤਿਆਰ ਕਰਕੇ ਅੰਮ੍ਰਿਤਸਰ ਚਲੇ ਜਾਂਦੇ ਨੇ। ਉਥੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਲੱਕੜੀਆਂ ਲਿਆਉਂਦਾ ਹੈ ਗੁਰੂ ਘਰ ਲਈ, ਘਰਵਾਲੀ ਝਾੜੂ ਦਿੰਦੀ ਹੈ, ਬਰਤਨ ਮਾਂਜਦੀ ਹੈ, ਵਸਤਰ ਧੋਂਦੀ ਹੈ। ਲੜਕੀ ਉਸਦੀ ਮਦਦ ਕਰਦੀ ਹੈ ਤੇ ਪ੍ਰਸ਼ਾਦਾ ਲੰਗਰ 'ਚ ਨਹੀਂ ਛਕਦੇ, ਆਪਣੇ ਘਰ ਹੀ ਛਕਦੇ ਨੇ। ਸਮਾਂ ਬੀਤ ਗਿਆ, ਸਾਲ ਲੰਘ ਗਿਆ, ਦੋ ਸਾਲ ਲੰਘ ਗਏ, ਸਾਰਿਆਂ 'ਚ ਹੋ ਗਿਆ ਭਾਈ ਆਦਮ ਬਹੁਤ ਸੇਵਾ ਕਰਦਾ ਹੈ। ਸਿੱਖਾਂ ਦੇ ਵਿੱਚ ਕੁਛ ਮਾਣ ਬਣ ਗਿਆ। ਪਿਆਰਾ ਲੱਗਣ ਲਗ ਗਿਆ ਕਿ ਗੁਰੂ ਘਰ ਦੀ ਸੇਵਾ ਕਰਦਾ ਹੈ ਪਰਿਵਾਰ। ਪਰ ਆਪਣੇ ਮਨ ਦੇ ਅੰਦਰ ਦੀ ਵਾਸ਼ਨਾ ਕਿਸੇ ਨੂੰ ਨਹੀਂ ਦਸਦੇ। ਨਾ ਕੋਈ ਸਮਝਦਾ ਹੈ ਕਿ ਇਹਦੀ ਵਾਸ਼ਨਾ ਕੀ ਹੋਣੀ ਹੈ। ਸੰਤੁਸ਼ਟ ਪੁਰਸ਼ ਹੈ।

ਇੱਕ ਵਾਰੀ ਐਸਾ ਹੋਇਆ ਕਿ ਗੁਰੂ ਮਹਾਰਾਜ ਬਾਹਰ ਗਏ ਹੋਏ ਨੇ, ਸਰਦੀ ਦਾ ਮਹੀਨਾ ਹੈ, ਮੀਂਹ ਪੈਣ ਲਗ ਗਿਆ। ਸੰਗਤਾਂ ਦੇ ਵਸਤਰ ਭਿੱਜ ਗਏ, ਜਿਨ੍ਹਾਂ 'ਚ ਬੀਬੀਆਂ ਨੇ, ਬੱਚੇ ਨੇ, ਬਿਰਧ ਨੇ, ਜੁਆਨ ਨੇ; ਮਹਾਰਾਜ ਜੀ ਦੇ ਨਾਲ-ਨਾਲ ਤੁਰੇ ਆਉਂਦੇ ਨੇ, ਪੋਹ ਦਾ ਮਹੀਨਾ ਹੈ, ਕਈਆਂ ਦਾ ਨੱਕ ਸੁੜ-ਸੁੜ ਕਰਨ ਲਗ ਗਿਆ, ਬੰਦ ਹੋ ਗਿਆ ਤੇ ਮਹਾਰਾਜ ਜੀ ਸਿੱਧੇ ਲੰਗਰ ਵਿੱਚ ਆਏ, ਆ ਕੇ ਕਹਿਣ ਲੱਗੇ ਲਾਂਗਰੀ ਸਿੰਘ ਨੂੰ ਕਿ ਪ੍ਰੇਮੀਆਂ! ਲੱਕੜ ਕਿੰਨੀ ਕੁ ਹੈ ਲੰਗਰ ਵਿੱਚ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਅੱਜਕਲ੍ਹ ਸੇਵਾ ਚਲਦੀ ਹੈ ਤੇ ਸੰਗਤ ਬੇਅੰਤ ਆਉਂਦੀ ਹੈ ਦਿਨ ਵਿੱਚ। ਰਾਤ ਨੂੰ ਵੀ ਇੱਥੇ ਠਹਿਰਦੀ ਹੈ ਤੇ ਲੰਗਰ ਅੱਗੇ ਨਾਲੋਂ ੧੦-੧੫ ਗੁਣਾਂ ਜ਼ਿਆਦਾ ਚਲਦਾ ਹੈ, ਹੁਣ ਤਾਂ ਲੱਕੜ ਮਸਾਂ ਹੀ ਪੂਰਾ ਪਾਉਂਦੀ ਹੈ ਤੇ ਕੱਲ੍ਹ ਨੂੰ ਆਏਗੀ ਤਾਂ ਲੰਗਰ ਬਣੇਗਾ, ਸਵੇਰ ਜੋਗਾ ਪ੍ਰਸ਼ਾਦਾ ਬਣਾਉਣ ਲਈ ਹੈਗਾ ਬਾਲਣ। ਮਹਾਰਾਜ ਜੀ, ਚੁੱਪ ਕਰ ਗਏ, ਅੰਦਰ ਚਲੇ ਗਏ। ਲੇਕਿਨ ਧਿਆਨ ਸਿੱਖਾਂ ਵਲ ਮਹਾਰਾਜ ਜੀ ਦਾ ਰਿਹਾ ਕਿ ਗਿੱਲੇ ਕੱਪੜੇ ਨੇ, ਠੰਢੀ ਹਵਾ ਚਲਦੀ ਹੈ ਰੀਵੀ ਜਿਹਨੂੰ ਕਹਿੰਦੇ ਨੇ; ਵਿਚ ਦੀ ਲੰਘਦੀ ਜਾਂਦੀ ਹੈ, ਹੋਊ ਕੀ; ਅੰਮ੍ਰਿਤਸਰ ਸਰਦੀ ਵੈਸੇ ਵੀ ਸਭ ਤੋਂ ਜ਼ਿਆਦਾ ਪੈਂਦੀ ਹੈ। ਮਹਾਰਾਜ ਜੀ ਅੰਮ੍ਰਿਤ ਵੇਲੇ ਜਦ ਉਠਦੇ ਨੇ, ਕੀ ਦੇਖਦੇ ਨੇ ਕਿ ਚਾਨਣ ਹੋਇਆ ਪਿਆ ਹੈ। ਉਨ੍ਹਾਂ ਗੁਰਸਿੱਖਾਂ ਦੇ ਵਿੱਚ ਭਾਈ ਆਦਮ ਸੀ। ਆਦਮ ਘਰ ਨੂੰ ਗਿਆ, ਜਾ ਕੇ ਘਰਵਾਲੀ ਨੂੰ ਦੱਸਿਆ ਕਿ ਸੁਭਾਗਣੇ! ਅੱਜ ਮੌਕਾ ਹੈ, ਗੁਰੂ ਨੂੰ ਖੁਸ਼ ਕਰਨ ਦਾ। ਕਹਿੰਦੀ ਕੀ ਗੱਲ? ਕਹਿੰਦਾ ਇਸ ਤਰ੍ਹਾਂ ਹੈ ਕਿ ਸਿੱਖ ਭਿੱਜੇ ਹੋਏ ਨੇ, ਡੇਰੇ ਠੰਢੇ ਪਏ ਨੇ ਤੇ ਆਪਾਂ ਜੇ ਲੱਕੜੀਆਂ ਚੁੱਕ ਕੇ ਡੇਰੇ ਦੇ ਹਰੇਕ ਦਰਵਾਜ਼ੇ ਦੇ ਅੱਗੇ ਧੂਣੀ ਲਾ ਦੇਈਏ ਤਾਂ ਗਰਮ ਹਵਾ ਅੰਦਰ ਜਾਏਗੀ। ਵਸਤਰ ਉਨ੍ਹਾਂ ਦੇ ਭਿੱਜੇ ਹੋਏ ਨੇ ਉਨ੍ਹਾਂ ਨੇ ਸੁੱਕਣੇ ਪਾਉਣੇ ਹੀ ਨੇ, ਨਾਲੇ ਉਹ ਸੁੱਕ ਜਾਣਗੇ, ਨਾਲੇ ਨਿੱਘ ਰਹੇਗਾ ਸਾਰੀ ਰਾਤ, ਠੰਢ ਤੋਂ ਬਚ ਜਾਣਗੇ, ਆਰਾਮ ਵੀ ਕਰ ਲੈਣਗੇ; ਗੁਰੂ ਵੀ ਪ੍ਰਸੰਨ ਹੋ ਜਾਏਗਾ, ਲੰਗਰ ਵਿੱਚ ਲੱਕੜਾਂ ਹੈ ਨਹੀਂ। ਜਿਹੜਾ ਇੱਕ ਭਰ੍ਹਾ ਲਿਆਂਦਾ ਹੁੰਦਾ ਵਾਧੂ, ਉਹ ਜਮ੍ਹਾਂ ਹੋ-ਹੋ ਕੇ ਬੜਾ ਭਾਰੀ ਟਾਲ ਵਰਗਾ ਬਣ ਗਿਆ। ਉਸੇ ਵੇਲੇ ਤਿੰਨੋਂ ਜਣੇ ਲਗ ਗਏ, ਭਰ੍ਹਾ ਚੁੱਕਦੇ ਨੇ ਜਾ ਕੇ ਸਾਰੇ ਕਮਰਿਆਂ ਦੇ ਅੱਗੇ ਇੱਕ-ਇੱਕ ਧੂਣੀ ਲਾ ਦਿੱਤੀ। ਫੇਰ ਮੁੜ-ਮੁੜ ਕੇ ਲੱਕੜਾਂ ਪਾਈ ਜਾਂਦੇ ਨੇ। ਧੂਣੀ ਨੀਵੀਂ ਨਹੀਂ ਹੋਣ ਦਿੱਤੀ ਕੋਈ ਵੀ।

ਜਦੋਂ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਦੇਖਿਆ, ਚਾਨਣਾ ਹੋਇਆ ਪਿਆ ਹੈ। ਜਦ ਆਪ ਨੇ ਪੁੱਛਿਆ ਤਾਂ ਸਿੱਖਾਂ ਨੇ ਦੱਸਿਆ ਕਿ ਮਹਾਰਾਜ ਇੱਕ ਸਿੱਖ ਹੈ, ਜਿਸਨੂੰ ਆਦਮ ਕਹਿੰਦੇ ਨੇ ਤੇ ਬਰਾੜ ਹੈ ਉਹ ਬਠਿੰਡੇ ਵਲ ਦਾ। ਮਹਾਰਾਜ! ਉਹ

ਕਿੰਨੇ ਸਾਲ ਦਾ ਸੇਵਾ ਕਰਦਾ ਹੈ। ਇੱਕ ਉਹ ਹੈ ਤੇ ਇੱਕ ਉਹਦੀ ਲੜਕੀ ਹੈ, ਘਰਵਾਲੀ ਹੈ। ਅੱਜ ਜਦ ਆਪ ਦੇ ਮੁਖਾਰਬਿੰਦ ਤੋਂ ਫੁਰਮਾਨ ਹੋਇਆ, ਉਹ ਇੱਕ ਭਰ੍ਹਾ ਲੱਕੜਾਂ ਦਾ ਘਰ ਰੱਖਿਆ ਕਰਦਾ ਸੀ, ਇੱਕ ਲੰਗਰ 'ਚ ਦਿੰਦਾ ਸੀ। ਘਰ ਜਿਹੜੀ ਲੱਕੜੀ ਪਈ ਸੀ ਉਹ ਸਾਰੀ ਦੀ ਸਾਰੀ ਗੁਰੂ ਦੀ ਸੇਵਾ ਵਿੱਚ ਉਹਨੇ ਖਰਚ ਕਰ ਦਿੱਤੀ। ਮਹਾਰਾਜ ਜੀ ਬੜੇ ਪ੍ਰਸੰਨ ਹੋਏ। ਕਹਿਣ ਲੱਗੇ, ਦੀਵਾਨ ਤੋਂ ਬਾਅਦ ਸਾਡੇ ਹਾਜ਼ਰ ਕਰਿਓ। ਦੀਵਾਨ ਦੀ ਸਮਾਪਤੀ ਹੋਈ, ਆਸਾ ਜੀ ਦੀ ਵਾਰ ਦੀ। ਪੁੱਛਿਆ ਗੁਰਸਿੱਖਾ! ਦੱਸ ਕੀ ਇੱਛਿਆ ਰੱਖ ਕੇ ਤੂੰ ਸੇਵਾ ਕਰਦਾ ਹੈਂ? ਅੱਜ ਗੁਰੂ ਨਾਨਕ ਤੋਂ ਤੈਨੂੰ ਸਭ ਕੁਛ ਦਿਵਾ ਸਕਦੇ ਹਾਂ। ਗੁਰੂ ਪ੍ਰਸੰਨ ਹੋ ਗਿਆ ਤੇਰੇ 'ਤੇ। ਸੰਗ ਗਿਆ ਕਿ ਹੁਣ ਮੈਂ ਕੀ ਕਹਾਂ। ਮਹਾਰਾਜ ਕਹਿੰਦੇ ਜੋ ਕੁਛ ਕਹਿਣ ਆਇਆ ਹੈਂ ਉਹ ਕਹਿ ਦੇ। ਕਹਿਣ ਲੱਗਿਆ, ਮਹਾਰਾਜ! ਨਾਮ ਦਾਨ ਦੇ ਦਿਓ। ਕਹਿੰਦੇ ਉਹ ਤਾਂ ਗੱਲ ਫੇਰ ਕਰੀਂ। ਕਿਉਂਕਿ ਜਿਹੜੀ ਇੱਛਿਆ ਪ੍ਰਬਲ ਹੋਵੇ ਉਹ ਪੂਰੀ ਹੋਣੀ ਚਾਹੀਦੀ ਹੈ।

***ਭੂਖੇ ਭਗਤਿ ਨ ਕੀਜੈ ॥***
***ਯਹ ਮਾਲਾ ਅਪਨੀ ਲੀਜੈ ॥ ਅੰਗ - ੬੫੬***

ਰੋਟੀ ਦੀ ਤਾਂ ਭੁੱਖ ਲੱਗੀ ਹੋਈ ਤੇ ਨਾਮ ਦੀ ਗੱਲ ਕਰਦਾ ਹੈ ਕਿ ਮੇਰਾ ਮਨ ਨਹੀਂ ਟਿਕਦਾ। ਤੇਰਾ ਮਨ ਕਿੱਥੋਂ ਟਿਕ ਜਾਏਗਾ। ਜਦੋਂ ਅੱਜ ਮੈਂ ਜਦ ਕਾਰ ਵਿੱਚ ਬੈਠਣ ਲੱਗਿਆ ਤਾਂ ਇੱਕ ਪ੍ਰੇਮੀ ਆਇਆ। ਮੈਂ ਖਿੜਕੀ ਬੰਦ ਕਰ ਰਿਹਾ ਸੀ, ਕਹਿੰਦਾ ਜੀ! ਮੇਰਾ ਮਨ ਨਹੀਂ ਟਿਕਦਾ? ਮੈਂ ਕਿਹਾ, ਮਨ ਕੋਈ ਛੋਟੀ ਗੱਲ ਹੈ, ਮਨ ਤਾਂ ਵੱਡਿਆਂ-ਵੱਡਿਆਂ ਦਾ ਨਹੀਂ ਟਿਕਦਾ। ਕੋਈ ਮੰਤਰ ਤਾਂ ਹੈ ਨਹੀਂ ਜਿਹੜਾ ਮੈਂ ਮਾਰ ਦੇਵਾਂ। ਵਕਤ ਸਿਰ ਬਾਤ ਹੋਇਆ ਕਰਦੀ ਹੈ।

ਸੋ ਉਸ ਵੇਲੇ ਭਾਈ ਆਦਮ ਅਸਲੀ ਗੱਲ ਨਹੀਂ ਕਰ ਰਿਹਾ, ਮਹਾਰਾਜ ਜੀ ਕਹਿੰਦੇ ਜਾਹ, ਸੋਚ ਕੇ ਕੱਲ੍ਹ ਨੂੰ ਦੱਸੀਂ। ਤਿੰਨ ਬਚਨ ਹੁੰਦੇ ਨੇ, ਤਿੰਨ ਵਾਰੀ ਕਾਂਗ ਉੱਠਦੀ ਹੈ ਮਹਾਤਮਾ ਦੇ ਅੰਦਰੋਂ, ਚੌਥੀ ਵਾਰ ਬੁੱਝ ਜਾਂਦੀ ਹੁੰਦੀ ਹੈ। ਦੂਸਰੇ ਦਿਨ ਆ ਗਏ, ਪਰਿਵਾਰ ਆ ਗਿਆ। ਲੜਕੀ ਨੇ ਕਿਹਾ ਕਿ ਮਹਾਰਾਜ ਮੇਰੇ ਭਰਾ ਨਹੀਂ ਹੈ, ਇਹ ਤਾਂ ਸੰਗਦੇ ਮਾਰੇ ਕਹਿ ਨਹੀਂ ਰਹੇ। ਮਹਾਰਾਜ ਜੀ ਬੜੇ ਪ੍ਰਸੰਨ ਸੀ, ਕਹਿਣ ਲੱਗੇ, ਬਾਬਾ ਆਦਮ! ਤੇਰੀ ਕਿਸਮਤ ਵਿੱਚ ਨਹੀਂ ਲਿਖਿਆ ਹੋਇਆ, ਸੱਤ ਜਨਮ ਤਕ ਪੁੱਤਰ ਨਹੀਂ ਤੇਰੇ ਹੋਣਾ, ਪਰ ਤੂੰ ਸੇਵਾ ਕਰਕੇ ਸਾਨੂੰ ਪ੍ਰਸੰਨ ਕਰ ਲਿਆ। ਸਾਡੇ ਚੌਥਾ ਪੁੱਤਰ ਆਉਣਾ ਹੈ, ਉਹ ਅਸੀਂ ਤੇਰੇ ਘਰ ਭੇਜ ਦਿੰਦੇ ਹਾਂ, ਉਹਦਾ ਨਾਉਂ ਭਗਤੂ ਰੱਖੀਂ, ਬੜਾ ਸਿੱਧ ਪੁਰਸ਼ ਹੋਏਗਾ ਜਮਾਂਦਰੂ ਹੀ, ਉਹਦਾ ਨਿਰਾਦਰ ਨਾ ਕਰੀਂ। ਕਦੇ ਫਿਟਕਾਰ ਨਾ ਪਾਈਂ ਉਹਦੇ ਉਪਰ। ਉਹ ਸਿੱਧ ਪੁਰਸ਼ ਹੈ ਜੋ ਬਚਨ ਮੂੰਹੋਂ ਕਹਿ ਦੇਵੇਗਾ, ਉਸੇ ਵੇਲੇ ਪੂਰਾ ਹੋ ਜਾਏਗਾ।

ਦੱਸਦੇ ਨੇ ਇਤਿਹਾਸ ਵਾਲੇ ਕਿ ਇੱਕ ਵਾਰੀ ਇੱਕ ਮਾਤਾ ਦੇ ਨਾਲ ਇੱਕ ਵਾਰੀ ਗੁਰੂ ਸਤਵੇਂ ਪਾਤਸ਼ਾਹ ਦੇ ਦਰਸ਼ਨ ਕਰਕੇ ਜਾ ਰਿਹਾ ਹੈ। ਮਾਤਾ ਕਹਿਣ ਲੱਗੀ, ਬੇਟਾ! ਤੁਰਦਿਆਂ-ਤੁਰਦਿਆਂ ਦੇ ਕਪੜੇ ਦੇਖ ਕਿੰਨੇ ਮੈਲੇ ਹੋ ਗਏ। ਪਾਣੀ ਕਿਤੇ ਰਾਹ ਵਿੱਚ ਆਇਆ ਨਹੀਂ ਹੈ, ਜੇਠ ਹਾੜ੍ਹ ਦਾ ਮਹੀਨਾ ਹੈ, ਪੀਣ ਨੂੰ ਲੱਭਦਾ ਨਹੀਂ ਹੈ ਤੇ ਪਾਣੀ ਹੋਣਾ ਚਾਹੀਦਾ ਹੈ। ਕਹਿੰਦੇ, ਮਾਤਾ ਕਿਸੇ ਨੂੰ ਦੱਸੀਂ ਨਾ, ਪਾਣੀ ਤਾਂ ਹੋ ਜਾਏਗਾ। ਕਹਿੰਦੀ, ਮੈਂ ਕਾਹਨੂੰ ਦੱਸਾਂਗੀ। ਕਹਿੰਦੇ ਉਹ ਢੀਮ ਚੁੱਕ ਲੈ ਟੋਭੇ ਦੀ, ਉਹਦੇ ਥੱਲਿਓਂ ਪਾਣੀ ਹੀ ਪਾਣੀ ਆ ਜਾਣਾ ਹੈ। ਜਦ ਢੀਮ ਚੁੱਕੀ ਤਾਂ ਪਾਣੀ ਆਉਣਾ ਸ਼ੁਰੂ ਹੋ ਗਿਆ, ਜਿਵੇਂ ਚਸ਼ਮਾ ਚਲਦਾ ਹੈ, ਕੱਪੜੇ ਧੋਤੇ, ਇਸ਼ਨਾਨ ਕਰਿਆ। ਭਾਈ ਭਗਤੂ ਪਿੰਡ ਵਲ ਨੂੰ ਚਲਿਆ ਗਿਆ ਕਿ ਮੈਂ ਖੂਹ ਤੋਂ ਲਿਆਂਦਾ ਹਾਂ ਪਾਣੀ ਕਿਤੋਂ ਮੰਗ ਕੇ ਤੇਰੇ ਵਾਸਤੇ। ਦੱਸਿਆ ਨਹੀਂ ਆਪਣਾ, ਮਾਤਾ ਨੂੰ ਭੁਲੇਖੇ ਵਿੱਚ ਪਾ ਦਿੱਤਾ। ਸੋ ਐਸੀਆਂ ਸੁਤੇ-ਸਿੱਧ ਉਹਦੇ ਵਿੱਚ ਅਵਸਥਾਵਾਂ ਸੀ, ਉਹਦੀ ਹੀ ਓਲਾਦ ਫੇਰ ਕੈਂਥਲ ਦੇ ਰਾਜੇ ਬਣੇ। ਲੇਕਿਨ ਗੁਰੂ ਦਸਵੇਂ ਪਾਤਸ਼ਾਹ ਦੇ ਨਾਲ ਨਿਭ ਨਹੀਂ ਸੀ ਸਕੇ, ਫਤਹਿ ਸਿੰਘ ਵਗੈਰਾ ਤ੍ਰਿਲੋਕ ਸਿੰਘ ਨੱਠ ਆਏ ਸੀਗੇ। ਲੇਕਿਨ ਮਤਲਬ ਇਹ ਹੈ ਕਿ ਜੋ ਮੰਗਦਾ ਹੈ ਉਹ ਪ੍ਰਾਪਤ ਹੋ ਜਾਂਦਾ ਹੈ ਪਰ ਗੁਰੂ ਪੀਰਾਂ ਦੀ ਸੇਵਾ ਕਰਨੀ ਕੋਈ ਖਾਲ੍ਹਾ ਜੀ ਦਾ ਵਾੜਾ ਨਹੀਂ ਹੁੰਦਾ।

***ਧਾਰਨਾ - ਔਖੀ ਗੁਰ ਪੀਰਾਂ ਦੀ ਸੇਵਾ,***
***ਭਉਜਲੁ ਬਿਖੜਾ ਤਾਰਦੀ।***

ਗੁਰਾਂ ਦੀ, ਪੀਰਾਂ ਦੀ, ਮਹਾਂਪੁਰਸ਼ਾਂ ਦੀ ਸੇਵਾ ਬੜੀ ਔਖੀ ਹੁੰਦੀ ਹੈ, ਲੇਕਿਨ ਜੇ ਪ੍ਰਵਾਨ ਹੋ ਜਾਵੇ ਤਾਂ ਭਵਜਲ ਤਰ ਜਾਇਆ ਕਰਦਾ ਹੈ, ਜੰਮਣ-ਮਰਨ ਦਾ ਚੱਕਰ ਹਟ ਜਾਂਦਾ ਹੈ, ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਉੱਚੇ ਤੋਂ ਉੱਚਾ ਦਰਜਾ ਮਿਲ ਜਾਂਦਾ ਹੈ।

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬***

ਵਾਹਿਗੁਰੂ ਵਰਗਾ ਬਣਾ ਦਿੰਦੀ ਹੈ ਸੇਵਾ, ਜੇ ਨਿਭ ਜਾਵੇ। ਨਿਭਣੀ ਬੜੀ ਔਖੀ ਹੈ, ਕਿਉਂਕਿ ਆਦਮੀ ਦਾ ਮਨ ਐਸਾ ਬਣਾਇਆ ਹੈ ਕਿ ਇਹਦੇ ਵਿੱਚ ਕਿੰਤੂ ਪਰੰਤੂ ਉਠਦਾ ਹੀ ਰਹਿੰਦਾ ਹੈ, ਚਾਹੇ ਕਿੱਡੇ ਹੀ ਸੰਤ ਨਾਲ ਲੱਗਿਆ ਹੋਵੇ। ਕਿਤੇ ਨਾ ਕਿਤੇ ਉਹਦੀ ਕਿਰਿਆ ਦੇ ਉੱਤੇ ਕਿੰਤੂ ਪਰੰਤੂ ਕਰ ਹੀ ਜਾਂਦਾ ਹੈ। ਉਹ ਸੰਤ ਆਪਣੀ ਮੌਜ ਵਿੱਚ ਹੁੰਦਾ ਹੈ ਉਹਨੂੰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ। ਇਹ ਸੰਤਾਂ ਨੂੰ ਚੈੱਕ ਕਰਦਾ ਹੈ, ਰੋਟੀ ਖਾਂਦਿਆਂ ਦੀਆਂ ਬੁਰਕੀਆ ਗਿਣਦਾ ਰਹਿੰਦਾ ਹੈ। ਉਹ ਫੇਰ ਸੇਵਾ ਨਹੀਂ ਹੋਇਆ ਕਰਦੀ, ਸੇਵਾ ਥਾਂ ਨਹੀਂ ਪੈਂਦੀ।

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥***
***ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥***
***ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥***
***ਅੰਗ - ੧੪੨੨***

ਜੇ ਪ੍ਰਵਾਨ ਹੋ ਗਈ ਸੇਵਾ। ਇੱਕ ਮਹਾਤਮਾ ਸੀ, ਉਹ

ਹੁਕਮ ਮੰਨਣ ਦੀ ਆਦਤ ਸਿਖਾ ਰਹੇ ਸੀ।ਪਜੇ ਪ੍ਰਸ਼ਾਦੇ ਛਕ ਰਹੇ ਨੇ, ਪੰਗਤ ਵਿੱਚ ਬੈਠੇ ਨੇ, ਕਿਸੇ ਨੇ ਬੁਰਕੀ ਤੋੜ ਲਈ, ਕਿਸੇ ਨੇ ਮੂੰਹ ਵਿੱਚ ਪਾ ਲਈ, ਕੋਈ ਪ੍ਰਸ਼ਾਦਾ ਮੰਗ ਰਿਹਾ ਹੈ, ਕੋਈ ਦੇ ਰਿਹਾ ਹੈ, ਉਥੇ ਉਨ੍ਹਾਂ ਨੇ stop (ਰੁਕੋ) ਕਹਿ ਦੇਣਾ ਹੈ। ਜਿਸ ਹਾਲਤ ਕੋਈ ਜਿਵੇਂ ਵੀ ਹੈ ਉਵੇਂ ਹੀ ਖੜ੍ਹ ਜਾਂਦੇ ਸੀ। ਇਕ ਦਿਨ ਨਹਿਰ ਜਿਹੜੀ ਕੋਲ ਦੀ ਲੰਘਦੀ ਸੀ, ਉਹਦਾ ਪਾਣੀ ਸੁੱਕਿਆ ਹੋਇਆ ਸੀ, ਮਹਾਤਮਾ ਕਹਿਣ ਲੱਗੇ, ਨਹਿਰ 'ਚੋਂ ਲੰਘੋ, ਇਕੱਲਾ-ਇਕੱਲਾ ਲੰਘੋ, ਪੰਜ-ਪੰਜ, ਦੱਸ-ਦੱਸ ਫੁੱਟ ਦਾ ਫਾਸਲਾ ਰਖ ਕੇ। ਸਾਰੇ ਹੀ ਮੁਰੀਦ ਉਨ੍ਹਾਂ ਦੇ ਐਧਰਲੇ ਕੰਢੇ ਤੋਂ ਲੈ ਕੇ ਓਧਰਲੇ ਕੰਢੇ ਤਕ ਜਾ ਪਹੁੰਚੇ, ਉਹ ਕਹਿੰਦੇ stop, ਤੰਬੂ ਲੱਗਿਆ ਹੋਇਆ ਸੀ ਆਪ ਦਾ, ਉਥੇ ਜਾ ਕੇ ਆਰਾਮ ਨਾਲ ਚਾਰਪਾਈ 'ਤੇ ਪੈ ਗਏ। ਆਰਾਮ ਕਰਨ ਲਗ ਗਏ। ਏਧਰਲੇ ਪਾਸੇ ਹੈੱਡ ਵਾਲਿਆਂ ਨੇ ਪਾਣੀ ਛੱਡ ਦਿੱਤਾ ਤੇ ਮੁਰੀਦਾਂ ਨੂੰ ਤਾਂ ਪੈ ਗਿਆ ਫਿਕਰ ਕਿ ਹੁਣ ਕੀ ਹੋਏਗਾ। ਗੁਰੂ ਤਾਂ ਸਾਡਾ ਜਾ ਕੇ ਕੈਂਪ 'ਚ ਪੈ ਗਿਆ। ਕੈਂਪ ਕਿੱਥੇ ਜਾ ਕੇ ਹੈ, ਉਨ੍ਹਾਂ ਨੂੰ ਕੀ ਪਤਾ ਲੱਗੇਗਾ ਕਿ ਨਹਿਰ ਵਿੱਚ ਪਾਣੀ ਆ ਗਿਆ। ੨੦-੨੫ ਜਿੰਨੇ ਵੀ ਸੀ ਸਾਰਿਆਂ ਦੇ ਮਨ 'ਚੋਂ ਨਿਸ਼ਚਾ ਤਾਂ ਖਤਮ ਹੋ ਗਿਆ ਕਿ ਗੁਰੂ ਅੰਤਰਜਾਮੀ ਹੈ, ਕਹਿੰਦੇ ਰੁੜ੍ਹ ਜਾਵਾਂਗੇ, ਗੁਰੂ ਨੂੰ ਜਦ ਪਤਾ ਲਗਣਾ ਹੈ ਓਦੋਂ ਤਾਂ ਕੁਛ ਵੀ ਪਤਾ ਨਹੀਂ ਲਗਣਾ। ਪਾਣੀ ਆਉਣ ਲਗ ਗਿਆ, ਜਦੋਂ ਚੜ੍ਹਨ ਲੱਗਿਆ, ਰੁੜ੍ਹੇ ਵੀ, ਜਿਹਦੇ ਕੋਲ ਪਾਣੀ ਜ਼ਿਆਦਾ ਹੋ ਜਾਵੇ ਉਹ ਬਾਹਰ ਨਿਕਲਣ ਲਗ ਜਾਵੇ ਤੇ ਗੁਰੂ ਆਪਣੀ ਅੰਤਰਜਾਮਤਾ, ਯੋਗ ਵਿਦਿਆ ਦੇ ਬਲ ਨਾਲ ਦੇਖ ਰਿਹਾ ਸੀ, ਕੀ ਭਾਣਾ ਵਰਤ ਰਿਹਾ। ਇੱਕ ਮੁਰੀਦ ਨਾ ਨਿਕਲਿਆ। ਓਸ ਵੇਲੇ ਪੀਰ ਜੀ ਦੌੜੇ ਆਉਂਦੇ ਨੇ, ਜਦੋਂ ਉਹਦੇ ਬੁਲ੍ਹਾਂ ਨੂੰ ਪਾਣੀ ਲਗਣਾ ਸ਼ੁਰੂ ਹੋ ਗਿਆ, ਲੇਕਿਨ ਉਹ ਬਾਹਰ ਨਹੀਂ ਨਿਕਲਦਾ। ਆਵਾਜ਼ ਦਿੱਤੀ ਕਿ ਬਾਹਰ ਆ ਜਾ, ਕਹਿੰਦੇ ਕਿ ਭਾਈ! ਤੂੰ ਬਾਹਰ ਨਹੀਂ ਨਿਕਲਿਆ, ਸਾਰੇ ਬਾਹਰ ਨਿਕਲ ਆਏ, ਕਿਉਂ ਬਈ ਤੁਸੀਂ ਸਾਰੇ ਹੀ ਨਿਕਲ ਆਏ ਇਹਨੂੰ ਨਾ ਕੱਢਿਆ। ਕਹਿੰਦੇ ਮਹਾਰਾਜ! ਆਪਣੀ-ਆਪਣੀ ਅਕਲ ਹੁੰਦੀ ਹੈ, ਅਸੀਂ ਤਾਂ ਕਿਹਾ ਸੀ ਰੁੜ੍ਹ ਜਾਵਾਂਗੇ, ਗੁਰੂ ਨੂੰ ਕਿਹੜਾ ਪਤਾ ਲਗਣਾ ਹੈ ਕਿ ਰੁੜ੍ਹ ਗਏ। ਅਜੇ ਲੱਭਿਆ-ਲਭਾਇਆ ਸਾਨੂੰ ਕੁਛ ਨਹੀਂ, ਉਹ ਤਾਂ ਵਿਚਾਲੇ ਹੀ ਰਹਿ ਜਾਵਾਂਗੇ। ਕਹਿੰਦੇ ਤੁਸੀਂ ਸਾਰੇ ਹੀ ਫੇਲ੍ਹ ਇਹ ਇੱਕ ਪਾਸ। ਪਹਿਲੀ ਗੱਲ ਤਾਂ ਇਹ ਕਿ ਤੁਹਾਨੂੰ ਨਿਸ਼ਚਾ ਨਹੀਂ ਆਇਆ ਕਿ ਗੁਰੂ ਨੂੰ ਪਤਾ ਹੁੰਦਾ ਹੈ, ਗੁਰੂ ਨੂੰ ਮਨੁੱਖ ਜਾਣਿਆ, ਤੁਹਾਡਾ ਕੁਛ ਨਹੀਂ ਬਣਨਾ। ਫੇਰ ਤੁਸੀਂ ਤਾਂ ਗੁਰੂ ਦਾ ਹੁਕਮ ਨਾ ਮੰਨਿਆ। ਬਹੁਤ ਔਖੀ ਹੈ ਇਹ ਗੁਰੂਆਂ ਤੇ ਪੀਰਾਂ ਦੀ ਸੇਵਾ।

ਗੁਰੂ ਅੰਗਦ ਸਾਹਿਬ ਮਹਾਰਾਜ, ਗੁਰੂ ਨਾਨਕ ਪਾਤਸ਼ਾਹ ਦੇ ਕੋਲ ਹੀ ਪਏ ਨੇ। ਦਲ੍ਹਾਨ ਹੈ ਬਹੁਤ ਵੱਡਾ। ਗੁਰੂ ਮਹਾਰਾਜ ਵੇਲੇ ਐਉਂ ਨਹੀਂ ਸੀ ਹੁੰਦਾ ਕਿ ਆਹ ਬੈਡ ਰੂਮ ਨੰ. ੧ ਹੈ ਜੀ, ਆਹ ਮਾਸਟਰ ਬੈਡ ਰੂਮ ਹੈ, ਆਹ ਫਲਾਣਾ ਹੈ ਜੀ। ਇਹ ਤਾਂ ਹੁਣੇ ਰਿਵਾਜ ਪਏ ਨੇ ਸ਼ਹਿਰਾਂ ਦੇ ਬਣਨ ਨਾਲ। ਪਹਿਲਾਂ ਤਾਂ ਇੱਕ ਵੱਡਾ ਸਾਰਾ ਹਾਲ ਹੀ ਹੁੰਦਾ, ਉਥੇ ਮੰਜੇ ਸਾਰੇ ਡਾਹ ਲੈਂਦੇ ਸੀ। ਆਹ ਵੀ ਨਹੀਂ ਸੀਗਾ ਕਿ ਮੰਜੇ ਹੀ ਡਾਹ ਕੇ ਘਰ ਰੋਕ ਰੱਖੋ ਸਾਰਾ। ਪਹਿਲਾਂ ਤਾਂ ਮੰਜੇ ਚੁੱਕ ਕੇ ਬਾਹਰ ਧੁੱਪੇ ਚਲੇ ਜਾਂਦੇ ਸੀ। ਜਿਹੜੇ ਉਹਦੇ ਵਿੱਚ ਜੀਵ ਜੰਤੂ ਪੈਂਦੇ ਸੀ, ਸਭ ਮਰ ਜਾਂਦੇ ਸੀ। ਹੁਣ ਤਾਂ ਕਿਤੋਂ ਹਵਾ ਹੀ ਨਹੀਂ ਲਗਦੀ ਮੰਜਿਆਂ ਨੂੰ, ਨਾ ਕਿਤੇ ਸੁਕਾਉਣ ਨੂੰ ਥਾਂ ਹੈ ਸ਼ਹਿਰ ਵਿਚ, ਪਿਸ਼ੂ ਪੈ ਜਾਂਦੇ ਨੇ। ਮਹਾਰਾਜ ਜੀ ਵੇਲੇ ਇਕੱਠਾ ਹੀ ਸੀ ਦਲ੍ਹਾਨ। ਉਸ ਦਲ੍ਹਾਨ ਵਿੱਚ ਸਾਰੇ ਹੀ ਪਏ ਨੇ, ਮਹਾਰਾਜ ਜੀ ਵੀ ਪਏ ਨੇ, ਸ੍ਰੀ ਚੰਦ ਵੀ, ਲਖਮੀ ਦਾਸ ਵੀ ਤੇ ਬਾਬਾ ਬੁੱਢਾ ਜੀ, ਭਾਈ ਸਾਧਾਰਨ ਜੀ ਤੇ ਗੁਰੂ ਅੰਗਦ ਪਾਤਸ਼ਾਹ ਤੇ ਇੱਕ ਦੋ ਹੋਰ ਵੀ ਸਿੱਖ ਉਥੇ ਪਏ ਨੇ। ਮੀਂਹ ਪੈ ਰਿਹਾ ਹੈ ਬਹੁਤ ਜ਼ੋਰ ਨਾਲ ਛਾਛੜੇ ਦਾ। ਕੱਚੇ ਘਰ ਸੀ। ਛੋਟੀ ਇੱਟ ਦਾ ਰਿਵਾਜ ਹੁੰਦਾ ਸੀ ਉਸ ਵੇਲੇ। ਮਹਾਰਾਜ ਜੀ ਦਾ ਘਰ ਕੱਚਾ ਹੀ ਸੀ, ਲਿਓੜ ਗਿਰਨ ਲਗ ਗਿਆ ਕੱਚੀ ਕੰਧ ਵਿੱਚੋਂ। ਮਹਾਰਾਜ ਕਹਿੰਦੇ ਸ੍ਰੀ ਚੰਦ ਲਿਓੜ ਗਿਰਿਆਂ ਲੱਗਿਆ ਹੈ, ਧਰਤੀ 'ਤੇ। ਕਹਿੰਦਾ ਹਾਂ। ਕਹਿੰਦੇ ਜਾਹ ਤੂੰ ਫੇਰ ਜਾ ਕੇ ਮਿੱਟੀ ਲਾ ਉਹਨੂੰ। ਕਹਿੰਦਾ, ਤੁਸੀ ਵੀ ਕਮਾਲ ਕਰਦੇ ਓਂ। ਓਧਰੋਂ ਮੀਂਹ ਪੈਂਦਾ ਹੈ, ਮਿੱਟੀ ਗਿੱਲੀ ਹੈ, ਕਿਵੇਂ ਰਹਿ ਜਾਏਗਾ। ਮੈਂ ਲਾਉਣਾ ਹੈ ਉਹਨੇ ਗਿਰ ਜਾਣਾ ਹੈ। ਇਹ ਮਿਹਨਤ ਮੇਰੇ ਤੋਂ ਕਿਉਂ ਕਰਾ ਰਹੇ ਓਂ ਇਹੋ ਜਿਹੀ, ਲਖਮੀ ਦਾਸ ਨੂੰ ਕਿਹਾ ਕਿ ਬੇਟਾ ਤੂੰ ਜਾਹ ਫੇਰ, ਸਵੇਰ ਨੂੰ ਤਾਂ ਇੱਥੇ ਮਘੋਰਾ ਬਣ ਜਾਣਾ ਹੈ। ਇਧਰਲੇ ਖਣ ਗਿਰ ਜਾਣੇ ਨੇ। ਕਹਿਣ ਲੱਗਿਆ, ਪਿਤਾ ਜੀ! ਗੱਲ ਤਾਂ ਦੱਸ ਦਿੱਤੀ ਤੁਹਾਨੂੰ ਸ੍ਰੀ ਚੰਦ ਜੀ ਨੇ, ਮੈਂ ਕਿਹੜਾ ਹੋਰ ਗੱਲ ਕਰਨੀ ਹੈ। ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਦੇਖੋ। ਕਹਿੰਦੇ ਮਹਾਰਾਜ! ਆਹ ਥੋੜ੍ਹਾ ਜਿਹਾ ਮੀਂਹ ਘਟ ਜਾਏ ਨਾ, ਫੇਰ ਓਦੋਂ ਹੀ ਸਾਂਭ ਲਵਾਂਗੇ। ਕੰਧ ਬਥੇਰੀ ਮੋਟੀ ਹੈ ਹੌਲੀ-ਹੌਲੀ ਗਿਰੇਗੀ। ਜਵਾਬ ਦੇ ਦਿਤਾ। ਹੁਣ ਮਿੱਟੀ ਰਹਿਣੀ ਨਹੀਂ, ਉਹ ਗੱਲ ਠੀਕ ਹੀ ਕਹਿੰਦੇ ਨੇ। ਆਪ ਨੇ ਗੁਰੂ ਅੰਗਦ ਪਾਤਸ਼ਾਹ ਨੂੰ ਕਿਹਾ, ਕਹਿੰਦੇ, ਪੁਰਖਾ! ਤੂੰ ਦੇਖ ਲੈ ਜੇ ਤੇਰਾ ਬਲ ਪੈਂਦਾ ਹੈ। ਆਪ ਉਸੇ ਵੇਲੇ ਬਾਹਰ ਚਲੇ ਗਏ, ਮਿੱਟੀ ਬਣਾਉਂਦੇ ਨੇ, ਮਿੱਟੀ ਲਾਉਂਦੇ, ਉਹ ਛਾਛੜਾ ਫੇਰ ਸੁੱਟ ਦਿੰਦਾ ਹੈ ਸਾਰੀ ਰਾਤ ਲੱਗੇ ਰਹੇ, ਨਾ ਮੀਂਹ ਹਟਿਆ ਨਾ ਉਹ ਹਟੇ। ਗੁਰੂ ਮਹਾਰਾਜ ਇਹ ਨਹੀਂ ਚਾਹੁੰਦੇ, ਮੀਂਹ ਦੀ ਕੀ ਤਾਕਤ ਹੈ ਕਿ ਉਨ੍ਹਾਂ ਦੀ ਤਾਕਤ ਸੁੱਟ ਦਿੰਦਾ। ਕਿਉਂਕਿ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥***
***ਭੈ ਵਿਚਿ ਧਰਤੀ ਦਬੀ ਭਾਰਿ ॥***
***ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥***

***ਅੰਗ - ੪੬੪***

ਉਨ੍ਹਾਂ ਦੇ ਹੁਕਮ ਵਿੱਚ ਸੀ ਸਾਰੇ, ਆਪ ਖੇਡ ਵਰਤਾਅ ਰਹੇ ਸੀ। ਇਹਦਾ ਕਿਸੇ ਨੂੰ ਨਹੀਂ ਸੀ ਪਤਾ ਕਿ ਕੀ ਮਹਾਰਾਜ ਟੈਸਟ ਲੈ ਰਹੇ ਨੇ ਐਸ ਵੇਲੇ। ਦੂਜੇ ਦਿਨ ਮੀਂਹ ਫੇਰ ਆ ਗਿਆ।

ਉਸ ਦਿਨ ਕੰਧ ਤਾਂ ਸੰਭਾਲ ਲਈ, ਦਿਨ ਵਿੱਚ ਵਧੀਆ ਬਣਾ ਲਈ। ਜਿਥੇ ਸ਼ਤੀਰ ਰੱਖਿਆ ਹੋਇਆ ਸੀ ਉਹ ਥਾਂ ਹੇਠਾਂ ਨੂੰ ਬੈਠਣਾ ਸ਼ੁਰੂ ਹੋ ਗਿਆ। ਗੁਰੂ ਅੰਗਦ ਸਾਹਿਬ ਨੇ ਦੇਖ ਲਿਆ, ਉਨ੍ਹਾਂ ਨੇ ਕੀ ਕਰਿਆ, ਥੱਲੇ ਇੱਟਾਂ ਰੱਖ ਕੇ ਸਿਰ ਲਾ ਲਿਆ ਸ਼ਤੀਰ ਦੇ ਨਾਲ, ਸਾਰੀ ਰਾਤ ਸ਼ਤੀਰ ਨਾਲ ਸਿਰ ਲਾਈਂ ਖੜ੍ਹੇ ਰਹੇ। ਸਵੇਰੇ ਮਹਾਰਾਜ ਜੀ ਨੇ ਦੇਖਿਆ, ਕਹਿੰਦੇ ਪੁਰਖਾ! ਸਾਰੀ ਰਾਤ ਹੀ ਖੜ੍ਹਾ ਰਿਹਾ। ਤੂੰ ਦੱਸ ਦਿੰਦਾ, ਅਵਾਜ਼ ਮਾਰ ਦਿੰਦਾ। ਕਹਿੰਦੇ, ਮਹਾਰਾਜ ਜੀ! ਕੋਈ ਬਹੁਤਾ ਵਜ਼ਨ ਨਹੀਂ ਸੀਗਾ, ਤੁਹਾਡੀ ਕ੍ਰਿਪਾ ਨਾਲ ਮੈਂ ਸ਼ਤੀਰ ਚੁੱਕ ਰੱਖਿਆ। ਇਹ ਕੁਦਰਤੀ ਸੇਵਾ ਹੋਇਆ ਕਰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ, ਭਾਈ ਚਿਹੂੜ! ਸੰਗਤਾਂ ਨੇ ਆਉਣਾ ਹੈ, ਸਾਉਣ ਦਾ ਮਹੀਨਾ ਹੈ, ਜੇ ਆਪਾਂ ਬਿਆਸਾ ਦੇ ਵਿਚੋਂ ਪੱਥਰ ਕੱਢ ਲਈਏ ਨਾ, ਕੰਧਾਂ ਬਣਾ ਲਈਏ, ਇਹਦੇ ਉਤੇ ਸਰਕੜਾ ਪਾ ਦੇਵਾਂਗੇ। ਸਾਰੀ ਸੰਗਤ ਬੈਠੀ ਸੀ, ਕਹਿੰਦੇ ਠੀਕ ਹੈ ਮਹਾਰਾਜ। ਗੁਰੂ ਛੇਵੇਂ ਪਾਤਸ਼ਾਹ ਚਲੇ ਜਾਂਦੇ ਨੇ, ਦੂਜੇ ਦਿਨ ਕਿਤੇ ਬਾਹਰ ਚਲੇ ਗਏ। ਤੀਜੇ ਦਿਨ ਫੇਰ ਚਲੇ ਗਏ, ਤਿੰਨ ਰਾਤਾਂ ਲੰਘ ਗਈਆਂ ਤੇ ਭਾਈ ਚਿਹੂੜ ਓਥੋਂ ਪੱਥਰ ਚੁੱਕੀ ਜਾਂਦਾ ਹੈ, ਲਿਆ ਕੇ ਐਡਾ ਢੇਰ ਲਾ ਦਿੱਤਾ ਇਹਨੇ। ਸਤਿਨਾਮ ਵਾਹਿਗੁਰੂ-ਸਤਿਨਾਮ ਵਾਹਿਗੁਰੂ ਕਹਿੰਦੇ ਨੇ। ਮਹਾਰਾਜ ਦੇਖਦੇ ਨੇ ਕਿ ਇਕੱਲਾ ਹੀ ਸਿੱਖ ਲੱਗਿਆ ਹੋਇਆ ਹੈ। ਭਾਈ ਚੂਹੜ ਨੂੰ ਬੁਲਾਓ, ਉਹਦੀ ਸੁਰਤ ਚੜ੍ਹੀ ਹੋਈ ਹੈ।

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪***

ਬੁਲਾ ਲਿਆ, ਸਮਾਧੀ ਟੁੱਟੀ। ਕਹਿੰਦੇ ਭਾਈ ਚੂਹੜ! ਅਸੀਂ ਤਾਂ ਕਿਹਾ ਸੀ ਕਿ ਸਾਰੀ ਸੰਗਤ ਇਕੱਠੀ ਹੋ ਕੇ ਪੱਥਰ ਚੁੱਕੇ। ਤੂੰ ਇਕੱਲਾ ਹੀ ਲੱਗਿਆ ਰਿਹਾ ਹੈਂ। ਮੈਨੂੰ ਦੱਸਿਆ ਹੈ ਕਿ ਓਸ ਦਿਨ ਦਾ ਨਾ ਤੂੰ ਆਰਾਮ ਕਰਿਆ ਹੈ, ਨਾ ਕੁਛ ਖਾਧਾ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਹੁਕਮ ਮੇਰੇ ਵਲ ਮੁਖਾਤਬ ਹੋ ਕੇ ਕਰਿਆ ਸੀ। ਸੋ ਮੈਂ ਉਸੇ ਵੇਲੇ ਲਗ ਗਿਆ, ਮੈਂ ਸੰਗਤ ਨੂੰ ਕਿਉਂ ਕਹਿੰਦਾ, ਜਦ ਆਪ ਨੇ ਨਹੀਂ ਕਿਹਾ। ਇਸੇ ਤਰ੍ਹਾਂ ਗੁਰੂ ਮਹਾਰਾਜ ਜੀ ਕਸ਼ਮੀਰ ਵਿੱਚ ਗਏ ਹੋਏ ਨੇ ਤੇ ਇੱਕ ਥਾਂ ਆਇਆ, ਕਹਿਣ ਲੱਗੇ, ਮਹਾਰਾਜ ਇੱਥੇ ਤਾਂ ਸ਼ੇਰ ਝਪਟੇ ਮਾਰਦੇ ਨੇ। ਓਧਰ ਰਸਤਾ ਹੋਰ ਹੈ ਓਧਰ ਦੀ ਲੰਘ ਚੱਲੋ। ਬਚਾਓ ਵਾਲਾ ਰਸਤਾ ਹੈ, ਖੁਲ੍ਹਾ ਹੈ। ਇਹ ਬਿਲਕੁਲ ਕੋਲੋਂ ਦੀ ਲੰਘ ਨੂੰ ਸ਼ੇਰ ਦਿਸਦਾ ਹੈ ਨਹੀਂ ਸੀ, ਉਤੋਂ ਦੀ ਝਪਟਾ ਮਾਰ ਦਿੰਦਾ ਹੈ। ਬੜਾ ਨੁਕਸਾਨ ਕਰ ਦਿੰਦਾ ਹੈ ਇਸ ਰਸਤੇ ਤੋਂ। ਨਾਲ ਭਾਈ ਝੰਡਾ ਉਥੋਂ ਦਾ ਪ੍ਰਮੁੱਖ ਸਿੱਖ ਸੀ। ਕਹਿੰਦੇ, ਲੈ ਭਾਈ! ਝੰਡੇ ਤੂੰ ਇੱਥੇ ਖੜ੍ਹੀਂ ਅਸੀਂ ਓਧਰ ਦੀ ਹੋ ਕੇ ਆਏ। ਮਹਾਰਾਜ ਓਧਰ ਨੂੰ ਚਲੇ ਗਏ, ਤਿੰਨ ਦਿਨ ਤੋਂ ਬਾਅਦ ਪੁੱਛਦੇ ਨੇ ਕਿ ਭਾਈ ਝੰਡਾ ਨਹੀਂ ਨਜ਼ਰ ਆਇਆ। ਕਹਿੰਦੇ, ਮਹਾਰਾਜ! ਤੁਸੀਂ ਉਥੇ ਜੰਗਲ 'ਚ ਖੜ੍ਹਾ ਦਿੱਤਾ ਸੀ। ਉਸੇ ਵੇਲੇ ਮਹਾਰਾਜ ਘੋੜੇ 'ਤੇ ਸਵਾਰ ਹੋ ਕੇ ਕਸ਼ਮੀਰ ਦੀ ਗੱਲ ਹੈ, ਸਿੱਧੇ ਭਾਈ ਝੰਡੇ ਦੇ ਕੋਲ ਪਹੁੰਚੇ। ਸਮਾਧੀ ਲੱਗੀ ਹੋਈ ਹੈ, ਖੜ੍ਹੇ ਦੀ, ਗੁਰੂ ਨੂੰ ਯਾਦ ਕਰ ਰਿਹਾ ਹੈ। ਗੁਰੂ ਨੂੰ ਹਿਰਦੇ 'ਚ ਵਸਾਈਂ ਖੜ੍ਹਾ ਹੈ। ਤਿੰਨ ਦਿਨ ਲੰਘ ਗਏ। ਮਹਾਰਾਜ ਕਹਿੰਦੇ, ਭਾਈ ਝੰਡਿਆ! ਤੂੰ ਆ ਜਾਣਾ ਸੀ। ਅਸੀਂ ਤਾਂ ਓਧਰ ਦੀ ਲੰਘ ਗਏ ਸੀ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਦਾ ਹੁਕਮ ਹੀ ਐਸਾ ਸੀ ਤੇ ਮੈਂ ਹੁਕਮ ਨੂੰ ਕਿਵੇਂ ਲਾਂਭੇ ਕਰ ਦਿੰਦਾ, ਮੇਰੇ ਵਿੱਚ ਤਾਂ ਸ਼ਕਤੀ ਨਹੀਂ ਹੈ। ਮਹਾਰਾਜ ਪ੍ਰਸੰਨ ਹੋ ਗਏ। ਇਸੇ ਤਰ੍ਹਾਂ ਅਨੇਕ ਗੁਰਸਿੱਖਾਂ ਨੇ ਸੇਵਾ ਕਰੀ।

ਭਾਈ ਖੁਸ਼ਹਾਲੀ ਗੁਰੂ ਛੇਵੇਂ ਪਾਤਸ਼ਾਹ ਵੇਲੇ, ਪ੍ਰਮੁੱਖ ਸਿੱਖ ਸੀ। ਉਨ੍ਹਾਂ ਨੂੰ ਕਹਿਣ ਲੱਗੇ, ਭਾਈ ਖੁਸ਼ਹਾਲੀ! ਪੱਥਰ ਤਾਂ ਇਕੱਠੇ ਹੋ ਗਏ, ਜੋੜ ਕੇ ਕੰਧ ਬਣਾ ਦਿੰਦੇ ਨੇ, ਸਰਕੜੇ ਦਾ ਬੰਦੋਬਸਤ ਕਰੋ। ਉਹ ਵੀ ਤਿੰਨ ਦਿਨ ਸਰਕੜਾ ਢੋਈ ਗਿਆ, ਗੁਰੂ ਮਹਾਰਾਜ ਨੇ ਜਦ ਦੇਖਿਆ ਹੱਥਾਂ 'ਚੋਂ ਖੂਨ ਚਲ ਰਿਹਾ ਹੈ। ਕੱਪੜੇ ਬੰਨ੍ਹੇ ਹੋਏ ਨੇ। ਲੇਕਿਨ ਸੇਵਾ ਕਰ ਰਿਹਾ ਹੈ।

ਸੋ ਇਹ ਜਿਹੜੀ ਗੁਰੂ ਪੀਰਾਂ ਦੀ ਸੇਵਾ ਹੈ, ਮਹਾਰਾਜ ਕਹਿੰਦੇ -

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥***
***ਅੰਗ - ੧੪੨੩***

ਹੱਦ ਤੋਂ ਜ਼ਿਆਦਾ ਕਰੜੀ ਹੈ, ਰਾਜਿਆਂ ਦੀ ਸੇਵਾ ਇਹੋ ਜਿਹੀ ਨਹੀਂ ਹੁੰਦੀ। ਬਾਬਾ ਫਰੀਦ ਦੀ ਕਿਹੋ ਜਿਹੀ ਸੇਵਾ ਸੀ। ਇਸ਼ਨਾਨ ਕਰਾਉਣ ਵਾਸਤੇ ਮੁਰਸ਼ਦ ਦਾ, ਅੱਖ ਦੇ ਕੇ ਅੱਗ ਲੈ ਕੇ ਆਇਆ। ਛੋਟੀ ਸੇਵਾ ਸੀ? ਸੋ ਸੇਵਾ ਬੜੀ ਕਰੜੀ ਹੋਇਆ ਕਰਦੀ ਹੈ, ਉਹਦੇ ਨਾਲ ਹੁੰਦਾ ਕੀ ਹੈ। ਆਪਣਾ ਪਿਆਰ ਲਾ ਦਿੰਦੇ ਨੇ -

***ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥***
***ਮਨ ਚਿੰਦਿਆ ਫਲੁ ਪਾਇਸੀ***
***ਅੰਤਰਿ ਬਿਬੇਕ ਬੀਚਾਰੁ ॥ ਅੰਗ - ੧੪੨੨***

ਜਿਹੜਾ ਵੀ ਮਨ ਦੇ ਵਿੱਚ ਆ ਜਾਵੇ, ਉਹ ਫਲ ਮਿਲ ਜਾਂਦਾ ਹੈ। ਗਿਆਨ ਦੀ ਸੋਝੀ ਹੋ ਜਾਂਦੀ ਹੈ -

***ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ***
***ਸਭੁ ਦੂਖ ਨਿਵਾਰਣਹਾਰੁ ॥ ਅੰਗ - ੧੪੨੨***

ਬਾਕੀ ਜਿਹੜੇ ਬੇ-ਵਿਚਾਰੇ ਸੇਵਾ ਕਰਦੇ ਨੇ, ਉਹਦੇ ਬਾਰੇ ਮਹਾਰਾਜ ਦਾ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਪਿਆਰੇ ਜੀ, ਸੇਵਾ ਤੇਰੀ ਕਿਸੇ ਕੰਮ ਨਾ,***
***ਗਿਣਤੀ ਨਾਲ ਗੁਰਾਂ ਦੇ ਰਖਦੈਂ।***

ਮਹਾਰਾਜ ਕਹਿੰਦੇ, ਜਿਹੜਾ ਗਿਣਤੀਆਂ ਰਖਦਾ ਹੈ ਨਾ, ਮਹਾਂਪੁਰਸ਼ ਨਾਲ, ਗੁਰੂ ਨਾਲ। ਉਹਦੀ ਸੇਵਾ ਥਾਂ ਨਹੀਂ ਪਿਆ

ਕਰਦੀ। ਕਿੰਨੀਓਂ ਸੇਵਾ ਕਰਦਾ ਹੈ ਚਾਹੇ। ਦੁਨੀਆਂ ਕਹਿੰਦੀ ਹੋਵੇ ਕਿ ਬੜੀ ਸੇਵਾ ਕਰਦਾ ਹੈ। ਲੇਕਿਨ ਗਿਣਤੀ ਰੱਖਣ ਵਾਲੇ ਸਿੱਖ ਦੀ ਸੇਵਾ ਨਹੀਂ ਥਾਂ ਪੈਂਦੀ। ਕਹਿੰਦਾ ਹੈ ਕਿ ਮੈਂ ਸੇਵਾ ਕਰਦਾ ਹਾਂ, ਮੈਨੂੰ ਕਦੇ ਨਹੀਂ ਕਹਿੰਦੇ। ਫਲਾਣਾ ਕਰਦਾ ਨਹੀਂ ਹੈ ਉਹਨੂੰ ਨਾਲ ਲਈਂ ਫਿਰਦੇ ਨੇ। ਮੈਂ ਸੇਵਾ ਕਰਦਾ ਹਾਂ, ਦੂਜਿਆ ਦੀ ਵਡਿਆਈ ਕਰੀ ਜਾਂਦੇ ਨੇ ਤੇ ਮੇਰੇ ਨਾਲ ਆ ਕੇ ਕੋਈ ਗੱਲ ਹੀ ਨਹੀਂ ਕਰਦੇ। ਉਹ ਗਿਣਤੀਆਂ ਹੁੰਦੀਆਂ ਨੇ ਕਿ ਐਵੇਂ ਮੈਨੂੰ ਆ ਕੇ ਕਹਿ ਦਿੱਤਾ ਕਿ ਮੈਂ ਐਉਂ ਕਰ ਰਿਹਾ ਹਾਂ। ਉਨ੍ਹਾਂ ਨੂੰ ਕੀ ਪਤਾ ਕਿ ਜੇ ਮੈਂ ਆਹ ਨਾ ਕਰਿਆ ਤਾਂ ਖਰਾਬ ਹੋ ਜਾਏਗਾ।

ਗੁਰੂ ਚੌਥੇ ਪਾਤਸ਼ਾਹ ਆਪ ਦੇ ਪਾਸ ਆਪ ਦਾ ਭਰਾ, ਸਿਆਰੀ ਲਾਲ ਜੀ ਜੋ ਲਾਹੌਰ ਰਹਿੰਦੇ ਸੀ, ਤਾਏ ਦਾ ਪੁੱਤਰ ਸੀ। ਆ ਕੇ ਬੇਨਤੀ ਕਰਦਾ ਹੈ ਕਿ ਮਹਾਰਾਜ! ਮੇਰੇ ਪੁੱਤਰ ਦੀ ਸ਼ਾਦੀ ਹੈ ਤੇ ਤੁਸੀਂ ਉਹਦੇ ਵਿੱਚ ਸ਼ਾਮਲ ਹੋਵੋ। ਮਹਾਰਾਜ ਕਹਿਣ ਲੱਗੇ, ਭਾਈ ਸਿਆਰੀ ਲਾਲ! ਇੱਕ ਤਾਂ ਇੱਥੇ ਦਰਬਾਰ ਸਾਹਿਬ ਦੀ ਸੇਵਾ ਚੱਲ ਰਹੀ ਹੈ, ਅਸੀਂ ਜਾ ਨਹੀਂ ਸਕਦੇ। ਦੂਸਰਾ ਅਸੀਂ ਜੇ ਉਥੇ ਚਲੇ ਗਏ ਤਾਂ ਦੇਖ ਇੱਥੇ ਸਾਰੀਆਂ ਸੰਗਤਾਂ ਨੇ, ਸਾਰੀਆਂ ਸੰਗਤਾਂ ਨੇ ਓਥੇ ਆਉਣਾ ਹੈ, ਤੇਰਾ ਕਾਰਜ ਹੈ, ਬੇਅੰਤ ਤੇਰਾ ਖਰਚਾ ਹੋ ਜਾਏਗਾ। ਸੰਭਾਲੇਂਗਾ ਕਿਵੇਂ, ਥਾਉਂ ਕਿੱਥੋਂ ਦੇਵੇਂਗਾ। ਚੰਗਾ ਇਹ ਹੈ ਕਿ ਤੂੰ ਐਉਂ ਕਰ ਅਸੀਂ ਵੱਡੇ ਸਾਹਿਬਜ਼ਾਦੇ ਨੂੰ ਭੇਜ ਦਿੰਦੇ ਹਾਂ, ਉਹ ਕਾਰਜ ਕਰ ਆਏਗਾ ਸਾਰਾ। ਓਸ ਵੇਲੇ ਉਹ ਕਹਿਣ ਲੱਗਿਆ ਕਿ ਠੀਕ ਹੈ। ਕਿਉਂਕਿ ਉਹਨੇ ਵੀ ਦੇਖ ਲਿਆ ਕਿ ਜੇ ਗੁਰੂ ਸਾਹਿਬ ਚਲੇ ਗਏ, ਓਥੇ ਤਾਂ ਮੇਲੇ ਹੀ ਲੱਗੇ ਰਹਿਣੇ ਨੇ, ਸੰਭਾਲੇਗਾ ਕਿਹੜਾ ਇਨ੍ਹਾਂ ਨੂੰ। ਪ੍ਰਿਥੀ ਚੰਦ ਜੀ ਨੂੰ ਬੁਲਾ ਲਿਆ। ਮਹਾਰਾਜ ਕਹਿਣ ਲੱਗੇ, ਪ੍ਰਿਥੀ ਚੰਦ! ਤਾਇਆ ਜੀ ਆਏ ਨੇ ਤੇਰੇ, ਇਨ੍ਹਾਂ ਦੇ ਪੁੱਤਰ ਦੀ ਸ਼ਾਦੀ ਹੈ। ਇਨ੍ਹਾਂ ਦੇ ਮਨ ਵਿੱਚ ਸ਼ਰਧਾ ਹੈ ਕਿ ਗੁਰੂ ਘਰ ਵਲੋਂ ਕੋਈ ਜਾਵੇ। ਤੂੰ ਬੇਟਾ ਜਾ ਕੇ ਭਲੀਭਾਂਤ ਕਾਰਜ ਨਜਿੱਠ ਆ। ਅਜੇ ਗੁਰੂ ਮਹਾਰਾਜ ਦੇ ਮੁੱਖ ਤੋਂ ਐਨੀ ਹੀ ਗੱਲ ਨਿਕਲੀ ਸੀ, ਅਗਲੀ ਨਹੀਂ ਨਿਕਲੀ। ਇੱਕ ਦਮ ਔਖਾ ਹੋ ਗਿਆ, ਕਹਿਣ ਲੱਗਿਆ ਕਿ ਮਹਾਰਾਜ! ਤੁਹਾਨੂੰ ਤਾਂ ਕੋਈ ਦਸਦਾ ਹੀ ਨਹੀਂ ਕਿ ਮੈਂ ਕਿੰਨੀ ਸੇਵਾ ਕਰਦਾ ਹਾਂ, ਨਾ ਤੁਸੀਂ ਆਪ ਦੇਖਦੇ ਓਂ ਕਦੇ। ਜਿੰਨੀਆਂ ਸੰਗਤਾਂ ਬਾਹਰੋਂ ਆਉਂਦੀਆਂ ਨੇ ਸਾਰੀਆਂ ਨੂੰ ਸਾਂਭਦਾ ਹਾਂ, ਸਾਰਿਆਂ ਨੂੰ ਥਾਂ-ਥਾਂ 'ਤੇ ਟਿਕਾਣਾ ਦਿੰਦਾ ਹਾਂ। ਸਾਰਿਆ ਦੇ ਨਾਲ ਗੱਲਬਾਤ ਕਰਦਾ ਹਾਂ, ਮਸੰਦ ਜਿਹੜੇ ਵਿਗੜਦੇ ਜਾਂਦੇ ਨੇ, ਉਨ੍ਹਾਂ ਨੂੰ ਸੈੱਟ ਕਰਦਾ ਹਾਂ। ਹੋਰ ਮੈਂ ਦੇਖਦਾ ਹਾਂ, ਦਰਜਾ-ਬ-ਦਰਜਾ ਸਰਕਾਰੀ ਬੰਦੇ ਆਉਂਦੇ ਨੇ, ਮੁਗਲ ਆਉਂਦੇ ਨੇ। ਉਨ੍ਹਾਂ ਸਾਰੇ ਅਫਸਰਾਂ ਦੀ ਮੈਂ ਉਨ੍ਹਾਂ ਦੇ ਮੁਤਾਬਿਕ ਸੇਵਾ ਕਰਦਾ ਹਾਂ। ਵਸਤਰ ਦਿੰਦਾ ਹਾਂ, ਸਿਰੋਪਾਓ ਦਿੰਦਾ ਹਾਂ। ਆਹ ਵਿਹਲੇ ਬੈਠੇ ਨੇ ਇਨ੍ਹਾਂ ਦੋਹਾਂ 'ਚੋਂ ਕਿਸੇ ਨੂੰ ਭੇਜ ਦਿਓ। ਇਹ ਕੋਈ ਕੰਮ ਕਰਦੇ ਨੇ। ਕਹਿੰਦਾ, ਅਰਜਨ ਦੇਵ ਜੀ ਨੂੰ ਭੇਜ ਦਿਓ ਇਹ ਵਿਹਲਾ ਹੀ ਰਹਿੰਦਾ ਹੈ। ਕਹਿੰਦੇ, ਨਹੀਂ ਬੇਟਾ! ਅਸੀਂ ਤੈਨੂੰ ਭੇਜਣਾ ਚਾਹੁੰਦੇ ਹਾਂ। ਕਹਿੰਦਾ ਮਹਾਰਾਜ! ਮੈਂ ਤਾਂ ਇੱਕ ਸਕਿੰਟ ਵਾਸਤੇ ਵੀ ਇੱਥੋਂ ਨਹੀਂ ਜਾ ਸਕਦਾ। ਮੈਂ ਤਾਂ ਜਿਹੜੀ ਗੱਲ ਕਹਿਣੀ ਸੀ ਕਹਿ ਦਿੱਤੀ। ਸੋ ਮਹਾਰਾਜ ਕਹਿੰਦੇ, ਗਣਤ ਰੱਖੀ, ਗਣਤ ਰੱਖਣ ਦੇ ਨਾਲ ਸੇਵਾ ਨਹੀਂ ਥਾਂ ਪੈਂਦੀ।

***ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥***
***ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥ਅੰਗ - ੧੨੪੬***

ਨਾ ਵਾਹਿਗੁਰੂ ਨਾਲ ਪਿਆਰ ਲਗਦਾ ਹੈ। ਤਿੰਨ ਗੱਲਾਂ ਤੋਂ ਵਾਂਝਾ ਰਹਿ ਗਿਆ। ਚੌਥਾ -

***ਸਤਿਗੁਰੁ ਪਿਆਰਾ ਨ ਲਗਈ***
***ਮਨਹਠਿ ਆਵੈ ਜਾਇ ॥ ਅੰਗ - ੧੨੪੬***

ਉਹਨੂੰ ਪ੍ਰਮੇਸ਼ਰ ਰੂਪ ਨਹੀਂ ਜਾਣਦਾ, ਪਿਤਾ ਰੂਪ ਜਾਣ ਕੇ ਗੱਲਾਂ ਕਰੀ ਜਾਂਦਾ ਹੈ। ਜੇ ਇਕ ਕਦਮ ਅੱਗੇ ਨੂੰ ਰੱਖੇ ਤਾਂ ਦੱਸ ਕਦਮ ਪਿੱਛੇ ਨੂੰ ਹਟ ਜਾਂਦਾ ਹੈ। ਉਹਦੀ ਸੇਵਾ ਥਾਂ ਨਹੀਂ ਪਿਆ ਕਰਦੀ।

***ਜੇ ਇਕ ਵਿਖ ਅਗਾਹਾ ਭਰੇ***
***ਤਾਂ ਦਸ ਵਿਖਾਂ ਪਿਛਾਹਾ ਜਾਇ ॥ ਅੰਗ - ੧੨੪੬***

ਪਿਤਾ ਨੂੰ ਗੁਰੂ ਨਹੀਂ ਸਮਝਦਾ, ਪਿਤਾ ਸਮਝਦਾ ਹੈ। ਆਮ ਆਦਮੀ ਸਮਝਦਾ ਹੈ। ਕਹਿੰਦਾ ਹੈ ਮੈਂ ਨਹੀਂ ਜਾਣਾ, ਅਰਜਨ ਨੂੰ ਭੇਜ ਦਿਓ, ਵਿਚੋਂ ਗੱਲ ਕੀ? ਗੁਰੂ ਮਹਾਰਾਜ ਦਾ ਉਸ ਵੇਲੇ ੧੫ ਮਹੀਨੇ, ਕੁਛ ਦਿਨ ਦੀ, ਹੋਰ ਜੀਵਨ ਬਚਦਾ ਸੀ। ਕਿਉਂਕਿ ਹਿਸਾਬੀ-ਕਿਤਾਬੀ ਸੀ, ਉਹਨੇ ਦੇਖ ਲਿਆ ਕਿ ਗੁਰੂ ਮਹਾਰਾਜ ਨੇ ਛੇ ਸਾਲ, ਐਨੇ ਮਹੀਨੇ ਦੀ ਉਮਰ ਦਿੱਤੀ ਹੈ। ਉਹਦੇ 'ਚੋਂ ਐਨਾ ਬੀਤ ਗਿਆ, ਹੁਣ ਪੰਦਰਾਂ ਮਹੀਨੇ ਇਨ੍ਹਾਂ ਦੇ ਹੋਰ ਰਹਿੰਦੇ ਨੇ, ਇਹ ਮੇਰੇ ਨਾਲ ਕਰ ਰਹੇ ਨੇ ਚਲਾਕੀ ਇਨ੍ਹਾਂ ਨੇ ਅਰਜਨ ਨੂੰ ਗੱਦੀ ਦੇ ਦੇਣੀ ਹੈ ਮੇਰੀ ਗੈਰਹਾਜ਼ਰੀ 'ਚ। ਮੈਂ ਤਾਂ ਨਹੀਂ ਦੇਣ ਦਿੰਦਾ। ਮੈਂ ਜਾਵਾਂ ਹੀ ਕਿਉਂ? ਮਹਾਰਾਜ ਕਹਿੰਦੇ, ਪਿਆਰਿਓ! ਇਹ ਸੇਵਾ ਨਹੀਂ ਹੋਇਆ ਕਰਦੀ। ਸੇਵਾ ਪ੍ਰਵਾਨ ਨਹੀਂ ਹੁੰਦੀ, ਸੇਵਾ ਓਹੀ ਹੁੰਦੀ ਹੈ ਜਿਹੜਾ ਹੁਕਮ ਵਿੱਚ ਚਲਦਾ ਹੈ -

***ਧਾਰਨਾ - ਆਗਿਆ ਸਮ ਨਹੀਂ ਜੀ***
***ਸਾਹਿਬ ਸੇਵਾ - ਸਾਹਿਬ ਸੇਵਾ।***

ਸਭ ਤੋਂ ਵੱਡੀ ਸੇਵਾ ਗੁਰੂ ਦੀ ਆਗਿਆ ਮੰਨਣੀ ਹੁੰਦੀ ਹੈ। ਉਹਦੇ ਭਾਣੇ ਵਿੱਚ ਚਲਣਾ ਹੁੰਦਾ ਹੈ।

***ਸਤਿਗੁਰ ਕੀ ਸੇਵਾ ਚਾਕਰੀ***
***ਜੇ ਚਲਹਿ ਸਤਿਗੁਰ ਭਾਇ ॥***
***ਆਪੁ ਗਵਾਇ ਸਤਿਗੁਰੂ ਨੋ ਮਿਲੈ***
***ਸਹਜੇ ਰਹੈ ਸਮਾਇ ॥***
***ਨਾਨਕ ਤਿਨ੍ਹਾ ਨਾਮੁ ਨ ਵੀਸਰੈ***
***ਸਚੇ ਮੇਲਿ ਮਿਲਾਇ ॥ ਅੰਗ - ੧੨੪੬***

ਜਿਹੜੇ ਗੁਰੂ ਦੀ ਰਜ਼ਾ ਵਿੱਚ ਚੱਲ ਕੇ ਹੁਕਮ ਦੇ ਵਿੱਚ ਚੱਲ ਕੇ ਸੇਵਾ ਕਰਦੇ ਨੇ, ਮਹਾਰਾਜ ਕਹਿੰਦੇ, ਉਨ੍ਹਾਂ ਦੀ ਸੇਵਾ ਥਾਂ ਪੈਂਦੀ ਹੈ।

***ਗੁਰਮੁਖਿ ਹੁਕਮੁ ਮੰਨੇ ਸਹ ਕੇਰਾ***

*ਹੁਕਮੇ ਹੀ ਸੁਖੁ ਪਾਏ ॥*
*ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥*
*ਹੁਕਮੁ ਵਰਤੁ ਨੇਮੁ ਸੁਚ ਸੰਜਮੁ*
*ਮਨ ਚਿੰਦਿਆ ਫਲੁ ਪਾਏ ॥ ਅੰਗ - ੧੪੨੩*

ਕਹਿਣ ਲੱਗੇ, ਅਰਜਨ ਦੇਵ ਜੀ! ਤੁਹਾਡੇ ਤਾਇਆ ਜੀ ਆਏ ਨੇ। ਇਨ੍ਹਾਂ ਦੇ ਲੜਕੇ ਦੀ ਸ਼ਾਦੀ ਹੈ, ਜੇ ਅਸੀਂ ਜਾਂਦੇ ਹਾਂ ਤਾਂ ਬਹੁਤ ਸੰਗਤ ਉਥੇ ਚਲੀ ਜਾਏਗੀ ਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਉਥੇ ਜਾਓ। ਜਾ ਕੇ ਸਾਰਾ ਕਾਰਜ ਵੀ ਨਿਭਾਓ ਤੇ ਨਾਲ ਸੰਗਤਾਂ ਦੇ ਵਿੱਚ ਪਰਚਾ ਪਾਓ, ਪ੍ਰਚਾਰ ਕਰੋ, ਨਾਮ ਬਾਣੀ ਦ੍ਰਿੜ੍ਹ ਕਰਾਓ ਤੇ ਜਦ ਤੱਕ ਅਸੀਂ ਬੁਲਾਈਏ ਨਾ ਓਨਾਂ ਚਿਰ ਤਕ ਤੁਸੀਂ ਆਪ ਵਾਪਸ ਨਹੀਂ ਆਉਣਾ। ਬੜਾ ਮਨ ਵਿੱਚ ਹੋਇਆ ਕਿ ਮੈਂ ਤਾਂ ਕਦੇ ਇੱਕ ਮਿੰਟ ਵਾਸਤੇ ਵੀ ਇਨ੍ਹਾਂ ਦੇ ਦਰਸ਼ਨ ਤੋਂ ਲਾਂਭੇ ਨਹੀਂ ਹੋਇਆ ਤੇ ਮੇਰੀ ਤਾਂ ਜਿਹੜੀ ਪ੍ਰੀਤ ਹੈ ਉਹ ਇਸ ਤਰ੍ਹਾਂ ਦੀ ਹੈ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾਂ ਪਿਰਹੜੀ ਓਹੁ ਨਿਬਹੈ ਨਾਲੇ।*
***ਭਾਈ ਗੁਰਦਾਸ ਜੀ ਵਾਰ ੨੭/੪***

ਚਕੋਰ ਦਾ ਪਿਆਰ ਕਿੰਨਾ ਹੈ ਕਿ ਸਾਰੀ ਰਾਤ ਚੰਦਰਮਾ ਵਲ ਦੇਖੀ ਜਾਣਾ ਹੈ। ਜਗ੍ਹਾ ਨਹੀਂ ਬਦਲਦੀ ਗਰਦਨ ਮਰੋੜ ਲੈਂਦੀ ਹੈ ਚਕਵੀ ਦਾ ਸੂਰਜ ਨਾਲ ਪਿਆਰ ਹੈ। ਇਸ ਤਰ੍ਹਾਂ ਦੇ ਨਾਲ ਪਿਆ ਐਨਾ ਵੱਧ ਸੀ ਕਿ ਗੁਰੂ ਦੇ ਦਰਸ਼ਨਾਂ ਤੋਂ ਬਗੈਰ ਜੀਉਣਾ ਹੀ ਔਖਾ ਹੋ ਜਾਂਦਾ ਸੀ। ਉਸ ਵੇਲੇ ਇੱਕ ਪਾਸੇ ਗੁਰੂ ਦਾ ਹੁਕਮ ਹੈ, ਇੱਕ ਪਾਸੇ ਪਿਆਰ ਸੀ। ਹੁਕਮ ਨੂੰ ਖਿੜੇ ਮੱਥੇ ਮੰਨਿਆ, ਪਾਤਸ਼ਾਹ! ਮੈਂ ਜੀਉਂਦਾ ਨਹੀਂ ਰਹਿ ਸਕਦਾ ਤੁਹਾਡੇ ਪਿਆਰ ਤੋਂ ਬਗੈਰ, ਤੁਸੀਂ ਕ੍ਰਿਪਾ ਕਰੋ, ਮੈਨੂੰ ਆਪ ਦੇ ਦਰਸ਼ਨ ਹੁੰਦੇ ਰਹਿਣ, ਕਿਉਂਕਿ ਪਿਆਰ ਦਾ ਐਸਾ ਨਕਸ਼ਾ ਗੁਰੂ ਮਹਾਰਾਜ ਜੀ ਨੇ ਖਿੱਚਿਆ ਹੈ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਮਹਾਰਾਜ! ਆਪ ਮੇਰੇ ਹਿਰਦੇ ਤੋਂ ਨਾ ਵਿਸਰਣਾ। ਦਰਸ਼ਨ ਹੁੰਦੇ ਰਹਿਣ ਪਾਤਸ਼ਾਹ, ਜੋ ਆਪ ਦਾ ਹੁਕਮ ਹੈ ਮੈਂ ਸਿਰ ਮੱਥੇ ਪ੍ਰਵਾਨ ਕਰਦਾ ਹਾਂ। ਸੋ ਇਸ ਤਰ੍ਹਾਂ ਬੇਨਤੀਆਂ ਕਰਦੇ ਅੱਖਾਂ ਵਿੱਚ ਜਲ ਹੈ। ਪਹਿਲਾ ਦਿਨ ਹੈ ਜ਼ਿੰਦਗੀ 'ਚ ਜਿਸ ਵਕਤ ਗੁਰੂ ਪਿਤਾ ਤੋਂ ਦੂਰ ਜਾਣਾ ਹੈ। ਰੋਮ-ਰੋਮ ਦੇ ਵਿੱਚ ਪਿਆਰ ਸਮਾਇਆ ਹੋਇਆ ਹੈ ਤੇ ਦਰਸ਼ਨਾਂ ਤੋਂ ਬਗੈਰ ਜੀਉਣਾ ਔਖਾ ਹੈ ਆਪ ਨੂੰ।

ਸੋ ਆਪ ਲਾਹੌਰ ਚਲੇ ਜਾਂਦੇ ਨੇ, ਚਿੱਤ ਬਹੁਤ ਪਿਤਾ ਦੇ ਪਿਆਰ ਦੇ ਅੰਦਰ, ਗੁਰੂ ਦੇ ਪਿਆਰ ਦੇ ਅੰਦਰ ਕਿਸੇ ਚੀਜ਼ ਵਲ ਧਿਆਨ ਹੀ ਨਹੀਂ ਦੇ ਰਿਹਾ। ਫੇਰ ਵੀ ਉਤੋਂ-ਉਤੋਂ ਸਾਰਾ ਕੰਮ ਕਰਿਆ ਤੇ ਹੁਕਮ ਦੇ ਮੁਤਾਬਿਕ ਵਿਆਹ ਦੇ ਕਾਰਜ ਹੋਣ ਤੋਂ ਬਾਅਦ, ਆਪ ਰਹਿ ਪੈਂਦੇ ਨੇ ਉਥੇ, ਸੰਗਤਾਂ ਨੇ ਬਹੁਤ ਸੋਹਣਾ ਥਾਂ ਆਪ ਨੂੰ ਦੇ ਦਿੱਤਾ। ਜਿਥੇ ਗੁਰੂ ਮਹਾਰਾਜ ਦਾ ਘਰ ਸੀ। ਉਥੇ ਆਪ ਰਹਿ ਕੇ ਲਾਹੌਰ ਦੀਆਂ ਸੰਗਤਾਂ ਨੂੰ ਦੋਵੇਂ ਵੇਲੇ ਪ੍ਰਮਾਰਥਕ ਬਚਨ ਸੁਣਾਉਂਦੇ ਸੀ। ਸੰਗਤਾਂ ਆਉਂਦੀਆਂ ਨੇ, ਲੇਕਿਨ ਕਦੇ ਕਿਸੇ ਨੇ ਐਉਂ ਨਹੀਂ ਦੇਖਿਆ ਕਿ ਉਹ ਖਿੜੇ ਹੋਏ ਨੇ, ਮੁਰਝਾਏ-ਮੁਰਝਾਏ ਰਹਿੰਦੇ ਨੇ। ਕਿਉਂਕਿ ਮੁਸ਼ਕਲ ਹੈ, ਐਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਨਾ ਜੀਵੇ ਕੋਈ ਰਾਮ ਦਾ ਵਿਯੋਗੀ।*
*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
***ਅੰਗ - ੧੩੬੮***

ਸਮਾਂ ਲੰਘ ਗਿਆ, 1637 ਵਿਸਾਖ ਦੇ ਮਹੀਨੇ ਮਹਾਰਾਜ ਜੀ ਨੇ ਆਪ ਨੂੰ ਭੇਜਿਆ ਤੇ ਅੱਜ 1638 ਇੱਕ ਸਾਲ ਤੇ ਸਾਉਣ ਦਾ ਮਹੀਨਾ ਆ ਗਿਆ। ਸਾਉਣ ਦਾ ਮਹੀਨਾ ਵਿਯੋਗੀਆਂ ਵਾਸਤੇ ਵੈਸੇ ਹੀ ਬੜਾ ਖਤਰਨਾਕ ਹੋਇਆ ਕਰਦਾ ਹੈ, ਕੁਦਰਤੀ ਤੌਰ 'ਤੇ ਨੇਤਰਾਂ 'ਚ ਜਲ ਆਉਂਦਾ ਹੈ। ਮਹਾਰਾਜ ਕਹਿੰਦੇ, ਜੇ ਕਿਸੇ ਬੀਬੀ ਦਾ ਪਤੀ ਬਾਹਰ ਗਿਆ ਹੋਵੇ, ਉਹਨੂੰ ਪੁੱਛੋ ਕਿ ਉਹਦਾ ਕੀ ਹਾਲ ਹੁੰਦਾ ਹੈ। ਲਾਹੌਰ ਘੁੱਗ ਵਸਦਾ ਹੈ, ਲੇਕਿਨ ਆਪ ਦੇ ਵਾਸਤੇ ਉਹ ਘੁੱਗ ਨਹੀਂ ਹੈ, ਉਨ੍ਹਾਂ ਨੂੰ ਉਜਾੜ ਹੀ ਨਜ਼ਰ ਆਉਂਦਾ ਹੈ -

*ਧਾਰਨਾ - ਦਿਸਦਾ ਉਜਾੜ ਹੈ*
*ਰਾਮ ਦੇ ਪਿਆਰੇ ਬਾਝਹੁੰ।*
*ਕਬੀਰ ਜਹ ਜਹ ਹਉ ਫਿਰਿਓ*
*ਕਉਤਕ ਠਾਓ ਠਾਇ ॥*
*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥*
***ਅੰਗ - ੧੩੬੫***

ਮੇਲਾ ਭਰਿਆ ਹੋਇਆ ਸੀ, ਬੇਅੰਤ ਕੌਤਕ ਹੋ ਰਹੇ ਸੀ, ਕਿਸੇ ਥਾਂ ਘੋੜੇ ਵਗੈਰਾ ਨੱਠਦੇ ਸੀ, ਕਿਤੇ ਅਨੇਕ ਕਿਸਮ ਦੇ ਕੌਤਕ ਹੋ ਰਹੇ ਸੀ। ਲੰਘ ਨਹੀਂ ਸੀ ਹੁੰਦਾ, ਐਨੀ ਭੀੜ ਸੀ। ਕਬੀਰ ਸਾਹਿਬ ਨੂੰ ਪੁੱਛਿਆ ਕਿ ਕੀ ਹਾਲ ਹੈ ਮੇਲੇ ਦਾ? ਕਹਿੰਦੇ ਭਾਈ, ਉਜਾੜ 'ਚੋਂ ਆਇਆ ਹਾਂ ਮੈਂ ਤਾਂ। ਕਹਿੰਦੇ ਉਹ ਤਾਂ ਬੜਾ ਭਰਿਆ ਹੋਇਆ ਸੀ, ਕਹਿੰਦੇ ਹੋਣਾ ਭਰਿਆ ਹੋਇਆ, ਤੁਹਾਡੀ ਜਗ੍ਹਾ ਹੋਰ ਹੈ, ਸਾਡੀ ਹੋਰ ਹੈ ਕਿਉਂਕਿ ਉਥੇ 'ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥' ਇੱਕ ਵੀ ਪਿਆਰਾ ਨਹੀਂ ਸੀ ਰੱਬ ਦਾ

ਉਥੇ। ਕੀਹਨੂੰ ਕਿਹਾ ਉਨ੍ਹਾਂ ਨੇ, ਆਪਣੇ ਗੁਰੂ ਨੂੰ ਕਿਹਾ। ਮੇਰੇ ਗੁਰੂ ਨਹੀਂ ਸੀ ਉਥੇ; ਰਾਮਾਨੰਦ ਜੀ। ਉਹ ਜੇ ਹੁੰਦੇ ਤਾਂ ਮੇਲਾ ਉਜਾੜ ਵੀ ਭਰਿਆ-ਭਰਿਆ ਹੋ ਜਾਣਾ ਸੀ। ਦਰਖਤ, ਹਵਾ ਸਭ ਭਰੇ ਹੋਏ ਲਗਣੇ ਸੀ, ਪਰ ਉਹ ਤਾਂ ਹੈ ਨਹੀਂ ਸੀ, ਮੈਂ ਤਾਂ ਉਜਾੜ 'ਚੋਂ ਘੁੰਮ ਕੇ ਆਇਆ ਹਾਂ ਪਿਆਰਿਓ। ਕਿਉਂਕਿ ਗੁਰੂ ਤੋਂ ਬਗੈਰ, ਮਹਾਂਪੁਰਸ਼ ਤੋਂ ਬਗੈਰ ਜਿਹਦੇ ਹਿਰਦੇ ਵਿੱਚ ਪਿਆਰ ਹੈ, ਉਹਨੂੰ ਉਜਾੜ ਲੱਗਿਆ ਕਰਦਾ ਹੈ। ਦੁਨੀਆਂ ਓਵੇਂ ਹੀ ਵਸਦੀ ਹੈ, ਓਵੇਂ ਹੀ ਰੌਣਕਾਂ ਨੇ, ਉਵੇਂ ਹੀ ਚਹਿਲ ਪਹਿਲ ਹੈ, ਪਰ ਆਪਣੇ ਪਿਆਰੇ ਤੋਂ ਬਾਝਹੁੰ ਚਾਹੇ ਪ੍ਰਕ੍ਰਿਤੀ ਦਾ ਹਾਲ ਦੇਖ ਲਓ, ਬਨਸਪਤੀ ਦਾ ਹਾਲ ਦੇਖ ਲਓ, ਬੜੀਆਂ ਮਿਸਾਲਾਂ ਨੇ। ਮੁਰਝਾ ਜਾਂਦਾ ਹੈ ਬੰਦਾ। ਦਿਲ ਨਹੀਂ ਖਿੜਦਾ।

ਗੁਰੂ ਨਾਨਕ ਪਾਤਸ਼ਾਹ ਇੱਕ ਸਰੋਵਰ ਦੇ ਕੋਲ ਦੀ ਲੰਘੇ, ਕਮਲਾਂ ਦੇ ਫੁੱਲਾਂ ਦੇ ਨਾਲ ਭਰਿਆ ਪਿਆ ਹੈ, ਪੰਛੀ ਚਹਿਚਹਾ ਰਹੇ ਨੇ। ਥੋੜ੍ਹਾ-ਥੋੜ੍ਹਾ ਪਾਣੀ ਬਾਹਰ ਨਿਕਲ ਕੇ ਜਾ ਰਿਹਾ ਹੈ। ਕੋਈ ਕਾਟ ਦੇ ਰਾਹੀਂ ਦੂਰ ਤੱਕ ਜਾ ਰਿਹਾ ਹੈ, ਪਸ਼ੂ ਪਾਣੀ ਪੀ ਰਹੇ ਨੇ, ਹੋਰ ਅਨੇਕਾਂ ਜੰਗਲ ਦੇ ਜਾਨਵਰ, ਮਿਰਗ ਆਦਿ ਆਉਂਦੇ ਨੇ, ਆ ਕੇ ਪਾਣੀ ਪੀਂਦੇ ਨੇ। ਛੋਟੇ ਪੰਛੀ ਕਲੋਲਾਂ ਕਰਦੇ ਨੇ, ਇਸ਼ਨਾਨ ਕਰਦੇ ਨੇ। ਫੁੱਲ ਖਿੜੇ ਪਏ ਨੇ, ਸ਼ਹਿਦ ਦੀਆਂ ਮੱਖੀਆਂ ਥਾਂ-ਥਾਂ ਦੇ ਉੱਤੇ ਭਿਣ-ਭਿਣ ਕਰਦੀਆਂ ਗੁੰਜਾਰ ਪਾਉਂਦੀਆਂ ਨੇ। ਦਰਖਤ ਲਹਿਲਹਾ ਰਹੇ ਨੇ। ਕਾਫੀ ਸਮੇਂ ਤੋਂ ਬਾਅਦ ਜਦ ਫੇਰ ਆਏ ਤਾਂ ਦੇਖਿਆ ਤਾਂ ਉਥੇ ਸਭ ਮੁਰਝਾਇਆ ਪਿਆ ਹੈ। ਨਾ ਕੋਈ ਪੰਛੀ ਬੋਲਦਾ ਹੈ, ਨਾ ਕੋਈ ਜੰਗਲੀ ਪਸ਼ੂ ਆ ਕੇ ਪਾਣੀ ਪੀਂਦਾ ਹੈ। ਨਾ ਕੋਈ ਉਥੇ ਭੌਰਿਆਂ ਦੀ ਗੂੰਜ ਹੈ। ਨਾ ਫੁੱਲ ਹੀ ਖਿੜੇ ਹੋਏ ਦਿਸਦੇ ਨੇ। ਦੇਖਦੇ ਕੀ ਨੇ ਜਿਹੜੇ ਰੰਗਾਂ-ਰੰਗਾਂ ਦੇ ਫੁੱਲ ਦਿਖਾ ਕੇ ਨੇਤਰਾਂ ਨੂੰ ਪ੍ਰਭਾਵਿਤ ਕਰ ਰਹੇ ਸੀ, ਉਥੇ ਕੁਛ ਵੀ ਨਹੀਂ ਰਿਹਾ, ਕਾਲੇ ਹੋਏ ਪਏ ਨੇ। ਉਸ ਵੇਲੇ ਮਹਾਰਾਜ ਜੀ ਨੇ ਪੁੱਛਿਆ ਉਸਨੂੰ, ਕਹਿੰਦੇ ਕੀ ਹੋ ਗਿਆ ਤੈਨੂੰ, ਤੂੰ ਤਾਂ ਖਿੜਿਆ ਪਿਆ ਸੀ -

***ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥***
***ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ***
***ਨਾਨਕ ਮੈ ਤਨਿ ਭੰਗੁ ॥ ਅੰਗ - ੧੪੧੨***

ਦੇਹ ਤੇਰੀ ਕਾਲੀ ਹੋ ਗਈ, ਹੁਣ ਤਾਂ ਤੇਰੇ ਵਲ ਦੇਖਣ ਨੂੰ ਜੀਅ ਨਹੀਂ ਕਰਦਾ। ਇਹ ਕੀ ਭਾਣਾ ਵਰਤ ਗਿਆ। ਉਸ ਵੇਲੇ ਉਹ ਜਿਹੜੇ ਫੁੱਲ ਸੀ, ਕਹਿਣ ਲੱਗੇ ਗੁਰੂ ਜੀ! ਜਿਸ ਤਰ੍ਹਾਂ ਤੁਹਾਡੇ ਸਿੱਖਾਂ ਦਾ ਮਨ ਹੁੰਦਾ ਹੈ, ਉਹ ਤੁਹਾਨੂੰ ਪਿਆਰ ਕਰਦੇ ਨੇ, ਅਸੀਂ ਵੀ ਕਿਸੇ ਚੀਜ਼ ਨੂੰ ਪਿਆਰ ਕਰਦੇ ਹਾਂ। ਸਾਡਾ ਜੋ ਪਿਆਰ ਸੀ ਉਹ ਪਾਣੀ ਨਾਲ ਸੀ, ਪਾਣੀ ਨਹੀਂ ਮਿਲਿਆ, ਇਸ ਕਰਕੇ ਸਾਡੀ ਦੇਹ ਕਾਲੀ ਹੋ ਗਈ।

***ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥***
***ਅੰਗ - ੧੪੧੨***

ਕਹਿੰਦੇ, ਮੇਰਾ ਸੰਗ ਸੀ ਪਾਣੀ ਦੇ ਨਾਲ।

***ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥***
***ਅੰਗ - ੧੪੧੨***

ਮੈਨੂੰ ਤਾਂ ਦੇਖ ਹੀ ਖੇੜਾ ਹੋ ਜਾਂਦਾ ਹੈ, ਖੁਸ਼ੀਆ ਹੋ ਜਾਂਦੀਆਂ ਨੇ ਤੇ ਉਹ ਮਿਲਣ ਤੋਂ ਹਟ ਗਿਆ ਤੇ ਹਟਿਆ ਹੋਇਆ ਫੇਰ ਮੇਰੀ ਦੇਹ ਕਾਲੀ ਹੋ ਗਈ। ਭਾਈ ਵੀਰ ਸਿੰਘ ਜੀ ਇੱਕ ਰੁਬਾਈ ਵਿੱਚ ਲਿਖਦੇ ਨੇ, ਕੋਲੇ ਦੇ ਪ੍ਰਥਾਇ ਲਿਖਦੇ ਨੇ। ਕੋਲੇ ਨੂੰ ਕਹਿੰਦੇ ਤੂੰ ਕਾਲਾ ਕਿਉਂ ਹੋ ਗਿਆ। ਚਿੱਟਾ ਕਰਨ ਦਾ ਯਤਨ ਕਰਿਆ ਸਾਰਿਆਂ ਨੇ ਕਿ ਇਹ ਤਾਂ ਲਾਲ ਸੁਰਖ ਸੀ, ਸਾਬਣ ਨਾਲ ਧੋਤਾ, ਖੁੰਬ ਚਾੜ੍ਹ ਕੇ ਧਰਿਆ, ਲੇਕਿਨ ਉਹਨੇ ਰੰਗ ਨਾ ਵਟਾਇਆ -

***ਸਾਬਣ ਲਾ ਲਾ ਧੋਤਾ ਕੋਲਾ***
***ਦੁੱਧ ਦਹੀਂ ਵਿਚ ਪਾਇਆ,***
***ਖੁੰਬ ਚਾੜ੍ਹ ਰੰਗਣ ਭੀ ਧਰਿਆ,***
***ਰੰਗ ਨ ਏਸ ਵਟਾਇਆ,***
***ਵਿਛੁੜ ਕੇ ਕਾਲਖ ਸੀ ਆਈ,***
***ਬਿਨ ਮਿਲਿਆਂ ਨਹੀਂ ਲਹਿੰਦੀ,***
***ਅੰਗ ਅੱਗ ਦੇ ਲਾ ਕੇ ਵੇਖੋ***
***ਚੜ੍ਹਦਾ ਰੂਪ ਸਵਾਇਆ। ਭਾਈ ਵੀਰ ਸਿੰਘ ਜੀਂ***

ਕਹਿਣ ਲੱਗਿਆ ਕਿ ਤੁਸੀਂ ਕਿਹੜੀਆ ਗੱਲਾਂ ਵਿੱਚ ਪਏ ਹੋਏ ਓਂ, ਤੁਹਾਨੂੰ ਮੇਰੇ ਅੰਦਰਲੇ ਦੀ ਗੱਲ ਦਾ ਹੀ ਨਹੀਂ ਪਤਾ, ਮੈਨੂੰ ਕੀ ਹੋ ਗਿਆ। ਮੇਰਾ ਪ੍ਰੇਮ ਅੱਗ ਦੇ ਨਾਲ ਸੀ, ਮੇਰਾ ਵਿਛੋੜਾ ਹੋ ਗਿਆ। ਅੱਕਾਂ ਨੂੰ ਕੱਕੜੀਆਂ ਲੱਗੀਆਂ ਹੋਈਆਂ ਨੇ, ਬੜੀਆਂ ਸੋਹਣੀਆਂ ਲਗਦੀਆਂ ਨੇ -

***ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥***
***ਅੰਗ - ੩੧੯***

ਜਦੋਂ ਵਿਛੋੜਾ ਹੋ ਗਿਆ, ਉਹ ਇੱਕ-ਇੱਕ ਕਰਕੇ ਉੱਡ ਗਈ, ਕਿਧਰੇ-ਕਿਧਰੇ ਚਲੀਆਂ ਗਈਆਂ-

***ਬਿਰਹ ਵਿਛੋੜਾ ਧਣੀ ਸਿਉ***
***ਨਾਨਕ ਸਹਸੈ ਗੰਠਿ ॥ ਅੰਗ - ੩੧੯***

ਸੋ ਕਿੰਨਾ ਸਮਾਂ ਲੰਘ ਗਿਆ, ਕਿੰਨਾ ਔਖਾ ਹੈ ਰਹਿਣਾ, ਓਸ ਵੇਲੇ ਆਪ ਨੇ ਏਸ ਗੱਲ ਦਾ ਤਾਂ ਨਹੀਂ ਕਿ ਗੁਰੂ ਮਹਾਰਾਜ ਮੈਨੂੰ ਭੁੱਲ ਗਏ, ਕਹਿਣ ਲੱਗੇ, ਗੁਰੂ ਅੰਤਰਜਾਮੀ ਨੇ, ਘਟ-ਘਟ ਕੇ ਜਾਨਣਹਾਰ ਨੇ। ਮੇਰੇ ਹਿਰਦੇ ਦੀ ਸਾਰ ਜਾਣਦੇ ਨੇ, ਪਰ ਫੇਰ ਵੀ ਜੋ ਮਰਿਆਦਾ ਹੈ ਦੁਨੀਆਂ ਦੀ, ਮੈਂ ਚਿੱਠੀ ਲਿਖ ਕੇ ਦੇਖਾਂ ਕਿ ਉਸ ਵੇਲੇ ਆਪ ਨੇ ਕਾਗਜ਼ ਪੈਨਸਲ ਲਈ, ਦਵਾਤ ਲਈ, ਸਿਆਹੀ ਲਈ, ਕਾਗਜ਼ ਲਿਆ, ਨਮਸ਼ਕਾਰ ਕਰੀ, ਮੰਗਲ ਲਿਖਿਆ ਉਤੇ '੧ਓ ਸਤਿਗੁਰ ਪ੍ਰਸਾਦਿ', ਉਸ ਤੋਂ ਬਾਅਦ ਆਪ ਨੇ, ਆਪਣੇ ਹਿਰਦੇ ਦੀ ਜੋ ਗਾਥਾ ਸੀ, ਇਸ ਤਰ੍ਹਾਂ ਨਾਲ ਪ੍ਰਗਟ ਕੀਤੀ-

***ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦੈ।***

*ਮੇਰਾ ਮਨ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥ ਰਹਾਉ॥*

***ਸ਼ਬਦ ਹਜ਼ਾਰੇ***

ਪਪੀਹੇ ਦੀ ਮਿਸਾਲ ਦੇ ਦਿੱਤੀ, ਪਾਣੀ ਬੇਅੰਤ ਹੁੰਦਾ ਹੈ ਧਰਤੀ 'ਤੇ ਲੇਕਿਨ ਸ੍ਵਾਂਤੀ ਬੂੰਦ ਨਾ ਮਿਲਣ ਕਰਕੇ ਪਿਰਹੁੰ-ਪਿਰਹੁੰ, ਸਾਰਾ ਮਹੀਨਾ ਕਰੀ ਜਾਂਦਾ ਹੈ। ਜਦ ਮਿਲ ਜਾਂਦੀ ਹੈ, ਫੇਰ ਸ਼ਾਂਤ ਹੋ ਜਾਂਦਾ ਹੈ। ਫੇਰ ਪਪੀਹਾ ਕਦੇ ਬੋਲਦਾ ਸੁਣਿਆ ਹੀ ਨਹੀਂ ਹੈ। ਸੋ ਕਹਿਣ ਲੱਗੇ ਕਿ ਮਹਾਰਾਜ! ਮੇਰੀ ਆਹ ਹਾਲਤ ਹੋ ਗਈ, ਮੈਂ ਤੁਹਾਡੇ ਦਰਸ਼ਨ ਤੋਂ ਬਗੈਰ ਜੀਉਂਦਾ ਨਹੀਂ ਰਹਿ ਸਕਦਾ। ਉਸ ਵੇਲੇ ਆਪਣੇ ਮਨ ਦੀ ਹਾਲਤ ਲਿਖੀ। ਬਿਰਹੁੰ ਦਾ ਅੱਖਰਾਂ ਵਿੱਚ ਨਿਰੂਪਣ ਕੀਤਾ। ਚਿੱਠੀ ਬੰਦ ਕਰੀ, ਲਿਫਾਫੇ ਵਿੱਚ ਪਾਈ। ਇੱਕ ਇਤਬਾਰੀ ਸਿੱਖ ਨੂੰ ਬੁਲਾਇਆ ਕਹਿਣ ਲੱਗੇ, ਐਉਂ ਕਰ ਇਹ ਚਿੱਠੀ ਲੈ ਜਾ। ਇਹ ਗੁਰੂ ਪਿਤਾ ਜੀ ਦੇ ਹਵਾਲੇ ਕਰ ਦੇਈਂ। ਜੋ ਉੱਤਰ ਦੇਣਗੇ ਉਹ ਲੈ ਕੇ ਤੂੰ ਲੈ ਕੇ ਮੇਰੇ ਕੋਲ ਆ ਜਾਈਂ। ਦੇਖੀਂ ਅਟਕੀ ਨਾ, ਕਿਤੇ ਦਮ ਨਾ ਲਈਂ ਰਸਤੇ ਵਿਚ। ਤੁਰਿਆ ਹੀ ਚਲਿਆ ਆਈ, ਜੇ ਰੋਟੀ ਵੀ ਖਾਣੀ ਹੈ, ਤੁਰਦਾ-ਤੁਰਦਾ ਹੀ ਖਾ ਲਈਂ। ਕਿਉਂਕਿ ਸਿੱਕ ਹੁੰਦੀ ਹੈ ਸਾਧਸੰਗਤ ਜੀ। ਉਸ ਵੇਲੇ ਆਹੀ ਹਾਲ ਹੋਇਆ ਕਰਦੀ ਹੈ।

ਸਿੱਖ ਜਾਂਦਾ ਹੈ, ਪ੍ਰਿਥੀਚੰਦ ਜਾਣਦਾ ਸੀ ਕਿ ਗੁਰੂ ਮਹਾਰਾਜ ਦਾ ਸਮਾਂ ਹੁਣ ਬਹੁਤਾ ਹੀ ਥੋੜ੍ਹਾ ਰਹਿ ਗਿਆ। ਜੇ ਇਹ ਭੁੱਲੇ ਹੀ ਰਹਿਣ ਅਰਜਨ ਨੂੰ ਨਾ ਬੁਲਾਉਣ, ਫੇਰ ਤਾਂ ਫਲਾਣੀ ਤਰੀਕ ਨੂੰ ਇਨ੍ਹਾਂ ਨੇ ਸਰੀਰ ਛੱਡ ਦੇਣਾ ਹੈ ਤਾਂ ਮੈਂ ਕੋਲ ਹਾਂ ਤਾਂ ਫੇਰ ਗੁਰਿਆਈ ਤਾਂ ਮੇਰੀ ਹੋ ਹੀ ਗਈ। ਪਿਤਾ ਦਾ ਪਿਆਰ ਨਹੀਂ ਹੈ, ਗੁਰਿਆਈ ਦੀ ਲੋਚਾ ਹੈ, ਕੁਰਸੀ ਦੀ ਲੋਚਾ ਹੈ। ਰੂਹਾਨੀ ਮੰਡਲ ਵਿੱਚ ਪ੍ਰਵੇਸ਼ ਕਰਨਾ ਚਾਹੁੰਦਾ ਹੈ, ਮਾਇਆ ਦਾ ਬੰਦਾ। ਧੱਕੇ ਨਾਲ, ਧੋਖੇ ਨਾਲ, ਚਾਰੇ ਪਾਸੇ ਸਿੱਖ ਖਬਰਦਾਰ ਕੀਤੇ ਹੋਏ ਨੇ। ਬਈ ਕੋਈ ਲਾਹੌਰ ਵਲੋਂ ਆਵੇ ਧਿਆਨ ਰੱਖਿਓ, ਗੁਰੂ ਸਾਹਿਬ ਨੂੰ ਸਿੱਧਾ ਕੋਈ ਸਿੱਖ ਨਾ ਮਿਲੇ, ਸਿੱਧਾ ਮੇਰੇ ਕੋਲ ਲਿਆਓ। ਓਸੇ ਤਰ੍ਹਾਂ ਹੋਇਆ, ਜਿਹੜਾ ਸਿੱਖ ਪਹਿਰੇ 'ਤੇ ਲਾਇਆ ਹੋਇਆ ਸੀ, ਉਹਨੇ ਕਿਹਾ ਸਿੱਖਾ! ਲਾਹੌਰ ਤੋਂ ਆਇਆ ਹੈਂ, ਆਇਆ ਹੈਂ, ਸਾਹਿਬਜ਼ਾਦਾ ਜੀ ਕੋਲੋਂ, ਕਹਿੰਦੇ ਹਾਂ। ਲੈ ਗਏ, ਪਾਣੀ ਵਗੈਰਾ ਪਿਲਾਇਆ। ਪ੍ਰਿਥੀਚੰਦ ਨੇ ਪੁਛਿਆ ਕਿ ਅਰਜਨ ਦੇਵ ਜੀ ਦਾ ਕੀ ਹਾਲ ਹੈ, ਕਹਿੰਦੇ ਜੀ, ਉਹ ਤਾਂ ਹਰ ਵਕਤ ਵੈਰਾਗ ਵਿੱਚ ਰਹਿੰਦੇ ਨੇ। ਕਦੇ ਕੋਈ ਸਮਾਂ ਨਹੀਂ ਦੇਖਿਆ ਤੇ ਭਾਵੇਂ ਵਖਿਆਨ ਕਰਨ, ਭਾਵੇਂ ਕੀਰਤਨ ਕਰਨ, ਹਰ ਸਮੇਂ ਨੇਤਰਾਂ ਦੇ ਵਿੱਚੋਂ ਜਲ ਚਲੀ ਜਾਂਦਾ ਹੈ ਉਨ੍ਹਾਂ ਦੇ। ਕਮਜ਼ੋਰ ਹੋ ਗਏ ਨੇ, ਸਰੀਰ ਸੁੱਕ ਗਿਆ। ਕਹਿੰਦੇ ਕੋਈ, ਸੰਦੇਸ਼ਾ ਦਿੱਤਾ ਹੈ? ਕਹਿੰਦੇ ਹਾਂ, ਚਿੱਠੀ ਦਿੱਤੀ ਹੈ। ਲਿਆਓ ਮੈਂ ਹੁਣੇ ਹੀ ਗੁਰੂ ਪਿਤਾ ਨੂੰ ਦਿੰਦਾ ਹਾਂ, ਇੰਤਜ਼ਾਰ ਕਰੋ, ਕਹਿਣ ਲੱਗੇ ਮਹਾਰਾਜ! ਮੈਂ ਛੇਤੀ ਮੁੜਨਾ ਹੈ। ਕਹਿੰਦੇ ਮੈਂ ਹੁਣੇ ਆਇਆ, ਇਧਰ ਉਧਰ ਟਲ ਕੇ ਆ ਗਿਆ। ਕਹਿੰਦਾ, ਮੈਂ ਤੇਰੀ ਚਿੱਠੀ ਦੇ ਦਿੱਤੀ ਗੁਰੂ ਸਾਹਿਬ ਨੂੰ, ਗੁਰੂ ਸਾਹਿਬ ਕਹਿੰਦੇ ਕਾਹਲਾ ਨਾ ਪਵੇ, ਸਾਡੇ ਧਿਆਨ ਵਿੱਚ ਹੈ, ਬੁਲਾ ਲਵਾਂਗੇ ਜਦ ਠੀਕ ਹੋਏਗਾ। ਵਾਪਸ ਮੋੜ ਦਿੱਤਾ। ਗੁਰੂ ਮਹਾਰਾਜ ਮਕਾਨ 'ਤੇ ਉੱਤੇ ਖੜ੍ਹੇ ਦੇਖ ਰਹੇ ਨੇ। ਦੇਖਿਆ ਕਿ ਵਾਪਸ ਆ ਰਿਹਾ ਹੈ, ਆਪ ਵੀ ਹੇਠਾਂ ਉਤਰੇ, ਤੁਰ ਕੇ ਦੂਰ ਤੱਕ ਗਏ, ਜਾ ਕੇ ਮਿਲੇ ਕਹਿੰਦੇ ਗੁਰੂ ਪਿਤਾ ਜੀ ਨੂੰ ਮਿਲ ਆਏ, ਕਹਿੰਦੇ ਹਾਂ ਜੀ। ਚਿੱਠੀ ਦੇ ਦਿੱਤੀ? ਕਹਿੰਦੇ ਹਾਂ ਜੀ ਦੇ ਦਿੱਤੀ। ਕੀ ਫੁਰਮਾਨ ਹੈ? ਕੋਈ ਸੰਦੇਸਾ? ਕਹਿੰਦੇ ਸੰਦੇਸਾ ਤਾਂ ਕੋਈ ਨਹੀਂ ਹੈ, ਉਹ ਕਹਿੰਦੇ ਕਿ ਤੁਸੀਂ ਕਾਹਲੇ ਨਾ ਪਵੋ, ਐਵੇਂ ਜਿਵੇਂ ਹੀ ਅਸੀਂ ਤੁਹਾਡੀ ਸੇਵਾ 'ਤੇ ਪ੍ਰਸੰਨ ਹਾਂ, ਤੁਸੀਂ ਸੰਗਤਾਂ ਨੂੰ ਇੱਥੇ ਦਰਸ਼ਨ ਦੇਵੋ ਤੇ ਪ੍ਰਚਾਰ ਕਰੋ। ਗੁਰੂ ਦੀ ਸਿੱਖੀ ਦਾ ਵਾਧਾ ਕਰੋ। ਉਦਾਸ ਹੋ ਗਏ। ਥੋੜ੍ਹੇ ਦਿਨ ਲੰਘਣ ਤੋਂ ਬਾਅਦ ਆਪ ਨੇ ਦੂਸਰੀ ਪਤ੍ਰਿੱਕਾ ਇਸ ਤਰ੍ਹਾਂ ਨਾਲ ਲਿਖੀ -

***ਧਾਰਨਾ - ਤੇਰਾ ਮੁਖੜਾ ਸੁਹਾਵਾ ਮੇਰੇ ਮਾਲਕਾ,***
***ਸਹਿਜ ਧੁਨ ਤੇਰੀ ਬਾਣੀ।***

*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ॥*
*ਹਉ ਘੋਲੀ ਹਉ ਘੋਲਿ ਘੁਮਾਈ*
*ਗੁਰ ਸਜਣ ਮੀਤ ਮੁਰਾਰੇ ਜੀਉ॥* ***ਸ਼ਬਦ ਹਜ਼ਾਰੇ***

ਪੂਰਾ ਲਿਖਿਆ, ਲਿਖਣ ਤੋਂ ਬਾਅਦ ਆਪ ਨੇ ਚਿੱਠੀ ਬੰਦ ਕਰ ਦਿੱਤੀ, ਉਹਦੇ ਬਾਅਦ ਕਿਹਾ ਕਿ ਹੁਣ ਤੂੰ ਧਿਆਨ ਨਾਲ ਕੋਸ਼ਿਸ਼ ਕਰੀਂ, ਗੁਰੂ ਪਿਤਾ ਨੂੰ ਮਿਲੀਂ। ਉਸੇ ਤਰ੍ਹਾਂ ਗਿਆ। ਪਹਿਰੇਦਾਰ ਫੇਰ ਲੱਗਿਆ ਹੋਇਆ ਹੈ, ਉਵੇਂ ਜਿਵੇਂ ਗੱਲਾਂ ਕਰਕੇ ਸਿੱਖਾਂ ਨੂੰ ਵਾਪਸ ਮੋੜ ਦਿੱਤਾ। ਚਿੱਠੀ ਲੈ ਕੇ ਜੇਬ ਵਿੱਚ ਪਾ ਲਈ। ਆਪ ਬੜੀ ਤੀਬਰਤਾ ਦੇ ਨਾਲ ਸਿੱਖ ਨੂੰ ਉਡੀਕ ਰਹੇ ਨੇ। ਓਹੀ ਜਵਾਬ ਜਾ ਕੇ ਸਿੱਖ ਨੇ ਦਿੱਤਾ। ਉਸ ਵੇਲੇ ਮਹਾਰਾਜ ਜੀ ਪੁੱਛਣ ਲੱਗੇ ਕਿ ਸਿੱਖਾ ਇੱਕ ਗੱਲ ਦੱਸ ਕਿ ਤੂੰ ਇਹ ਪੱਤਰ ਗੁਰੂ ਪਿਤਾ ਨੂੰ ਸਿੱਧੇ ਦਿੰਦਾ ਹੈਂ ਕਿ ਰਸਤੇ ਵਿੱਚ ਦਿੰਦਾ ਹੈਂ। ਕਹਿੰਦਾ, ਜੀ ਪ੍ਰਿਥੀਚੰਦ ਫੜ ਲੈਂਦੇ ਨੇ ਮੇਰੇ ਤੋਂ। ਸਮਝ ਗਏ ਸਾਰੀ ਗੱਲ ਕਿ ਉਹ ਚਿੱਠੀ ਦਿੰਦਾ ਨਹੀਂ ਹੈ। ਐਵੇਂ ਲਾਰਾ ਲਾ ਕੇ ਮੋੜ ਦਿੰਦਾ ਹੈ। ਉਸ ਵੇਲੇ ਇੱਕ ਦੋ ਦਿਨ ਤੋਂ ਬਾਅਦ ਆਪ ਨੇ ਕਲਮ ਦਵਾਤ ਲਈ, ਲੈ ਕੇ ਉਹਦੇ ਉੱਤੇ ਫੇਰ ਆਪਣੇ ਭਾਵ ਇਸ ਤਰ੍ਹਾਂ ਦੇ ਨਾਲ ਅੰਕਿਤ ਕੀਤੇ।

***ਧਾਰਨਾ - ਇਕ ਘੜੀ ਨਾ ਮਿਲਤੇ ਜੀ***
***ਕਲਜੁਗ ਹੋਤਾ-ਕਲਜੁਗ ਹੋਤਾ***
***ਹੁਣ ਕਦ ਮਿਲੀਐ***
***ਪ੍ਰਿਅ ਤੁਧ ਭਗਵੰਤਾ।***

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*

***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸੁ ਸਚੇ ਗੁਰ ਦਰਬਾਰੇ ਜੀਉ॥ ਸ਼ਬਦ ਹਜ਼ਾਰੇ***

ਬੰਦ ਕਰ ਦਿੱਤੀ, ਤੇ ਕਿਹਾ ਕਿ ਲੈ ਗੁਰਸਿੱਖਾ! ਕਿਵੇਂ ਕਰੀਂ, ਇਹ ਚਿੱਠੀ ਗੁਰੂ ਪਿਤਾ ਦੇ ਹੱਥ ਦੇਈਂ, ਉਹਨੂੰ ਨੂੰ ਦੇਵੀਂ, ਨਾ ਕਿਸੇ ਹੋਰ ਨੂੰ ਦੇਵੀਂ। ਪੱਕਾ ਕਰ ਦਿੱਤਾ, ਹੋਰ ਸਿੱਖ ਭੇਜ ਦਿੱਤਾ ਬਦਲ ਕੇ, ਕਿ ਤੂੰ ਲਾਹੌਰ ਦੇ ਰਸਤੇ ਵਲੋਂ ਨਾ ਜਾਈਂ। ਰਸਤਾ ਬਦਲ ਲਈਂ ਹੋਰ ਪਾਸੇ ਦੀ ਆ ਜਾਈਂ ਤੂੰ। ਜੇ ਮਿਲ ਵੀ ਗਏ, ਕਿਉਂਕਿ ਹੋਰ ਪਾਸਿਓਂ ਆਇਆ ਹੈਂ, ਤੈਨੂੰ ਪੁੱਛਣਾ ਵੀ ਨਹੀਂ ਉਹਨੇ। ਉਸ ਵੇਲੇ ਇਸੇ ਤਰ੍ਹਾਂ ਨਾਲ ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ। ਸਿੱਖ ਨੇ ਜਾ ਕੇ ਮੱਥਾ ਟੇਕਿਆ, ਪੱਤ੍ਰਿਕਾ ਗੁਰੂ ਮਹਾਰਾਜ ਦੇ ਅੱਗੇ ਰੱਖ ਦਿੱਤੀ। ਮਹਾਰਾਜ ਜੀ ਨੇ ਉਸੇ ਵੇਲੇ ਖੋਲ੍ਹੀ, ਪੜ੍ਹਿਆ ਤੇ ਨਾਲ ੩ ਅੰਕ ਲਿਖਿਆ ਹੋਇਆ ਹੈ। ਉਹ ਕਹਿਣ ਲੱਗੇ, ਗੁਰਸਿੱਖਾ! ਇਹ ਤਿੰਨ ਅੰਕ ਲਿਖਿਆ ਹੋਇਆ ਹੈ, ਪਹਿਲਾਂ ਵੀ ਪੱਤ੍ਰਿਕਾ ਪਾਈਆਂ ਨੇ। ਕਹਿੰਦੇ, ਹਾਂ ਮਹਾਰਾਜ ਜੀ, ਦੋ ਪਹਿਲਾਂ ਪਾਈਆਂ ਸੀ। ਪੁਛਿਆ ਕਿ ਉਹ ਕਿੱਥੇ ਗਈਆਂ? ਕਹਿੰਦੇ ਉਹ ਤਾਂ ਪਤਾ ਨਹੀਂ ਸਾਹਿਬਜ਼ਾਦਾ ਜੀ ਨੂੰ ਫੜਾ ਕੇ ਗਿਆ ਸੀ ਤੇ ਮੈਨੂੰ ਹੁਣ ਤਾਕੀਦ ਕੀਤੀ ਹੈ ਕਿ ਸਿੱਧਾ ਗੁਰੂ ਮਹਾਰਾਜ ਦੇ ਪਾਸ ਪਹੁੰਚਾਈ। ਉਸੇ ਵੇਲੇ ਗੁਰੂ ਮਹਾਰਾਜ ਜਾਣ ਗਏ ਕਿ ਬੜੀ ਖੋਟ ਹੈ ਇਸ ਬੰਦੇ ਦੇ ਮਨ ਵਿੱਚ। ਬਾਬਾ ਬੁੱਢਾ ਜੀ ਨੂੰ ਬੁਲਾਇਆ, ਭਾਈ ਗੁਰਦਾਸ ਜੀ ਨੂੰ ਬੁਲਾਇਆ ਪੰਜ ਸਿੱਖ ਤਿਆਰ ਕਰੇ ਕਿ ਜਾਓ ਹੁਣੇ ਜਾਓ ਲਾਹੌਰ ਨੂੰ ਤੇ ਛੇਤੀ ਤੋਂ ਛੇਤੀ ਸਾਹਿਬਜ਼ਾਦਾ ਜੀ ਨੂੰ ਇੱਥੇ ਲੈ ਆਓ। ਘੋੜਿਆਂ ਦੇ ਉੱਤੇ ਆਪ ਸਵਾਰ ਹੋ ਕੇ ਜਾਂਦੇ ਨੇ। ਦੂਰੋਂ ਦੇਖ ਲਿਆ ਆਪ ਨੇ ਕਿ ਅੱਜ ਘੋੜੇ ਆ ਰਹੇ ਨੇ। ਪਛਾਣ ਲਿਆ ਕਿ ਇਹ ਤਾਂ ਗੁਰੂ ਦੇ ਸਿੱਖ ਨੇ, ਬਾਬਾ ਬੁੱਢਾ ਜੀ ਵਗੈਰਾ ਨੇ। ਬੜੀ ਖੁਸ਼ੀ ਆਈ ਮਨ ਵਿੱਚ। ਉਸ ਵੇਲੇ ਆਪ ਸਾਰਿਆ ਨੇ ਆ ਕੇ ਨਮਸ਼ਕਾਰਾਂ ਕੀਤੀਆਂ। ਸੁਖਸਾਂਦ ਪੁੱਛੀ ਤੇ ਨਾਲ ਕਿਹਾ ਕਿ ਤੁਸੀਂ ਤਿਆਰ ਹੋ ਜਾਓ, ਸਵੇਰੇ ਸਾਝਰੇ ਹੀ ਆਪਾਂ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਹਾਜ਼ਰ ਹੋਵਾਂਗੇ। ਸੋ ਇਸ ਦੂਜੇ ਦਿਨ ਤੁਰ ਪੈਂਦੇ ਨੇ ਤੇ ਅੱਗੇ ਜਾ ਕੇ ਦੀਵਾਨ ਲੱਗਿਆ ਹੋਇਆ ਹੈ, ਘੋੜੇ ਦੂਰੋਂ ਹੀ ਖੜ੍ਹਾ ਦਿੱਤੇ ਗਏ, ਪੈਦਲ ਚਲਦੇ ਨੇ। ਉਸ ਵੇਲੇ ਦੀਵਾਨ ਦੇ ਸਾਮ੍ਹਣੇ ਜਿਸ ਵਕਤ ਗੁਰੂ ਮਹਾਰਾਜ ਜੀ ਆ ਗਏ, ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਐਸਾ ਭਾਵ ਪ੍ਰਗਟ ਹੋ ਰਿਹਾ ਸੀ -

***ਧਾਰਨਾ - ਜਿਤੁ ਦਰਸ਼ਨ ਕਰਨਾ ਤੇਰਾ,***
***ਸੋਈ ਵੇਲਾ ਧੰਨ ਹੈ ਗੁਰਾਂ।***

ਸਾਰੀ ਸੰਗਤ ਸ਼ਬਦ ਦੇ ਨਾਲ ਬੋਲ ਰਹੀ ਹੈ, ਹੌਲੀ-ਹੌਲੀ ਚਲਦੇ ਆਪ ਨੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਸੀਸ ਰੱਖ ਦਿੱਤਾ। ਇੱਕ ਸਾਲ ਤਿੰਨ ਮਹੀਨੇ ਤੋਂ ਬਾਅਦ ਆਪ ਨੂੰ ਦਰਸ਼ਨ ਹੋਏ। ਐਨਾ ਵੈਰਾਗ ਕਿ ਮਾਨੋਂ ਹੰਝੂਆਂ ਦੇ ਨਾਲ ਚਰਨ ਧੋ ਦਿੱਤੇ। ਗੁਰੂ ਮਹਾਰਾਜ ਨੇ ਉਠਾਲੇ, ਕਹਿਣ ਲੱਗੇ, ਬੇਟਾ ਜੀ! ਪਹਿਲਾਂ ਕੋਈ ਪੱਤਰ ਕਿਉਂ ਨਾ ਲਿਖਿਆ। ਕੋਈ ਪਹਿਲਾਂ ਵੀ ਪੱਤ੍ਰਿਕਾ ਲਿਖੀਆਂ ਸੀ? ਕਹਿੰਦੇ, ਹਾਂ ਮਹਾਰਾਜ! ਮੈਂ ਤਿੰਨ ਪਤ੍ਰਿਕਾ ਲਿਖੀਆਂ ਨੇ, ਓਹ ਏਥੇ ਦੋ ਤਾਂ ਵੱਡੇ ਭਰਾਤਾ ਜੀ ਨੂੰ ਫੜਾ ਗਏ, ਆਹ ਤੁਹਾਡੇ ਕੋਲ ਪਹੁੰਚ ਗਈ। ਮਹਾਰਾਜ ਜੀ ਨੇ ਕਿਹਾ ਕਿ ਜਾਓ ਪ੍ਰਿਥੀ ਚੰਦ ਨੂੰ ਬੁਲਾਓ! ਓਸ ਨੂੰ ਕਹੋ ਕਿ ਪਹਿਲੀਆਂ ਪੱਤ੍ਰਿਕਾ ਸਾਡੇ ਕੋਲ ਲਿਆਵੇ। ਮਹਾਰਾਜ ਜੀ ਦੇ ਦਰਬਾਰ ਹਾਜ਼ਰ ਹੋ ਗਿਆ, ਬੜਾ ਜ਼ਾਲਮ ਰੂਪ ਧਾਰਿਆ ਹੋਇਆ ਹੈ ਕਿ ਇਹ ਫੇਰ ਆ ਗਿਆ, ਹੁਣ ਤਾਂ ਦਿਨ ਹੀ ਪੰਜ ਸੱਤ ਰਹਿ ਗਏ ਇਨ੍ਹਾਂ ਦੇ ਤੇ ਮੈਂ ਤਾਂ ਬੜਾ ਯਤਨ ਕਰਿਆ ਸੀ ਕਿ ਨਾ ਆਵੇ। ਬੜੇ ਕ੍ਰੋਧ ਵਿੱਚ ਆਇਆ ਹੋਇਆ ਹੈ, ਚਿੱਠੀਆਂ ਮੰਗਦੇ ਨੇ ਗੁਰੂ ਮਹਾਰਾਜ ਉਸ ਤੋਂ। ਕਹਿੰਦਾ, ਮਹਾਰਾਜ! ਮੈਨੂੰ ਕੋਈ ਚਿੱਠੀ ਨਹੀਂ ਮਿਲੀ, ਉਹ ਗੁਰਸਿੱਖ ਕਹਿੰਦਾ ਮੈਂ ਫੜਾਈਆਂ ਨੇ। ਕਹਿੰਦਾ ਕਿ ਗੁਰਸਿੱਖ ਝੂਠਾ ਹੈ, ਇਹ ਅਰਜਨ ਨੇ ਸਾਜਿਸ਼ ਕਰੀ ਹੈ ਮੈਨੂੰ ਤੁਹਾਡੇ ਤੋਂ ਦੂਰ ਕਰਨ ਦੀ। ਇਹ ਦੋਵੇਂ ਝੂਠ ਬੋਲਦੇ ਨੇ। ਐਸੇ ਰੁੱਖੇ ਜਵਾਬ ਦਿੱਤੇ। ਮਹਾਰਾਜ ਜੀ ਨੇ ਇੱਕ ਸਿੱਖ ਨੂੰ ਕਿਹਾ ਕਿ ਆਹ ਜਾਮਾ ਪਿਆ ਹੈ ਇਸ ਦਾ ਘਰ, ਖੀਸੇ ਵਿੱਚ ਪਈਆਂ ਨੇ ਚਿੱਠੀਆਂ ਕੱਢ ਲਿਆ ਸਾਰੀਆਂ। ਸਿੱਖ ਘਰ ਚਲਿਆ ਗਿਆ ਤੇ ਘਰਵਾਲੀ ਕਰਮੋ ਨੂੰ ਪੁੱਛ ਕੇ ਉਹ ਖਿੱਸੇ ਵਿਚੋਂ ਦੋਵੇਂ ਚਿੱਠੀਆਂ ਕੱਢ ਲਈਆਂ। ਉਸ ਤੋਂ ਬਾਅਦ ਗੁਰੂ ਮਹਾਰਾਜ ਕੋਲ ਰੱਖ ਦਿੱਤੀਆਂ। ਮਹਾਰਾਜ ਕਹਿੰਦੇ, ਆਹ ਦੇਖ ਤੇਰੇ ਘਰੋਂ ਲੈ ਆਂਦੀਆਂ। ਕਹਿੰਦਾ, ਮਹਾਰਾਜ ਇਹ ਵੀ ਚਾਲ ਹੈ, ਇਹ ਤਾਂ ਕਿਤੇ ਹੋਰ ਹੀ ਪਈਆਂ ਹੋਣੀਆਂ, ਇਹ ਤਾਂ ਤੁਸੀਂ ਮੈਨੂੰ ਗੱਦੀ ਨਾ ਦੇਣ ਦੇ ਬਹਾਨੇ ਬਣਾ ਰਹੇ ਓਂ ਸਾਰੇ। ਪਰ ਯਾਦ ਰੱਖਿਓ ਕਿ ਮੈਂ ਵੀ ਇਹੋ ਜਿਹੀਆਂ ਚਿੱਠੀਆਂ ਲਿਖ ਸਕਦਾ ਹਾਂ। ਕਹਿੰਦੇ ਠੀਕ ਹੈ, ਲੈ ਆਹ ਤਿੰਨ ਚਿੱਠੀਆਂ ਪਈਆਂ ਨੇ, ਦੋ ਤਾਂ ਤੇਰੇ ਕੋਲ ਸੀਗੀਆਂ, ਤੀਜੀ ਆਹ ਹੋਰ ਹੈ, ਹੁਣ ਤੂੰ ਇਹ ਸ਼ਬਦ ਪੂਰਾ ਕਰ ਦੇ। ਹੁਣ ਬਾਣੀ ਕਿਥੋਂ ਉਤਰੇ। ਕਲਮ ਲੈ ਲਈ, ਪੈਨਸਲ ਲੈ ਲਈ, ਬਾਣੀ ਤਾਂ ਉਤਰਦੀ ਹੈ ਸ਼ੁੱਧ ਹਿਰਦੇ 'ਚੋਂ, ਨਿਰਮਲ ਹਿਰਦੇ ਤੋਂ ਬਾਣੀ ਪ੍ਰਭੂ ਦੀ ਉਤਰਦੀ ਹੈ, ਮੈਲੇ ਹਿਰਦੇ ਤੋਂ ਤਾਂ ਪ੍ਰਵੇਸ਼ ਹੀ ਨਹੀਂ ਕਰਦੀ। ਮੈਲੇ ਹਿਰਦਿਆਂ 'ਚ ਕਵਿਤਾ ਹੁੰਦੀ ਹੈ। ਬਾਣੀ ਨਹੀਂ ਹੁੰਦੀ। ਆਹ ਜਿਹੜੇ ਕਰਦੇ ਨੇ ਨਾ ਕਿ ਆਹ ਗੁਰੂ ਸਾਹਿਬ ਦੀ ਕਵਿਤਾ, ਇਹ ਨਾਸਤਕ ਲੋਕ ਨੇ, ਸਿੱਖੀ ਦੀ ਸ਼ਕਲ ਹੈ ਇਨ੍ਹਾਂ ਦੀ। ਬੜਾ ਮਾੜਾ ਕੰਮ ਕਰ ਰਹੇ ਨੇ ਸਿੱਖੀ ਦੇ ਰੂਪ ਵਿੱਚ ਆ ਕੇ, ਸਿੱਖਾਂ ਦਾ ਨਿਹਚਾ ਖਰਾਬ ਕਰ ਰਹੇ ਨੇ। ਬਾਣੀ ਕਿੱਥੋਂ ਉਤਰਨੀ ਸੀ, ਕਹਿੰਦੇ ਲੈ ਬੇਟਾ! ਅਰਜਨ ਦੇਵ, ਆਹ ਤਿੰਨ ਤਾਂ ਤੂੰ ਪੂਰੀਆਂ ਕਰ ਦਿੱਤੀਆਂ, ਤੂੰ ਚੌਪਦਾ ਲਿਖਿਆ ਹੋਇਆ, ਹੁਣ ਚੌਪਦਾ ਪੂਰਾ ਕਰ ਦੇ। ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਐਸਾ ਉਚਾਰਨ ਹੋਇਆ -

***ਧਾਰਨਾ - ਮੈਂ ਭਾਗਾਂ ਵਾਲਾ ਜੀ,***
***ਦਰਸ਼ਨ ਹੋ ਗਏ-ਦਰਸ਼ਨ ਹੋ ਗਏ।***

(ਬਾਕੀ ਪੰਨਾ 48 'ਤੇ)

# ਸ੍ਰੀ ਗੁਰੂ ਨਾਨਕ ਦੇਵ ਜੀ - ਹਰਿਦੁਆਰ ਫੇਰੀ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

***ਸਤਿਨਾਮੁ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥***
***ਅੰਗ - ੨੫੬***

***ਫਿਰਤ ਫਿਰਤ ਪ੍ਰਭ ਆਇਆ***
***ਪਰਿਆ ਤਉ ਸਰਨਾਇ ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥***
***ਅੰਗ - ੨੮੯***

***ਧਾਰਨਾ - ਜਪੀਐ ਸੁਖ ਸਾਗਰ ਜੀ,***
***ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਆਪਾਂ ਸਾਰਿਆਂ ਨੇ ਗੁਰੂ ਮਹਾਰਾਜ ਦਾ ਬਚਨ ਗਾ ਕੇ ਪੜ੍ਹਿਆ ਹੈ, ਮਹਾਰਾਜ ਕਹਿੰਦੇ ਜੋ ਸੁਖਾਂ ਦਾ ਖਜ਼ਾਨਾ ਹੈ ਨਾ ਵਾਹਿਗੁਰੂ, ਉਹਦਾ ਤੁਸੀਂ ਜਾਪ ਕਰੋ। ਉਹਦਾ ਜਾਪ ਕਰਨ ਨਾਲ ਕੀ ਹੋਏਗਾ, ਇਹ ਗੱਲ ਅੱਗੇ ਦੀ ਮਹਾਰਾਜ ਦੱਸਦੇ ਨੇ, ਉਹ ਸਾਡੀ ਸਮਝ ਵਿੱਚ ਨਹੀਂ ਪੈਂਦੀ। ਪਹਿਲੀ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਮਹਾਰਾਜ ਕਹਿੰਦੇ ਉਹਦਾ ਜਾਪ ਕਰੋ ਜੋ ਸੁਖਾਂ ਦਾ ਖਜ਼ਾਨਾ ਹੈ, ਸੁੱਖਾਂ ਦਾ ਸਮੁੰਦਰ ਹੈ, ਜਿਹਦੇ ਵਿੱਚ ਸੁਖ ਹੀ ਸੁਖ ਹਨ, ਕੋਈ ਗਿਣਤੀ ਮਿਣਤੀ ਨਹੀਂ। ਉਹਦਾ ਜਾਪ ਕਰੋ, ਉਹਦੇ ਨਾਲ ਕੀ ਹੋਏਗਾ, ਮਨ ਦੀਆਂ ਸਾਰੀਆਂ ਇੱਛਿਆ, ਵਾਸ਼ਨਾਵਾਂ ਸਭ ਪੂਰੀਆਂ ਹੋ ਜਾਣਗੀਆਂ। ਨਹੀਂ ਤਾਂ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਸਾਰੀਆਂ ਇਛਾਵਾਂ ਜਿੰਨੀਆਂ ਵੀ ਹਨ ਉਹ ਕੌੜੀਆਂ ਦਿੱਸਣ ਲਗ ਜਾਂਦੀਆਂ ਹਨ, ਫੇਰ ਲੋੜ ਹੀ ਨਹੀਂ ਰਹਿੰਦੀ ਕਿਸੇ ਦੀ। ਨਾ ਮਾਣ ਦੀ ਲੋੜ ਰਹਿੰਦੀ ਹੈ। ਚੀਜ਼ਾਂ ਆਪਣੇ ਆਪ ਪਿੱਛੇ ਤੁਰ ਪਿਆ ਕਰਦੀਆਂ ਨੇ। ਜਿਹੜਾ ਪਿੱਠ ਦੇ ਦਿੰਦਾ ਹੈ, ਪਰਛਾਵਾਂ ਉਹਦੇ ਪਿੱਛੇ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਜੇ ਇੱਛਿਆ ਅਜੇ ਤੈਨੂੰ ਤੰਗ ਕਰਦੀ ਹੈ, ਤੇਰੀਆਂ ਇੱਛਿਆਂ ਪੁੱਤਰ ਦੀ ਲੋੜ ਹੈ ਪੁੱਤਰ ਮਿਲ ਜਾਂਦਾ ਹੈ, ਜਾਇਦਾਦ ਦੀ ਲੋੜ ਹੈ ਜਾਇਦਾਦ ਮਿਲ ਜਾਂਦੀ ਹੈ; ਕਾਰੋਬਾਰ ਦੀ ਲੋੜ ਹੈ ਕਾਰੋਬਾਰ ਮਿਲ ਜਾਂਦਾ ਹੈ। ਕਿਸੇ ਅਹੁਦੇ ਦੀ, ਨੌਕਰੀ ਚਾਕਰੀ, ਤਰੱਕੀ ਦੀ ਲੋੜ ਹੈ ਉਹ ਮਿਲ ਜਾਂਦੀ ਹੈ, ਤੂੰ ਜਪ ਕੇ ਤਾਂ ਦੇਖ ਕਹਿੰਦੇ ਜਪਦਾ ਨਹੀਂ ਹੈ।

***ਹਰਿ ਕੇ ਚਰਨ ਅਰਾਧੀਅਹਿ***
***ਗੁਰ ਸਬਦਿ ਰਤਨਾਗਰੁ॥ ਅੰਗ - ੧੩੧੮***

ਰਤਨਾਗਰੁ ਕਹਿੰਦੇ ਨੇ ਜਿਹੜੀ ਬਹੁਤ ਹੀ ਕੀਮਤੀ ਚੀਜ਼ ਹੈ ਨਾ, ਗੁਰੂ ਦਾ ਸ਼ਬਦ, ਉਸ ਲਈ ਤੂੰ ਹਰੀ ਦੇ ਚਰਨਾਂ ਦੀ ਆਰਾਧਨਾ ਕਰ -

***ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ॥***
***ਅੰਗ - ੧੩੧੮***

ਨਾਲ ਮਹਾਰਾਜ ਨੇ ਸ਼ਰਤ ਲਾ ਦਿੱਤੀ ਕਿ ਤੇਰੇ ਤੋਂ ਇਕੱਲੇ ਤੋਂ ਨਹੀਂ ਹੋਣਾ, ਸਾਧੂਆਂ ਦੀ ਸੰਗਤ ਦੇ ਨਾਲ ਮਿਲੇਂਗਾ, ਫੇਰ ਤੈਨੂੰ ਜਾਂਚ ਆ ਜਾਏਗੀ ਕਿ ਕਿਵੇਂ ਜਪੀਦਾ ਹੈ। ਜਪਦੀ ਤਾਂ ਸਾਰੀ ਦੁਨੀਆਂ ਹੈ -

***ਕਬੀਰ ਰਾਮ ਕਹਨ ਮਹਿ ਭੇਦੁ ਹੈ***
***ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥***
***ਅੰਗ - ੧੩੭੪***

ਸਾਡਾ ਰਾਮ ਕਕੇ ਤੇ ਕਿਉਂ ਨਹੀਂ ਰਾਜ਼ੀ ਹੋ ਜਾਂਦਾ ਬੰਦਾ, ਮਾਤਾ ਲੋਈ ਨੇ ਤਿੰਨ ਵਾਰੀ ਰਾਮ ਕਹਿ ਕੇ ਨਾਲੇ ਰਾਜੇ ਦਾ ਕੋਹੜ ਹਟਾ ਦਿੱਤਾ, ਨਾਲੇ ਨਾਮ ਦੇ ਦਿੱਤਾ ਨਾਲੇ ਪਾਪ ਹਟਾ ਦਿੱਤੇ।, ਤਿੰਨ ਕੰਮ ਕਰ ਦਿੱਤੇ। ਸੋ ਐਡਾ ਨਾਮ ਹੈ ਕਿ ਜਿਹੜੇ ਸਾਡੇ ਜਮਾਂ ਦੇ ਕਾਗਜ਼ ਸਾਡੇ ਪਏ ਨੇ ਨਾ ਦਫਤਰਾਂ ਦੇ ਦਫਤਰ ਰੱਖੇ ਹੋਏ, ਇੱਕ-ਇੱਕ ਬੰਦੇ ਦੀ ਕਰੋੜ-ਕਰੋੜ ਫਾਈਲ ਹੈ। ਇਹ ਮੇਰੀ ਗੱਲ ਨੂੰ ਐਉਂ ਨਾ ਸਮਝਿਓ ਕਿ ਮੈਂ ਅਤਿਕਥਨੀ ਕਰ ਰਿਹਾ ਹਾਂ। ਸਾਨੂੰ ਖਰਬਾਂ-ਖਰਬਾਂ ਸਾਲ ਹੋ ਗਏ ਘੁੰਮਦਿਆਂ ਨੂੰ। ਅਸੀਂ ਲੇਖੇ ਪੱਤੇ ਬੀਜਦੇ ਤੁਰੇ ਜਾਂਦੇ ਹਾਂ, ਕਿਤੇ ਲੈਣਾ ਹੈ, ਕਿਤੇ ਦੇਣਾ ਹੈ, ਕਿਸੇ ਨੂੰ ਤੰਗ ਕਰਿਆ ਹੈ, ਕਿਸੇ ਨੇ ਇਹਨੂੰ ਤੰਗ ਕਰਿਆ ਹੈ। ਉਹ ਕਰਮ ਬਣਦੇ ਤੁਰੇ ਜਾਂਦੇ ਨੇ, ਅੱਡ-ਅੱਡ ਕਰਮ, ਅੱਡ-ਅੱਡ ਫਾਇਲਾਂ। ਕਾਗਜ਼ਾਂ ਦੇ ਢੇਰ ਲੱਗੇ ਪਏ ਨੇ, ਅੰਬਾਰ ਲੱਗੇ ਪਏ ਨੇ, ਮਹਾਰਾਜ ਕਹਿੰਦੇ ਜਦੋਂ ਬੰਦਗੀ ਕਰਦਾ ਹੈ ਨਾ ਉਹ ਕਾਗਦ ਜਿਹੜੇ ਨੇ ਉਹ ਸਾਰੇ ਹੀ ਪਾਟ ਜਾਂਦੇ ਨੇ। ਸਾਧੂ ਨੇ ਐਸੀ ਜੁਗਤੀ ਦੱਸਣੀ ਹੈ, ਕਾਗਜ਼ ਪਏ ਦੇ ਪਏ ਰਹਿੰਦੇ ਨੇ, ਲਾਂਭੇ ਦੀ ਲੰਘ ਜਾਂਦਾ ਹੈ -

***ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥ ਅੰਗ - ੧੩੧੮***

ਜਨਮ ਦਾ ਜੋ ਪਦਾਰਥ, ਆਤਮਾ ਪ੍ਰਾਪਤੀ ਹੈ, ਜਿਸਨੂੰ ਜਿੱਤਣਾ ਕਹਿੰਦੇ ਨੇ, ਕਹਿੰਦੇ ਉਹਨੂੰ ਵੈਰਾਗ ਦੇ ਵਿੱਚ ਆ ਕੇ ਜਪ। ਵੈਰਾਗ ਕਿਸੇ ਵਿਰਲੇ ਨੂੰ ਲਗਦਾ ਹੈ, ਕਿਸੇ ਭਾਗਾਂ ਵਾਲੇ ਨੂੰ; ਸਾਰਿਆਂ ਨੂੰ ਵੈਰਾਗ ਨਹੀਂ ਹੋਇਆ ਕਰਦਾ, ਕੋਈ-ਕੋਈ ਹੁੰਦਾ ਹੈ। ਉਹ ਵੀ ਪੂਰਬਲੇ ਸੰਸਕਾਰ, ਕੋਈ ਵੱਡਾ ਮਹਾਂਪੁਰਸ਼ ਮਿਲ ਜਾਵੇ, ਜਿਹਦੇ ਨਾਲ ਦਿਨ ਦਾ ਸੌਦਾ ਕਰ ਲਿਆ ਜਾਵੇ; ਉਹਦੀ ਗੁਲਾਮੀ ਤੇ ਉਹਦੀ ਚਾਕਰੀ ਸਿਰ ਦੇ ਉਤੇ ਚੁੱਕ ਲਈ ਜਾਵੇ, ਫੇਰ ਵੈਰਾਗ ਲੱਗਿਆ ਕਰਦਾ ਹੈ, ਕਹਿੰਦੇ ਉਹ ਵੈਰਾਗ 'ਚ ਆ ਕੇ ਜਨਮ ਪਦਾਰਥ ਜਿੱਤਿਆ ਜਾਂਦਾ ਹੈ।

***ਸਭਿ ਪਵਹੁ ਸਰਨਿ ਸਤਿਗੁਰੂ ਕੀ***
***ਬਿਨਸੈ ਦੁਖ ਦਾਗਰੁ ॥ ਅੰਗ - ੧੩੧੮***

ਦੁੱਖਾਂ ਦੇ ਜਿਹੜੇ ਦਾਗ ਲੱਗੇ ਹੋਏ ਨੇ ਸਾਰਿਆਂ ਦਾ ਖਾਤਮਾ ਹੋ ਜਾਏਗਾ, ਜਦੋਂ ਅਸੀਂ ਸਤਿਗੁਰੂ ਦੀ ਸ਼ਰਨ ਪੂਰੀ ਤਰ੍ਹਾਂ, ਪੂਰੇ

ਭਰੋਸੇ ਨਾਲ, ਪੂਰੇ ਨਿਹਚੇ ਨਾਲ ਗੁਰੂ ਦੇ ਦਰ 'ਤੇ ਆ ਜਾਵਾਂਗੇ, ਫੇਰ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਨਾਮ ਜਪਣ ਦੀ ਜੁਗਤੀ ਦੱਸੀ, ਨਾਮ ਤਾਂ ਬਹੁਤ ਦੁਨੀਆ ਜਪਦੀ ਸੀ, ਮਾਲਾ ਫੇਰਦੀ ਸੀ, ਨਾਮ ਵੀ ਪ੍ਰਮੇਸ਼ਰ ਦੇ ਅਨੇਕ ਸੀ, ਮਹਾਰਾਜ ਕਹਿੰਦੇ, ਸਾਡਾ ਕਿਸੇ 'ਨਾਮ' ਨਾਲ ਵਿਰੋਧ ਨਹੀਂ ਹੈ -

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥***
***ਅੰਗ - ੧੧੬੮***

ਜਿੰਨੇ ਵੀ ਨਾਮ ਜਪਣ ਵਾਲੇ, ਜਿਸ ਨਾਮ ਨਾਲ ਵੀ ਪ੍ਰਮੇਸ਼ਰ ਨੂੰ ਯਾਦ ਕਰਦੇ ਨੇ, ਅਸੀਂ ਬਲਿਹਾਰ ਜਾਂਦੇ ਹਾਂ ਕਿਉਂਕਿ ਉਹਦੇ ਵਿੱਚ ਭੇਤ ਨਹੀਂ ਹੋਇਆ ਕਰਦਾ, ਕਿਉਂਕਿ ਗੱਲ ਸਮਝ ਵਿੱਚ ਜਦ ਆ ਜਾਂਦੀ ਹੈ, ਉਸ ਵੇਲੇ ਪਤਾ ਲਗਦਾ ਹੈ। ਸੋ ਉਹ ਜੁਗਤ ਮਹਾਰਾਜ ਜੀ ਨੇ ਸੰਸਾਰ ਨੂੰ ਦੱਸੀ ਕਿਉਂਕਿ ਸੰਸਾਰ ਬਹੁਤ ਭੁੱਲ ਭਲਾਈਆਂ ਦੇ ਵਿੱਚ, ਪਾਣੀ ਦੇ ਵਿੱਚ ਪੈਂਦੇ ਨੇ ਕਪਰੁ ਜਿਹਨੂੰ ਕਹਿੰਦੇ ਨੇ, ਘੁੰਮਦਾ ਹੁੰਦਾ ਹੈ ਪਾਣੀ, ਐਹੋ ਜਿਹੇ ਥਾਂ ਫਸ ਗਿਆ ਸੀ ਨਾ ਨਿਕਲ ਸਕਦਾ ਸੀ, ਡੁੱਬ ਰਿਹਾ ਸੀ ਦਿਨੋ ਦਿਨ। ਪਿਛਲੀ ਵਾਰੀ ਮੈਂ ਬੇਨਤੀ ਕਰੀ ਸੀ ਕਿ ਹਿੰਦੋਸਤਾਨ ਦੇ ਅੰਦਰ ਇੱਕ ਸਮਾਂ ਵਾਧੂ ਗੱਲ 'ਚ ਬਤੀਤ ਕੀਤਾ ਜਾਂਦਾ ਸੀ, ਬੇਮਤਲਬਾ ਝਗੜਾ ਸੀ ਇਥੇ ਇਕ ਔਹ ਖਾਓ, ਔਹ ਨਾ ਖਾਓ। ਮਹਾਰਾਜ ਕਹਿੰਦੇ ਇਹ ਤਾਂ ਮੂਰਖਾ ਦਾ ਝਗੜਾ ਹੈ, ਖਾਣ ਪਿੱਛੇ ਜਿਹੜੇ ਗੱਲਾਂ ਕਰਦੇ ਨੇ, ਗੱਲ ਇਹ ਕਰੋ -

***ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ ॥ ਅੰਗ - ੧੬***

ਜਿਹੜਾ ਖਾਣਾ ਮਨ ਦੇ ਵਿੱਚ ਵਿਕਾਰ ਪੈਦਾ ਕਰ ਦਿੰਦਾ, ਤਮੋ ਗੁਣ ਪੈਦਾ ਕਰਦਾ ਹੈ, ਰਜੋ ਗੁਣ ਪੈਦਾ ਕਰਦਾ ਹੈ, ਉਹਨੂੰ ਨਾ ਖਾਓ, ਸਤੋ ਗੁਣ ਦਾ ਭੋਜਨ ਛਕੋ। ਇਹ ਹੁਣ ਆਪ ਪੁੱਛਣਾ ਚਾਹੀਦਾ ਹੈ ਕਿ ਸਤੋ ਗੁਣ ਦਾ ਭੋਜਨ ਕਿਹੜਾ ਹੈ ਜੀ। ਦੂਸਰਾ ਜਿਹੜਾ ਖਾਣ ਦੇ ਨਾਲ ਤੁਹਾਡੇ ਸਰੀਰ ਦੇ ਨਾਲ ਦਰਦਾਂ ਪੈਦਾ ਹੁੰਦੀਆਂ ਨੇ, ਬਿਮਾਰੀ ਪੈਦਾ ਹੁੰਦੀ ਹੈ ਉਹ ਨਾ ਖਾਓ। ਇੱਕਲੀ-ਇੱਕਲੀ ਲਿਸਟ ਤਾਂ ਨਹੀਂ ਬਣਾਈ ਜਾਂਦੀ, ਚਾਹ ਕਿਸੇ ਨੂੰ ਮੁਆਫਕ ਆਉਂਦੀ ਨਹੀਂ ਹੈ। ਡਕਾਰ ਆਉਣ ਲਗ ਜਾਂਦੇ ਨੇ, ਮਿਹਦਾ ਕੰਮ ਕਰਨ ਤੋਂ ਹਟ ਜਾਂਦਾ ਹੈ, ਸਰੀਰ ਦੇ ਵਿੱਚ ਗਰਮੀ ਆਉਣੀ ਸ਼ੁਰੂ ਹੋ ਜਾਂਦੀ ਹੈ, ਪੈਰਾਂ ਦੀਆਂ ਤਲੀਆਂ ਦੇ ਵਿੱਚੋਂ ਪਸੀਨਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਨਾ ਪੀਓ ਚਾਹ, ਕਿਤਾਬ ਵਿੱਚ ਤਾਂ ਨਹੀਂ ਲਿਖੀ ਹੋਈ ਕਿ ਪੀਓ ਨਾ ਪੀਓ, ਆਪ ਸੋਚੋ ਕਿ ਆਹ ਚੀਜ਼ ਮੈਨੂੰ ਵਿਗਾੜ ਕਰਦੀ ਹੈ, ਮਿਰਚਾਂ ਲਾਲ ਖਾਂਦਾ ਹੈ ਵਿਗਾੜ ਹੁੰਦਾ ਹੈ, ਬਵਾਸੀਰ ਵਗੈਰਾ, ਇਹੋ ਜਿਹੀਆਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ, ਨਾ ਖਾਓ ਲਾਲ ਮਿਰਚਾਂ। ਲਸਣ ਅਦਰਕ ਵਗੈਰਾ ਗਰਮੀ ਪੈਦਾ ਕਰਦਾ ਹੈ, ਮਨ ਦੇ ਵਿੱਚ ਬੇਚੈਨੀ ਤੇ ਤਮੋ ਗੁਣ ਪੈਦਾ ਕਰਦਾ ਹੈ, ਨਾ ਖਾਓ। ਇਕੱਲੀ-ਇਕੱਲੀ ਚੀਜ਼ ਦੀ ਮਹਾਰਾਜ ਕਹਿੰਦੇ ਲਿਸਟ ਨਹੀਂ ਬਣਾਈ ਜਾਂਦੀ, ਇਹ ਸਾਰਿਆਂ ਨੂੰ ਕਿਹਾ ਹੈ ਕਿ ਤੁਸੀਂ ਮੂਰਖ ਹੋ, ਝਗੜਾ ਕਰਨ ਵਾਲੇ ਤੇ ਨਾਲ ਦੇਖੋ ਕਿ ਰੂਹਾਨੀਅਤ ਦੇ ਵਿੱਚ ਅਸੀਂ ਕਿਸ ਤਰ੍ਹਾਂ ਚੱਲ ਸਕਦੇ ਹਾਂ। ਸੋ ਇਹ ਪੱਕਾ ਫੈਸਲਾ ਹੈ ਕਿ ਸਤੋ ਗੁਣ ਖੁਰਾਕ ਰੂਹਾਨੀਅਤ ਦੇ ਵਿੱਚ ਮਦਦ ਦਿੰਦੀ ਹੈ, ਜਿਹੜੀ ਕਿਸੇ ਦੇ ਗਲ ਵੱਢ ਕੇ ਖਾਓ। ਉਹਦੇ ਵਿੱਚ ਫਾਇਲਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਨੇ, ਪਹਿਲਾਂ ਖਾਂਦਾ ਹੈ, ਫੇਰ ਆਦਮੀ ਲੇਖੇ ਦਿੰਦਾ ਹੈ। ਕਿਉਂ ਐਹੋ ਜਿਹਾ ਬੀਜ ਬੀਜਦੇ ਓਂ ਜਿਹਦੇ ਨਾਲ ਲੇਖੇ ਦੇਣੇ ਪੈਣ।

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਅੰਗ - ੯੧੮***

ਆਪ ਮਰਦਾਨੇ ਨੂੰ ਕਹਿਣ ਲੱਗੇ, ਭਾਈ ਬਾਲੇ ਨੂੰ ਕਿ ਭਾਈ ਬਾਲਾ! ਬਹੁਤ ਜ਼ਿਆਦਾ ਦੁਨੀਆਂ ਦੇ ਅੰਦਰ ਹਨ੍ਹੇਰ ਛਾ ਗਿਆ, ਚਲੋ ਹੁਣ ਤੀਰਥ 'ਤੇ ਚੱਲੀਏ। ਕੁੰਭ ਦਾ ਮੇਲਾ ਲਗ ਰਿਹਾ ਹੈ, ਉਥੇ ਵੱਡੇ-ਵੱਡੇ ਸਾਧੂ, ਵੱਡੇ-ਵੱਡੇ ਗਿਆਨਵਾਨ, ਪੰਡਤ ਕਥਨੀ ਦੇ ਉਥੇ ਆਉਣਗੇ, ਉਥੇ ਆਪਾਂ ਚਲਦੇ ਹਾਂ ਦਰਸ਼ਨ ਦੀਦਾਰੇ ਕਰਦੇ ਹਾਂ। ਪਰ ਹਨ੍ਹੇਰਾ ਛਾਇਆ ਪਿਆ ਹੈ, ਪੂਰਾ ਗੁਰੂ ਸੰਸਾਰ ਦੇ ਵਿੱਚੋਂ ਅਲੋਪ ਹੋ ਚੁੱਕਿਆ ਹੈ। ਕੱਚੇ ਗੁਰੂਆਂ ਦੀ ਭਰਮਾਰ ਹੈ, ਬੇਅੰਤ ਕੱਚੇ ਗੁਰੂ, ਪੰਡਤ ਗੁਰੂ, ਅੰਨ੍ਹੇ ਗੁਰੂ ਤੁਰੇ ਫਿਰਦੇ ਨੇ, ਕੋਈ ਉਹ ਨਹੀਂ ਹੈ ਜਿਹੜਾ ਸੱਚ ਦੇ ਰਾਹ 'ਤੇ ਲਾ ਦੇਵੇ। ਸੱਚ ਦਾ ਰਸਤਾ ਦਿਖਾ ਦੇਵੇ। ਇਸ ਹਨ੍ਹੇਰੇ ਨੂੰ ਕੋਈ ਦੂਰ ਨਹੀਂ ਕਰ ਸਕਦਾ। ਸੋ ਐਸੇ ਹਨ੍ਹੇਰੇ ਦੇ ਅੰਦਰ ਜਿਹੜੀ ਸੰਸਾਰ ਦੀ ਲੁਕਾਈ ਹੈ ਉਹ ਭੁੱਲ-ਭਲਾਈਆਂ 'ਚ ਪਈ ਹੋਈ, ਰਸਤੇ ਤੋਂ ਖੁੰਝੀ ਹੋਈ, ਕੀ ਪੰਡਤ ਨੇ, ਕੀ ਜੋਗੀ ਨੇ, ਕੀ ਸੰਨਿਆਸੀ ਨੇ, ਕੀ ਪੀਰ ਨੇ, ਫਕੀਰ ਨੇ; ਸਾਰਿਆਂ ਨੇ ਪ੍ਰਮੇਸ਼ਰ ਦੀ ਟੇਕ ਨੂੰ ਛੱਡ ਦਿਤਾ ਤੇ ਦ੍ਰਿਸ਼ਟਮਾਨ ਦੇ ਪਸਾਰੇ ਵਿੱਚ, ਮਾਇਆ ਦੇ ਪਿਆਰ ਮੋਹਿਤ ਹੋਏ ਹੋਏ, ਅੱਖਾਂ ਅੰਨ੍ਹੀਆਂ ਕਰ ਚੁੱਕੇ ਨੇ। ਪ੍ਰਕਾਸ਼ ਖੋ ਚੁੱਕੇ ਨੇ, ਕਿਸੇ ਨੂੰ ਮਾਇਆ ਦੀ ਲੋੜ ਹੈ, ਕਿਸੇ ਨੂੰ ਪ੍ਰਭਤਾ ਦੀ ਲੋੜ ਹੈ, ਇਹ ਪੀਰ ਫਕੀਰ ਵੀ ਲੋੜਾ ਵਿੱਚ ਆ ਗਏ, ਸੰਨਿਆਸੀ ਵੀ ਲੋੜਾਂ ਵਿੱਚ ਆ ਗਏ, ਜੋਗੀਆਂ ਨੂੰ ਵੀ ਲੋੜਾਂ ਪੈ ਗਈਆਂ। ਪੰਡਤਾਂ ਨੂੰ ਵੀ ਲੋੜਾਂ ਪੈ ਗਈਆਂ ਤੇ ਪ੍ਰਮੇਸ਼ਰ ਦੀ ਜਿਹੜੀ ਟੇਕ ਸੀ ਅੰਦਰ, ਉਸ ਤੋਂ ਹਿੱਲ ਚੁੱਕੇ ਨੇ, ਸੋ ਜਿਹੜੇ ਅੰਤਰੀਵ ਨੇਤਰ ਸੀ ਉਹ ਅੰਨ੍ਹੇ ਹੋ ਗਏ ਤੇ ਹਉਮੈ ਦੀ ਮੈਲ ਛਾ ਗਈ, ਕਿਉਂਕਿ ਗੁਰੂ ਤੋਂ ਬਗੈਰ ਹਨ੍ਹੇਰਾ ਹੋਇਆ ਕਰਦਾ ਹੈ, ਭਰਮਾਂ ਦੇ ਵਿੱਚ ਪੈ ਜਾਂਦਾ ਹੈ ਸੰਸਾਰ, ਐਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਬਿਨਾਂ ਗੁਰਾਂ ਤੋਂ ਹਨ੍ਹੇਰਾ ਛਾ ਗਿਆ,***
***ਭਰਮਾਂ ਵਿੱਚ ਭੁੱਲੀ ਦੁਨੀਆਂ।***

ਮਰਦਾਨਿਆਂ! ਸੰਸਾਰ ਭਰਮ ਦੀਆ ਭੁੱਲ ਭਲਾਈਆਂ ਵਿੱਚ ਭੁੱਲ ਗਿਆ। ਰਸਤਾ ਨਜ਼ਰ ਨਹੀਂ ਆਉਂਦਾ, ਇੱਕ ਥਾਂ ਤੋਂ ਨਿਕਲਦੇ ਨੇ ਦੂਜੇ ਘਰ ਵਿੱਚ ਜਾ ਵੜਦੇ ਨੇ, ਦੂਜੇ 'ਚੋਂ ਨਿਕਲਦੇ ਨੇ, ਤੀਸਰੇ ਵਿੱਚ ਚਲੇ ਜਾਂਦੇ ਨੇ, ਭੁੱਲ ਭਲਾਈ ਚੀਜ਼ ਹੀ ਐਸੀ ਬਣਾਈ ਹੋਈ ਹੈ, ਜਿਸਨੇ ਕਦੇ ਭੁੱਲ ਭਲਾਈਆਂ 'ਚ ਪੈ ਕੇ ਦੇਖਿਆ ਹੈ ਉਹਨੂੰ ਪਤਾ ਹੈ ਕਿ ਬਾਹਰ ਨਿਕਲਣਾ, ਬਹੁਤ ਹੀ technique (ਢੰਗ) ਦੀ ਲੋੜ ਹੈ। ਸੋ ਨਿਕਲ ਨਹੀਂ ਸਕਦਾ ਬੰਦਾ ਜਿੰਨਾਂ ਚਿਰ ਖਾਸ ਤੌਰ 'ਤੇ ਸਾਵਧਾਨ ਨਾ ਹੋਵੇ।

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***

***ਏਤੇ ਚਾਨਣ ਹੋਂਦਿਆਂ ਗੁਰ ਬਿਨੁ ਘੋਰ ਅੰਧਾਰ ॥***
***ਅੰਗ - ੪੬੩***

***ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅੰਗ - ੧੧੬***

ਕਹਿੰਦੇ, ਹਨ੍ਹੇਰਾ ਹੀ ਨਹੀਂ ਹੈ, ਗੁਬਾਰ ਵੀ ਨਾਲ ਚੜ੍ਹਿਆ ਹੋਇਆ ਹੈ।

***ਅਗਿਆਨੀ ਅੰਧਾ ਅੰਧੁ ਅੰਧਾਰਾ ॥ ਅੰਗ - ੧੧੬***

ਅੰਨਾ ਹੋਇਆ ਹੋਇਆ ਅਗਿਆਨੀ ਹਨ੍ਹੇਰਾ ਦੇ ਵਿੱਚ, ਉਲਟੇ ਕੰਮ ਕਰਦਾ ਹੈ -

***ਬਿਸਟਾ ਕੇ ਕੀੜੇ ਬਿਸਟਾ ਕਮਾਵਹਿ***
***ਫਿਰਿ ਬਿਸਟਾ ਮਾਹਿ ਪਚਾਵਣਿਆ ॥ ਅੰਗ - ੧੧੬***

ਗੰਦਗੀ ਦੇ ਕੀੜੇ ਬਣ ਕੇ, ਗੰਦਗੀ ਦਾ ਹੀ ਕੰਮ ਕਰਦੇ ਨੇ, ਗੰਦਗੀ ਹੀ ਖਾਂਦੇ ਨੇ, ਗੰਦਗੀ ਹੀ ਪੀਂਦੇ ਨੇ, ਗਲਤ ਚੀਜ਼ਾਂ ਖਾਂਦੇ ਪੀਂਦੇ ਨੇ, ਸ਼ਰਾਬਾਂ ਕਬਾਬਾਂ ਮਾਸ ਮੱਛੀਆਂ। ਕਹਿੰਦੇ ਫੇਰ ਇਹਦੇ ਵਿੱਚ ਹੀ ਪਚਣਾ ਪੈਂਦਾ ਹੈ -

***ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥***
***ਅੰਗ - ੧੧੬***

ਜਿਹੜੀ ਰਾਸ ਹੈ ਨਾ ਖਿਆਲਾਂ ਦੀ, ਉਨ੍ਹਾਂ ਕੋਲ ਜਿਹੜੀ ਪੂੰਜੀ ਹੈ ਖਿਆਲਾਂ ਦੀ, ਉਹ ਖੋਟੀ ਹੈ ਤੇ ਉਹ ਖੋਟੀ ਪੂੰਜੀ ਦੇ ਨਾਲ ਝੂਠ ਦਾ ਹੀ ਪਸਾਰਾ, ਵੈਰ ਦਾ, ਲੋਭ ਦਾ, ਕ੍ਰੋਧ ਦਾ, ਮੋਹ ਦਾ ਹੀ ਪਸਾਰਾ ਕਰਦੇ ਨੇ। ਲੋਕਾਂ ਦੀ ਨਿੰਦਿਆ, ਚੁਗਲੀ, ਈਰਖਾ, ਵਖੀਲੀ -

***ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ ਅੰਗ - ੧੧੬***

ਜਦੋਂ ਫੇਰ ਕੂੜ ਦਾ ਪਸਾਰਾ ਹੁੰਦਾ ਹੈ, ਫੇਰ ਕੂੜ ਕਮਾਉਂਦੇ ਨੇ, ਕੂੜ ਦੇ ਨਾਲ ਭਾਰਾ ਦੁੱਖ ਲਗਣਾ ਸ਼ੁਰੂ ਹੋ ਜਾਂਦਾ ਹੈ।

***ਭਰਮੇ ਭੂਲੇ ਫਿਰਨਿ ਦਿਨ ਰਾਤੀ***
***ਮਰਿ ਜਨਮਹਿ ਜਨਮੁ ਗਵਾਵਣਿਆ ॥***
***ਅੰਗ - ੧੧੬***

ਦਿਨ ਰਾਤ ਭਰਮ ਦੇ ਵਿੱਚ ਭੁੱਲੇ ਹੋਏ, ਭੁੱਲ ਭਲਾਈਆਂ 'ਚ ਫਿਰਦੇ ਨੇ। ਮਰ ਕੇ ਫੇਰ ਜਨਮ ਗਵਾ ਲੈਂਦੇ ਨੇ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਜੋ ਆਪ ਦੀ ਰਜ਼ਾ। ਕ੍ਰਿਪਾ ਕਰਕੇ ਇਹ ਤਾਂ ਦੱਸ ਦਿਓ ਕਿ ਆਪ ਨੇ ਹੁਣ ਕਿਸ ਪਾਸੇ ਨੂੰ ਸੇਧ ਕਰੀ ਹੈ? ਕਹਿੰਦੇ, ਮਰਦਾਨਿਆਂ! ਪਹਿਲਾਂ ਤਾਂ ਰਸਤੇ ਵਿੱਚ ਇੱਕ ਪੀਰ ਨਾਲ ਮਿਲਣਾ ਹੈ।

ਮਹਾਰਾਜ! ਕਿਹੋ ਜਿਹਾ ਹੈ?

ਕਹਿੰਦੇ, ਬੜਾ ਡਾਹਢਾ ਕਰਾਮਾਤੀ ਪੀਰ ਹੈ। ਦੁਨੀਆਂ ਬਹੁਤ ਦੁਖੀ ਕਰੀ ਹੋਈ ਹੈ ਉਹਨੇ। ਜਿਸ ਥਾਂ 'ਤੇ ਰਹਿੰਦਾ ਹੈ, ਉਹਨੇ ਹੁਕਮ ਕੀਤਾ ਹੋਇਆ ਹੈ ਕਿ ਜਿਹੜਾ ਮੇਰਾ ਮਕਾਨ ਹੈ ਇਸ ਤੋਂ ਉੱਚਾ ਨਹੀਂ ਕਿਸੇ ਨੇ ਵੀ ਬਣਾਉਣਾ, ਹੇਠਾਂ ਰੱਖਣਾ ਹੈ ਹੱਥ ਭਰ ਤੇ ਚੁਬਾਰਾ ਕਿਸੇ ਨੇ ਨਹੀਂ ਪਾਉਣਾ। ਜਿਨ੍ਹਾਂ ਨੇ ਰਹਿਣਾ ਹੈ ਮੈਨੂੰ ਮੰਨ ਕੇ ਰਹਿ ਸਕਦੇ ਹਨ, ਜਿਨ੍ਹਾਂ ਨੇ ਨਹੀਂ ਮੰਨਣਾ, ਮੈਂ ਉਜਾੜ ਦੇਵਾਂਗਾ ਉਸਨੂੰ। ਕਰਾਮਾਤੀ ਹੈ, ਸ਼ਕਤੀਆਂ ਨੇ ਓਸ ਕੋਲ, ਕਾਲੀਆਂ ਸ਼ਕਤੀਆ ਉਸ ਨੇ ਵਸ ਕਰੀਆਂ ਹੋਈਆਂ ਨੇ। ਲੋਕ ਤਰਾਹ-ਤਰਾਹ ਕਰਦੇ ਨੇ। ਦਿਲੋਂ ਤਾਂ ਕੋਈ ਨਹੀਂ ਉਹਨੂੰ ਪਿਆਰ ਕਰਦਾ। ਡਰਦੇ ਮਾਰੇ ਉਸ ਦਾ ਆਦਰ ਵੀ ਕਰਦੇ ਨੇ, ਸਤਿਕਾਰ ਵੀ ਕਰਦੇ ਨੇ, ਪਰ ਅੰਦਰੋਂ ਸਾਰੇ ਦੁਖੀ ਨੇ ਓਸ ਤੋਂ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫੇਰ ਨਾ ਆਪਣਾ ਵਾਹ ਪੈ ਜਾਵੇ, ਅੱਗੇ ਸੱਜਣ ਤੋਂ ਮਸਾਂ ਛੁੱਟੇ ਹਾਂ। ਕਹਿੰਦੇ ਮਰਦਾਨਿਆਂ! ਘਬਰਾ ਨਾ, ਅੱਗੇ ਜਾ ਕੇ ਇੱਕ ਨਗਰ ਆ ਗਿਆ, ਗੁਰੂ ਮਹਾਰਾਜ ਨੇ ਇੱਕ ਸੋਹਣਾ ਉੱਚਾ ਥਾਂ ਦੇਖ ਕੇ, ਓਥੇ ਥਾਉਂ ਸਾਫ ਕਰਾ ਲਿਆ ਤੇ ਉਥੇ ਬੈਠ ਗਏ। ਕੀਰਤਨ ਸ਼ੁਰੂ ਹੋ ਗਿਆ। ਹੌਲੀ-ਹੌਲੀ ਸੰਗਤ ਜੁੜਨੀ ਸ਼ੁਰੂ ਹੋ ਗਈ। ਦੋ ਆ ਗਏ, ਦੱਸ ਆ ਗਏ, ਆਲੇ-ਦੁਆਲੇ ਦੇ ਪਿੰਡਾਂ ਦੇ ਆਉਣ ਲੱਗ ਗਏ। ਜਿਹੜਾ ਇੱਕ ਵਾਰੀ ਆ ਜਾਂਦਾ ਹੈ, ਮੁੜ ਕੇ ਨਹੀਂ ਜਾਂਦਾ, ਐਨੀ ਖਿੱਚ ਹੈ ਸ਼ਬਦ ਦੀ। ਐਨੇ ਬਚਨਾਂ ਦੀ ਮਿਠਾਸ ਹੈ, ਐਨਾ ਬਚਨਾਂ ਦਾ ਸਾਫ-ਸੁਥਰਾ ਸਮਝਾਉਣ ਦਾ ਤਰੀਕਾ ਹੈ ਕਿ ਹਰ ਬੰਦਾ ਚਾਹੇ ਛੋਟੀ ਅਕਲ ਵਾਲਾ ਹੈ, ਚਾਹੇ ਵੱਡੇ ਤੋਂ ਵੱਡਾ ਹੈ, ਜਿਹੜਾ ਇੱਕ ਵਾਰੀ ਆ ਗਿਆ, ਗੁਰੂ ਨਾਨਕ ਦੇ ਕੋਲੋਂ ਜਾਂਦਾ ਨਹੀਂ, ਰੋਜ਼ ਦੇ ਸਤਿਸੰਗ ਸ਼ੁਰੂ ਹੋ ਗਏ ਤੇ ਪੀਰ ਨੂੰ ਵੀ ਪਤਾ ਲਗ ਗਿਆ ਕਿ ਕੋਈ ਆਇਆ ਹੈ ਇੱਥੇ ਤੇ ਉਹ ਤਾਂ ਦੁਨੀਆਂ ਬਹੁਤ ਆਉਣ ਲਗ ਗਈ ਉਹਦੇ ਕੋਲ, ਕਿਤੇ ਇੱਥੇ ਹੀ ਆਸਣ ਲਾ ਕੇ ਨਾ ਬੈਠ ਜਾਵੇ ਤੇ ਅਸੀਂ ਸੁਣਿਆ ਹੈ ਕਿ ਚੁਬਾਰਾ ਵੀ ਪਾ ਰਿਹਾ ਹੈ ਤੇ ਮਕਾਨ ਵੀ ਬਹੁਤ ਉੱਚਾ ਬਣਵਾ ਰਿਹਾ ਹੈ। ਸੋ ਪੀਰ ਚੇਲਿਆਂ ਨੂੰ ਲੈ ਕੇ ਗੁਰੂ ਨਾਨਕ ਦੇ ਪਾਸ ਆ ਜਾਂਦਾ ਹੈ, ਆ ਕੇ ਕਹਿਣ ਲੱਗਿਆ ਮੈਂ ਸੁਣਿਆ ਹੈ ਕਿ ਤੂੰ ਨਾਨਕ ਪੀਰ ਹੈਂ। ਤੇਰਾ ਨਾਮ ਮੈਂ ਪਹਿਲਾਂ ਵੀ ਸੁਣਿਆ ਹੈ। ਜੇ ਇੱਥੇ ਰਹਿਣਾ ਦਾ ਤੇਰਾ ਖਿਆਲ ਹੈ ਤਾਂ ਤੈਨੂੰ ਅਸੀਂ ਕੋਠਾ ਪੁਆ ਦਿੰਦੇ ਹਾਂ। ਸੁਣਿਆ ਹੈ ਕਿ ਤੂੰ ਚੁਬਾਰਾ ਪਾਉਣਾ ਹੈ। ਮਹਾਰਾਜ ਜੀ ਕਹਿੰਦੇ, ਪੀਰ ਜੀ ਪਤਾ ਨਹੀਂ ਕਿ ਅਸੀਂ ਚੁਬਾਰਾ ਪਾਉਣਾ ਹੈ ਕਿ ਜਾਂ ਚੁਬਾਰਾ ਢਾਹੁੰਣਾ ਹੈ। ਫਕੀਰ ਦਾ ਚੁਬਾਰਾ ਤਾਂ ਹਰ ਵਕਤ ਪ੍ਰਮੇਸ਼ਰ ਦੀ ਜੋਤ ਵਿੱਚ ਹੁੰਦਾ ਹੈ। ਸੰਸਾਰ ਦਾ ਚੁਬਾਰਾ ਜਿਹੜਾ ਹੈ ਉਹ ਕੋਠੇ ਤੇ ਕੋਠਾ ਹੁੰਦਾ ਹੈ, ਕਹਿਣ ਲੱਗੇ, ਪੀਰ ਜੀ! ਇਹ ਜਿਹੜਾ ਬੰਦਾ ਹੈ ਨਾ ਮਿੱਟੀ ਤੋਂ ਬਣਿਆ ਹੋਇਆ। ਇਹ ਮਿੱਟੀ ਤੋਂ ਬਣੇ ਹੋਏ ਬੰਦੇ ਨੂੰ ਮਿੱਟੀ ਪਿਆਰੀ ਲਗਦੀ ਹੈ, ਜਿੰਨਾ ਵੀ ਇਹਦਾ ਸਬੰਧ ਹੈ ਸਭ ਮਿੱਟੀ ਨਾਲ ਹੈ। ਜੇ ਪੁੱਤਰਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਮਕਾਨਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਰਿਸ਼ਤੇਦਾਰੀਆਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਸਾਰਾ ਸੰਸਾਰ ਮਿੱਟੀ ਵਿੱਚ ਖੇਲ੍ਹਦਾ ਹੈ, ਮਿੱਟੀ ਕਰਕੇ ਹੀ ਦ੍ਰਿਸ਼ਟਮਾਨ ਹੈ, ਮਿੱਟੀ ਦੇ ਵਿੱਚ, ਮਿੱਟੀ ਨੂੰ ਪਿਆਰ ਕਰਦਾ ਹੈ, ਸਾਰੀ ਜ਼ਿੰਦਗੀ ਮਿੱਟੀ ਨੂੰ ਕਮਾਉਂਦਾ ਹੈ, ਮਿੱਟੀ ਨੂੰ ਭੋਗਦਾ ਹੈ ਤੇ ਮਿੱਟੀ ਵਿੱਚ ਹੀ ਵਸਦਾ ਹੈ। ਫੇਰ ਕੀ ਹੁੰਦਾ ਹੈ ਜਦੋਂ ਮਿੱਟੀ ਦੇ ਵਿਚੋਂ ਦਰਗਾਹੀ ਸੱਦਾ ਆ ਜਾਂਦਾ ਹੈ ਨਾ, ਫੇਰ ਮਿੱਟੀ ਨੂੰ ਛੱਡ ਜਾਂਦਾ ਹੈ। ਜਦੋਂ ਮਿੱਟੀ ਨੂੰ ਛੱਡਦਾ ਹੈ ਫੇਰ ਇਹਦਾ ਪਿਆਰ ਸਾਰੀ ਜ਼ਿੰਦਗੀ ਮਿੱਟੀ ਵਿੱਚ ਰਹਿਣ ਕਰਕੇ, ਮਿੱਟੀ ਦੇ ਵਿੱਚ ਹੀ ਇਹਦਾ ਪਿਆਰ ਰਹਿ ਜਾਂਦਾ ਹੈ, ਜਦੋਂ ਫੇਰ ਇਹਦਾ ਚੁਬਾਰਾ ਜਿਹੜਾ ਹੈ ਉਹ ਪੱਕਾ ਚੁਬਾਰਾ ਇਹਨੂੰ ਮਿਲ ਜਾਂਦਾ ਹੈ, ਕਬਰ ਦਾ। ਪਰ ਸਾਂਈ ਦੀ ਜੁਗਤਿ ਵਾਲਾ

ਚੁਬਾਰਾ ਫਕੀਰ ਦਾ ਹੋਇਆ ਕਰਦਾ ਹੈ, ਮਿੱਟੀ ਦੇ ਚੁਬਾਰੇ ਨਾਲ ਮੋਹ, ਮਿੱਟੀ ਦੇ ਨਾਲ ਪਿਆਰ ਕਰਨ ਵਾਲਿਆਂ ਨਾਲ ਹੋਇਆ ਕਰਦਾ ਹੈ। ਕਹਿੰਦੇ ਫੇਰ ਮਿੱਟੀ 'ਚ ਹੀ ਰਹਿਣਾ ਪੈਂਦਾ ਹੈ ਓਸਨੂੰ –

***ਧਾਰਨਾ – ਮੰਡਪ ਮਾੜੀਆਂ ਉਸਾਰ ਸਭ ਤੁਰ ਗਏ,***
***ਕਬਰਾਂ ਵਿੱਚ ਆ ਕੇ ਪੈ ਗਏ।***

ਕਹਿਣ ਲੱਗੇ, ਪੀਰ ਜੀ! ਮਿੱਟੀ 'ਚੋਂ ਪੈਦਾ ਹੋਏ, ਮਿੱਟੀ ਦਾ ਸਰੀਰ ਧਾਰਨ ਕਰਿਆ, ਮਿੱਟੀ ਦੀ ਮੜ੍ਹੌਲੀ ਵਿੱਚ ਰਹੇ ਸਾਰੀ ਜ਼ਿੰਦਗੀ, ਮਿੱਟੀ ਕਮਾਉਂਦੇ ਰਹੇ, ਮਿੱਟੀ ਨਾਲ ਪਿਆਰ ਪਿਆ, ਮਿੱਟੀ ਭੋਗਦੇ ਰਹੇ, ਮਿੱਟੀ 'ਚ ਵਸਦੇ ਰਹੇ, ਮਿੱਟੀ ਨੂੰ ਛੱਡ ਗਏ, ਮਿੱਟੀ ਵਿੱਚ ਜਾ ਕੇ ਫੇਰ ਲੰਮੇ ਪੈ ਗਏ, ਕਿਉਂਕਿ ਉਹਦੇ ਪਿਆਰ ਨੇ ਮਿੱਟੀ ਤੋਂ ਬਾਹਰ ਨਿਕਲਣ ਨਹੀਂ ਦਿੱਤਾ।

***ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥***
***ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥ ਅੰਗ – ੧੩੮੦***

ਅਤੀਮ ਬਣ ਗਏ, ਹੁਣ ਕੋਈ ਪਾਸਾ ਦੁਆਉਣ ਵਾਲਾ ਨਹੀਂ ਹੈ।

***ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥***
***ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥***
***ਅੰਗ – ੧੩੮੦***

ਕੂੜਾ ਸੌਦਾ ਕਰਕੇ ਕਬਰਾਂ 'ਚ ਆ ਕੇ ਪੈ ਗਏ, ਕਿੱਥੇ ਗਿਆ ਮਾਲ, ਕਿੱਥੇ ਗਈਆਂ ਜ਼ਮੀਨਾਂ, ਕਿੱਥੇ ਗਏ ਘਰ ਜਿਹੜੇ ਛਲ ਕਰਕੇ, ਕਪਟ ਕਰਕੇ, ਧੋਖੇ ਕਰਕੇ ਖੋਹੇ ਸੀ, ਦੂਜਿਆਂ ਦੇ ਦੱਬੇ ਸੀ, ਦਬਾਏ ਸੀ, ਨਾਲ ਤਾਂ ਆਇਆ ਨਹੀਂ ਕੋਈ ਵੀ ਤੇਰੇ। ਝੂਠੇ ਸੌਦੇ ਕਰਕੇ ਚਲੇ ਗਏ, ਘਾਟੇ ਦਾ ਵਣਜ ਕਰ ਗਏ, ਪੈ ਗਏ ਕਿੱਥੇ ਆ ਕੇ? ਕਹਿੰਦੇ ਕਬਰਾਂ 'ਚ ਤੇ ਸੰਸਾਰ ਅੰਦਰ ਪੀਰ ਜੀ ਕੋਈ ਰਹਿੰਦਾ ਨਹੀਂ, ਨਾ ਕੋਈ ਰਿਹਾ ਹੈ, ਨਾ ਕਿਸੇ ਨੇ ਰਹਿਣਾ ਹੈ –

***ਧਾਰਨਾ – ਉਥੇ ਬੈਠ ਨਾ ਕਿਸੇ ਨੇ ਰਹਿਣਾ,***
***ਵਾਰੀ ਆਈ ਤੁਰ ਜਾਵਣਾ।***

ਕਹਿਣ ਲੱਗੇ, ਪੀਰ ਜੀ! ਸੰਸਾਰ ਨਾਲ ਮੋਹ ਪਾ ਲਿਆ, ਪੀਰ ਬਣ ਕੇ, ਫਕੀਰ ਬਣ ਕੇ, ਦਰਵੇਸ ਬਣ ਕੇ, ਸੰਨਿਆਸੀ ਬਣ ਕੇ, ਜੋਗੀ ਬਣ ਕੇ, ਇੱਕ ਸੰਸਾਰ ਛੱਡਿਆ ਦੂਜਾ ਨਵਾਂ ਰਚ ਲਿਆ, ਡੇਰਿਆਂ ਦੇ ਰੂਪ ਦੇ ਅੰਦਰ, ਫਰਕ ਤਾਂ ਕੋਈ ਪਿਆ ਨਹੀਂ, ਉਹ ਗ੍ਰਹਿਸਤ ਦੀ ਪਕੜ ਸੀ, ਇਹ ਸਾਧੂਪੁਣੇ ਦੀ ਪਕੜ ਹੈ, ਪਕੜ ਦੇ ਵਿੱਚ ਤਾਂ ਦੋਵੇਂ ਆ ਗਏ ਨਾ, ਦੇਖੋ ਸੰਸਾਰ 'ਤੇ ਰਹਿਣਾ ਨਹੀਂ ਹੈ। ਕੋਈ ਰਿਹਾ ਨਹੀਂ ਹੈ –

***ਫਰੀਦਾ ਖਿੰਥੜਿ ਮੇਖਾ ਅਗਲੀਆ***
***ਜਿੰਦੁ ਨ ਕਾਈ ਮੇਖ ॥ ਅੰਗ – ੧੩੮੦***

ਸਰੀਰ ਜਿਹੜਾ ਸਾਡਾ ਹੈਗਾ ਇਹ ਖਰਾਬ ਹੋ ਜਾਏ ਇਹਦਾ ਆਪਰੇਸ਼ਨ ਹੋ ਜਾਂਦਾ ਹੈ। ਗੁਰਦਾ ਖਰਾਬ ਹੈ, ਕਹਿੰਦੇ ਕੱਢ ਦਿੰਦੇ ਹਾਂ ਜੀ, electric wave ਪਾ ਕੇ radiation ਦੀ ਇਹਨੂੰ ਤੋੜ ਦਿੰਦੇ ਹਾਂ ਅੰਦਰ ਦੀ, ਨਿਕਲ ਜਾਏਗਾ, ਜ਼ਖਮ ਹੋ ਗਿਆ, ਟਾਂਕੇ ਲਾ ਦਿੰਦੇ ਨੇ, ਕਹਿੰਦੇ ਜਿੰਦ ਨੂੰ ਤਾਂ ਕੋਈ ਟਾਂਕਾ ਨਹੀਂ ਲਗਦਾ। ਇਹ ਤਾਂ ਜਦ ਵਾਰੀ ਆ ਜਾਣੀ ਹੈ –

***ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥***
***ਅੰਗ – ੧੩੮੦***

ਸਭ ਨੂੰ ਜਾਣਾ ਹੀ ਪੈਣਾ ਹੈ, ਫੇਰ ਇਹ ਜਿਹੜਾ ਮੋਹ ਪਾਇਆ ਹੋਇਆ ਹੈ ਨਾ, ਕੋਠੀਆਂ ਦੇ ਨਾਲ ਚੁਬਾਰਿਆਂ ਦੇ ਨਾਲ, ਜ਼ਮੀਨਾਂ ਦੇ ਨਾਲ, ਜਾਇਦਾਦਾਂ ਦੇ ਨਾਲ, ਪੁੱਤਰਾਂ ਦੇ ਨਾਲ, ਪਰਿਵਾਰ ਨਾਲ, ਇਹ ਫੇਰ ਰੂਹ ਨੂੰ ਉੱਚੀ ਨਹੀਂ ਉੱਠਣ ਦਿੰਦਾ ਇਹਨੂੰ ਥੱਲੇ ਨੂੰ ਖਿੱਚਦਾ ਹੈ, ਥੱਲੇ ਖਿੱਚਣ ਨਾਲ ਕੀ ਹੁੰਦਾ ਹੈ–

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ – ੫੨੬***

ਕਿਹੋ ਜਿਹੀ ਭੈੜੀ ਜੋਨ ਮਿਲ ਗਈ, ਸੱਪ ਬਣ ਜਾਏਗਾ।

***ਅੰਤਿ ਕਾਲਿ ਜੋ ਲੜਿਕੇ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ – ੫੨੬***

ਸੂਰ ਬਣ ਜਾਏਗਾ, ਲੜਕਾ-ਲੜਕਾ ਕਰਦਾ।

***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਬੇਸਵਾ ਜੋਨਿ ਵਲਿ ਵਲਿ ਅਉਤਰੈ॥ ਅੰਗ – ੫੨੬***

ਕੰਜਰ ਬਣ ਜਾਏਗਾ। ਵੇਸਵਾ ਬਣ ਜਾਏਗੀ।

***ਅੰਤਿ ਕਾਲਿ ਨਾਰਾਇਣੁ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ***
***ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ – ੫੨੬***

ਕਹਿੰਦੇ ਪੀਰ ਜੀ! ਜੇ ਜ਼ਿੰਦਗੀ ਦੇ ਨਾਲ ਹੀ ਪਿਆਰ ਪਾਇਆ, ਹੋਰ ਕਿਸੇ ਚੀਜ਼ ਨਾਲ ਪਿਆਰ ਨਹੀਂ ਪਾਇਆ। ਕਹਿੰਦੇ, ਉਹਦੇ ਅੰਤ ਦੇ ਸਮੇਂ ਪ੍ਰਮੇਸ਼ਰ ਯਾਦ ਆਏਗਾ। ਪ੍ਰਮੇਸ਼ਰ ਆਪਣੇ ਵਲ ਨੂੰ ਖਿੱਚੇਗਾ ਤੇ ਸਰੀਰ ਛੱਡਣ ਤੋਂ ਬਾਅਦ ਇਹ ਸਿੱਧਾ ਹੀ ਪ੍ਰਮੇਸ਼ਰ ਦੀ ਦਰਗਾਹ ਵਿੱਚ ਚਲਿਆ ਜਾਏਗਾ। ਹੁਣ ਦੇਖ ਲਓ ਕਿ ਘਾਟਾ ਕਿਹੜੀ ਚੀਜ਼ ਵਿੱਚ ਹੈ, ਵਾਧਾ ਕਿਹੜੀ ਚੀਜ਼ ਵਿੱਚ ਹੈ –

***ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥***
***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥***
***ਅੰਗ – ੧੩੮੦***

ਪੀਰ ਨੂੰ ਹੋਸ਼ ਆ ਗਈ ਚਾਰ ਬਚਨ ਸੁਣ ਕੇ, ਕਹਿਣ ਲੱਗਿਆ ਹੇ ਨਾਨਕ! ਸੱਚ ਨੂੰ ਲਕੋਣਾ ਨਹੀਂ ਚਾਹੀਦਾ। ਮੈਂ ਸੱਚਮੁੱਚ ਮਿੱਟੀ ਨੂੰ ਪਿਆਰ ਕਰਦਾ ਹਾਂ। ਦੇਹ ਕੀ ਹੈ, ਮਿੱਟੀ ਹੀ ਹੈ; ਦੇਹ ਅਧਿਆਸ, ਸਾਰਾ ਦਿਨ ਮਿੱਟੀ ਨੂੰ ਸ਼ਿੰਗਾਰੀ ਜਾਣਾ, ਮਿੱਟੀ ਨੂੰ ਕਹਿਣਾ ਕਿ ਇਹ ਵਧੀਆ ਲੱਗੇ, ਸੋਹਣੀ ਲੱਗੇ, ਮਿੱਟੀ ਤੋਂ ਬਾਹਰ ਤਾਂ ਨਿਕਲੇ ਨਹੀਂ ਅਸੀਂ। ਬਾਲ-ਬੱਚੇ ਕੀ ਨੇ, ਪ੍ਰਾਪਰਟੀਆਂ ਕੀ ਨੇ, ਜਾਇਦਾਦਾਂ ਕੀ ਨੇ, ਮਿੱਟੀ ਹੀ ਹੈ ਸਾਰੀ। ਸੱਚਮੁੱਚ ਮੈਂ

ਮਿੱਟੀ ਨੂੰ ਹੀ ਪਿਆਰ ਕਰਦਾ ਸੀ, ਬੜਾ ਮੇਰਾ ਮਾੜਾ ਸੁਭਾਅ ਸੀ ਕਿ ਕੋਈ ਚੁਬਾਰਾ ਮੇਰੇ ਤੋਂ ਉਪਰ ਨਾ ਪਾ ਲਵੇ। ਮੇਰੇ ਮਕਾਨ ਤੋਂ ਉੱਚਾ ਨਾ ਕੋਈ ਮਕਾਨ ਪਾ ਲਵੇ। ਹੇ ਨਾਨਕ! ਤੂੰ ਮੇਰੇ ਨੇਤਰ ਖੋਲ੍ਹ ਦਿੱਤੇ, ਕ੍ਰਿਪਾ ਕਰ, ਹੁਣ ਮੈਨੂੰ ਆਤਮ ਸੋਝੀ ਦੱਸ। ਦੋ ਚਾਰ ਤੇਰੇ ਬਚਨਾਂ ਨੇ ਹੀ ਮੈਨੂੰ ਹਲੂਣ ਦਿੱਤਾ ਤੇ ਮੇਰੇ ਅੰਦਰ ਕੋਈ ਰਸ ਪੈਦਾ ਹੋ ਗਿਆ, ਜਿਹੜਾ ਮੈਂ ਅੱਜ ਤੱਕ ਨਹੀਂ ਦੇਖਿਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਫਕੀਰ ਜੀ! ਦੇਖੋ, ਅੱਲਾਹ ਤਾਲਾ ਜੋ ਹੈ ਉਹ ਹਰ ਥਾਂ ਦੇ ਉੱਤੇ ਪ੍ਰੀਪੂਰਨ ਹੈ, ਨਾਲ ਰਹਿੰਦਾ ਹੈ, ਜਿਵੇਂ ਹਵਾ ਨਾਲ ਰਹਿੰਦੀ ਹੈ ਨਾ ਆਪਣੇ, ਜੇ ਹਵਾ ਨਾ ਹੋਵੇ, ਆਕਸੀਜਨ ਨਾ ਹੋਵੇ ਆਪਾਂ ਸਾਹ ਨਹੀਂ ਲੈ ਸਕਦੇ, ਮਰ ਜਾਂਦੇ ਹਾਂ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਹਰੇਕ ਦੇ ਅੰਦਰ ਬਾਹਰ ਪ੍ਰੀਪੂਰਨ ਨਾਲ ਰਹਿੰਦਾ ਹੈ। ਸਭ ਕੁਛ ਦੇਖਦਾ ਹੈ, ਸਭ ਕੁਛ ਜਾਣਦਾ ਹੈ। ਕਰੋ ਧਿਆਨ ਉਸ ਦੇ ਉੱਤੇ, ਸੁਰਤੀ ਟਿਕਾਓ ਉਸ ਦੇ ਉੱਤੇ, ਯਾਦ ਵਿੱਚ ਲਿਆਓ ਉਸ ਨੂੰ ਤੇ ਕਰੋ ਅੱਲਾਹ ਹੂ, ਅੱਲਾਹ ਹੂ। ਸੋਚ ਕੇ ਕਰੋ, ਸਮਝ ਕੇ ਕਰੋ, ਗੈਰਹਾਜ਼ਰੀ 'ਚ ਨਾ ਕਰੋ, ਮਾਲਾ ਫੇਰ ਲਈ, ਪਾਠ ਕਰ ਲਏ, ਗੱਲ ਤੱਕ ਪਹੁੰਚਿਆ ਨਹੀਂ, ਗੱਲ ਤਕ ਪਹੁੰਚ ਪਿਆਰਿਆ। ਸੋ ਇਸ ਤਰ੍ਹਾਂ ਪੀਰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਸਿਜਦਾ ਕਰਦਾ ਹੈ। ਚਰਨ ਚੁੰਮਦਾ ਹੈ, ਚਰਨਬੋਸੀ ਕਰਦਾ ਹੈ। ਬੇਨਤੀ ਕਰਦਾ ਹੈ ਕਿ ਹੇ ਨਾਨਕ! ਮੇਰੇ ਕੋਲ ਕੁਛ ਦਿਨ ਠਹਿਰ। ਸੱਚਮੁੱਚ ਤੂੰ ਮੈਨੂੰ ਫਕੀਰ ਦਾ ਚੁਬਾਰਾ ਦਿਖਾ ਦਿੱਤਾ। ਫਕੀਰ ਜੋ ਹੈ ਉਹ ਆਤਮ ਜੋਤੀ ਵਿੱਚ ਰਹਿੰਦਾ ਹੈ ਤੇ ਮੈਂ ਤਾਂ ਸਰੀਰ ਵਿੱਚ ਰਹਿੰਦਾ ਸੀ। ਕਿੰਨੀਆਂ ਮੰਜ਼ਲਾਂ ਥੱਲੇ ਸੀ ਪਹਿਲਾਂ ਤਾਂ ਸਰੀਰ ਦਾ ਚੁਬਾਰਾ ਹੁੰਦਾ ਹੈ, ਮਕਾਨ ਹੁੰਦਾ ਹੈ ਇਹਦੇ ਉਤੇ ਪ੍ਰਾਣਾਂ ਦਾ ਹੁੰਦਾ ਹੈ, ਇਹਦੇ ਉਤੇ ਮਨ ਦਾ ਹੁੰਦਾ ਹੈ, ਇਹਦੇ ਉੱਤੇ ਬੁੱਧੀ ਦਾ ਹੁੰਦਾ ਹੈ। ਉਹਦੇ ਉੱਤੇ ਪੰਜਵਾਂ ਜਿਹੜਾ ਪੰਜਵੀਂ ਮੰਜ਼ਲ ਹੈ, ਉਹ ਅਗਿਆਨ ਦੀ ਹੁੰਦੀ ਹੈ ਤੇ ਛੇਵੀਂ ਮੰਜ਼ਲ ਜਿਹੜੀ ਹੈ ਉਥੇ ਫਕੀਰਾਂ ਦਾ, ਸਾਧੂ ਸੰਤਾਂ ਦਾ ਟਿਕਾਣਾ ਹੋਇਆ ਕਰਦਾ ਹੈ, ਉਹ ਆਤਮ ਮੰਡਲ ਵਿੱਚ ਰਹਿੰਦੇ ਨੇ, ਉਨਮਨੀ ਅਵਸਥਾ 'ਚ ਰਹਿੰਦੇ ਨੇ ਜਿਹਨੂੰ ਤੁਰੀਆਂ ਪਦ ਕਹਿੰਦੇ ਨੇ, ਚੌਥਾ ਪਦ ਕਹਿੰਦੇ ਨੇ, ਪਰਮ ਅਵਸਥਾ ਜਿਸਨੂੰ ਕਹਿੰਦੇ ਨੇ, ਪਰਮ ਧਾਮ ਜਿਸਨੂੰ ਕਹਿੰਦੇ ਨੇ, ਉਥੇ ਸੰਤਾਂ ਦਾ ਵਾਸਾ ਹੋਇਆ ਕਰਦਾ ਹੈ, ਉਥੇ ਸਤਿ ਚਿਤ ਅਨੰਦ ਦੇ ਦੇਸ ਵਿੱਚ, ਸਾਧੂ ਟਿਕਾਣਾ ਮੱਲਦੇ ਨੇ -

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥***
***ਅੰਗ - ੧੩੭੨***

ਕਹਿੰਦੇ ਜਿੱਥੇ ਅਸੀਂ ਰਹਿੰਦੇ ਹਾਂ ਨਾ ਉਥੇ ਸੁੰਨ ਮੰਡਲ ਹੈ, ਅਫੁਰ ਅਵਸਥਾ ਹੈ ਉਥੇ, ਸਹਿਜ ਦੀ ਅਵਸਥਾ ਹੈ। ਸਹਿਜ ਦਾ ਅਨੰਦ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ।

***ਕਬੀਰ ਚਰਨ ਕਮਲ ਕੀ ਮਉਜ ਕੋ***
***ਕਹਿ ਕੈਸੇ ਉਨਮਾਨ ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥***
***ਅੰਗ - ੧੩੭੦***

ਸਾਧੂਆਂ ਦਾ ਟਿਕਾਣਾ ਉਥੇ ਹੋਇਆ ਕਰਦਾ ਹੈ, ਸਾਧੂਆਂ ਦਾ ਟਿਕਾਣਾ ਮਿੱਟੀ 'ਚ ਨਹੀਂ ਹੋਇਆ ਕਰਦਾ। ਪ੍ਰਤੀਤ ਦਿੰਦੇ ਨੇ ਮਿੱਟੀ ਵਿੱਚ, ਪਿਆਰ ਕਰਦੇ ਵੀ ਦਿਸਦੇ ਨੇ, ਵਾਹ ਪਾਉਂਦੇ ਵੀ ਦਿੱਸਦੇ ਨੇ ਲੇਕਿਨ ਨਿਰਲੇਪ ਹੋਇਆ ਕਰਦੇ ਨੇ, ਕੋਈ ਲੇਪ ਨਹੀਂ ਹੋਇਆ ਕਰਦਾ ਕਿਸੇ ਚੀਜ਼ ਦਾ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***
***ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਅੰਗ - ੨੭੫***

ਉਹ ਪੀਲੀ ਮਿੱਟੀ ਹੈ, ਉਹ ਹੋਰ ਤਰ੍ਹਾਂ ਦੀ ਮਿੱਟੀ ਹੈ।

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥***
***ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥***
***ਅੰਗ - ੨੭੫***

ਸੋ ਸੋਝੀ ਦੇ ਕੇ ਕੁਝ ਦਿਨ ਮਹਾਰਾਜ ਜੀ ਓਸ ਥਾਂ ਰਹੇ ਤੇ ਦੇਖ ਲਿਆ ਕਿ ਹੁਣ ਜਿਹੜਾ ਪੀਰ ਸੀ ਇਹਦੇ ਵਿਚੋਂ ਦੁਰਗੰਧਤਾ ਨਿਕਲ ਗਈ। ਹੁਣ ਖੁਸ਼ਬੋ ਹੀ ਦੇ ਰਿਹਾ ਹੈ। ਸਭ ਹੈਰਾਨ ਹੋ ਗਏ ਕਿ ਕੋਈ ਆਇਆ ਹੈ, ਨੱਥ ਪਾਉਣ ਵਾਲਾ। ਅੜੀਅਲ ਤੇ ਅਮੋੜ ਝੋਟਿਆਂ ਦੇ ਨੱਥ ਪਾਉਣ ਵਾਲਾ ਆ ਗਿਆ ਤੇ ਉਹਨੇ ਤਾਂ ਇਹ ਸਾਧੂ ਬਣਾ ਦਿੱਤਾ। ਜਿਹੜਾ ਨੇੜੇ ਨਹੀਂ ਸੀ ਲੱਗਣ ਦਿੰਦਾ ਤੇ ਗੱਲ ਕਰਦਾ ਸੀ ਐਉਂ ਲਗਦਾ ਸੀ ਕਿ ਨੱਕ ਵਿਚੋਂ ਠੂੰਹੇਂ ਗਿਰਦੇ ਨੇ, ਕ੍ਰੋਧ ਨਾਲ ਅੱਖਾਂ ਲਾਲ ਕਰ ਰਖਦਾ ਸੀ, ਮੱਥਾ ਘੁਟਿਆ ਹੁੰਦਾ, ਕੌੜਾ ਬੋਲਦਾ ਹੁੰਦਾ ਕਿ ਹੁਣ ਤਾਂ ਉਹ ਸਾਧੂ ਬਣ ਗਿਆ, ਹੁੰਮ-ਹੁੰਮਾ ਕੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ, ਜਿਥੇ ਤਕ ਖਬਰ ਪਹੁੰਚਦੀ ਹੈ ਤੁਰੇ ਹੀ ਆਉਂਦੇ ਨੇ। ਦੇਖ ਲਿਆ ਗੁਰੂ ਨਾਨਕ ਪਾਤਸ਼ਾਹ ਨੇ ਕਿ ਹੁਣ ਇਹਦੇ ਵਿਚੋਂ ਦੁਰਗੰਧ ਮਿਟ ਗਈ ਤੇ ਸੁਗੰਧੀ ਪੈ ਗਈ। ਕਹਿੰਦੇ ਲੈ ਬਈ ਫਕੀਰ ਜੀ! ਹੁਣ ਇੱਥੇ ਬੈਠ ਕੇ ਐਸੇ ਆਸਣ 'ਤੇ ਬੈਠ ਕੇ ਹੁਣ ਤੂੰ ਸੁਗੰਧੀ ਦੇਹ। ਮਿੱਟੀ ਨਾਲ ਪਿਆਰ ਛੱਡ ਦੇ, ਦੇਹ ਅਧਿਆਸ ਛੱਡ ਦੇ, ਆਤਮ ਅਧਿਆਸ ਵਿੱਚ ਆ ਜਾ। ਸੋ ਉਥੇ ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਚੱਲ ਹੋਰ ਚੱਲੀਏ, ਅੱਗੇ। ਚਲਦੇ-ਚਲਦੇ ਆਪ ਹਰਿਦੁਆਰ ਗੰਗਾ ਦੇ ਕਿਨਾਰੇ ਪਹੁੰਚ ਜਾਂਦੇ ਨੇ। ਇੱਕ ਥਾਂ ਦੇ ਉੱਤੇ ਆਸਣ ਲਾ ਲੈਂਦੇ ਨੇ। ਰੋਜ਼ ਨਵੇਂ-ਨਵੇਂ ਯਾਤਰੂ ਆਉਂਦੇ ਨੇ, ਇਸ਼ਨਾਨ ਕਰਦੇ ਨੇ, ਮਲ-ਮਲ ਕੇ ਇਸ਼ਨਾਨ ਕਰਦੇ ਨੇ। ਉਸ ਤੋਂ ਬਾਅਦ ਕੁੰਭ ਦਾ ਸਮਾਂ ਆ ਗਿਆ। ਇੱਕ ਤੋਂ ਦੂਜਾ ਪਹਿਲਾਂ ਵੜਦਾ ਹੈ ਕਿ ਮੈਂ ਛੇਤੀ ਇਸ਼ਨਾਨ ਕਰ ਲਵਾਂ। ਧਕਮ-ਧੱਕੀ ਹੋ ਰਹੇ ਨੇ ਤੇ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕੀ ਦੇਖਿਆ ਕਿ ਇਸ਼ਨਾਨ ਕਰਦੇ ਨੇ ਤੇ ਸੂਰਜ ਵਲ ਮੂੰਹ ਕਰਕੇ, ਉੱਤੇ ਨੂੰ ਊਂਜਲ ਭਰ ਕੇ ਪਾਣੀ ਮਾਰਦੇ ਨੇ। ਮਾਰੀ ਜਾਂਦੇ ਨੇ ਪਾਣੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਵਸਤਰ ਉਤਾਰੇ, ਜਿੱਥੇ ਬਹੁਤੀ ਭੀੜ

ਸੀ ਉਥੇ ਚਲੇ ਗਏ। ਜਿੱਥੇ ਸਾਧੂ ਮਹਾਤਮਾ, ਪੰਡਤ ਵਗੈਰਾ ਜਿੱਥੇ ਇਸ਼ਨਾਨ ਕਰ ਰਹੇ ਸੀ, ਓਸ ਪੌੜ ਦੇ ਉੱਤੇ ਗੁਰੂ ਨਾਨਕ ਚਲੇ ਗਏ, ਜਾ ਕੇ ਸੂਰਜ ਵਲ ਪਿੱਠ ਕਰ ਲਈ। ਦੇਖਿਆ ਕਿ ਇਹ ਸੂਰਜ ਵਲ ਪਿੱਠ ਕਰਦਾ ਹੈ, ਸਭ ਦਾ ਮੂੰਹ ਕਰਿਆ ਹੋਇਆ ਹੈ ਤੇ ਮਹਾਰਾਜ ਜੀ ਨੇ ਜਿਸ ਤਰ੍ਹਾਂ ਉਹ ਪਾਣੀ ਦਿੰਦੇ ਸੀ, ਇਸ ਤਰ੍ਹਾਂ ਪੱਛਮ ਵਲ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਜ਼ੋਰ-ਜ਼ੋਰ ਦੀ ਮਾਰਦੇ ਨੇ, ਉਹ ਇੱਕ ਵਾਰੀ ਮਾਰਦੇ ਨੇ, ਮਹਾਰਾਜ ਪੰਜ-ਛੇ ਵਾਰੀ ਜਲ ਨੂੰ ਸਿੱਟ ਦਿੰਦੇ ਨੇ। ਉਹ ਥੋੜ੍ਹਾ ਜਿਹਾ ਉੱਚਾ ਮਾਰਦੇ ਨੇ, ਮਹਾਰਾਜ ਪੂਰੇ ਜ਼ੋਰ ਦੇ ਨਾਲ ਮਾਰਦੇ ਨੇ। ਕਿੰਨਿਆਂ ਹੀ ਬੰਦਿਆਂ 'ਤੇ ਜਿਹੜੇ ਦੂਜੇ ਪਾਸੇ ਨਹਾ ਰਹੇ ਸੀ, ਉਨ੍ਹਾਂ ਦੇ ਉੱਤੇ ਪਾਣੀ ਗਿਰਦਾ ਹੈ, ਕਹਿੰਦੇ ਆਹ ਦੇਖੋ ਕੋਈ ਬਉਲਾ ਆ ਗਿਆ, ਇਹਨੂੰ ਪਤਾ ਹੀ ਨਹੀ ਕਿ ਪਾਣੀ ਮਾਰਨਾ ਹੈ, ਕਹਿੰਦੇ ਤੂੰ ਐਉਂ ਕਰ, ਆਹ ਕੀ ਤੂੰ ਕਰਨ ਲਗ ਗਿਆ ਉਲਟਾ ਕੰਮ? ਓਧਰ ਦੇ ਪਾਣੀ, ਜਿਧਰ ਸਾਰੇ ਦਿੰਦੇ ਨੇ। ਮਹਾਰਾਜ ਜੀ ਨੇ ਥੋੜ੍ਹੀ ਦੇਰ ਗੱਲ ਸੁਣੀ ਕਹਿੰਦੇ, ਕੀ ਕਹਿੰਦੇ ਓਂ? ਕਹਿੰਦੇ, ਪਾਣੀ ਓਧਰ ਮੂੰਹ ਕਰਕੇ ਦੇਹ। ਮਹਾਰਾਜ ਫੇਰ ਲੱਗ ਗਏ ਪੱਛਮ ਨੂੰ ਪਾਣੀ ਦੇਣ, ਐਨੇ ਨੂੰ ਜਿਹੜੇ ਨਹਾ ਰਹੇ ਸੀ, ਸੰਨਿਆਸੀ ਲੋਕ ਬ੍ਰਾਹਮਣ ਲੋਕ, ਵਿਦਵਾਨ ਲੋਕ, ਅਮੀਰ ਬੰਦੇ; ਇਨ੍ਹਾਂ ਦਾ ਧਿਆਨ ਹੋਇਆ ਕਿ ਇਹ ਬੰਦਾ ਕੌਣ ਹੋਇਆ, ਇਹਨੂੰ ਪੁੱਛਣਾ ਚਾਹੀਦਾ ਹੈ। ਬਈ ਮਰਿਆਦਾ ਤੋਂ ਉਲਟ ਗੱਲ ਕਰ ਰਿਹਾ ਹੈ। ਇਹਨੂੰ ਬਾਂਹ ਤੋਂ ਫੜ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ। ਕਹਿਣ ਲੱਗੇ, ਤੂੰ ਕੌਣ ਹੈ? ਕੀ ਜਾਤ ਹੈ ਤੇਰੀ। ਮਹਾਰਾਜ ਕਹਿੰਦੇ, ਜਾਤ ਮਨੁੱਖ ਦੀ ਤਾਂ ਜਾਤ ਹੀ ਕੋਈ ਨਹੀਂ ਹੁੰਦੀ। ਪੰਜ ਤੱਤ ਜਾਤ ਹੁੰਦੀ ਹੈ। ਕਹਿੰਦੇ ਤੂੰ ਮੁਸਲਮਾਨ ਨਹੀਂ ਹੈ। ਮੁਸਲਮਾਨ ਤਾਂ ਐਸ ਵੇਲੇ ਆਉਂਦਾ ਨਹੀਂ, ਇਸਲਾਮ ਵਾਲੇ ਤਾਂ ਆਉਂਦੇ ਨਹੀਂ, ਪਰ ਲਗਦਾ ਹੈ ਤੇਰੇ action ਤੋਂ ਕਿ ਤੂੰ ਜ਼ਰੂਰ ਮੁਸਲਮਾਨ ਹੈਂ, ਕਿਉਂਕਿ ਮੱਕਾ, ਕਾਹਬਾ ਹੈ ਇਧਰ। ਤੂੰ ਕਾਹਬੇ ਨੂੰ ਪਾਣੀ ਦਿੰਦਾ ਹੈ? ਮਹਾਰਾਜ ਸੁਣਦੇ ਹੀ ਨਹੀਂ, ਫੇਰ ਸੁੱਟੀ ਜਾਂਦੇ ਨੇ। ਕਹਿੰਦੇ, ਗੱਲ ਕਰ, ਮੋਢੇ ਤੋਂ ਫੜ ਲਿਆ ਕਈਆਂ ਨੇ। ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਿਉਂ ਇਸ ਪਾਸੇ ਨੂੰ ਪਾਣੀ ਦੇ ਰਹੇ ਓਂ? ਜਿਹੜੇ ਚੰਗੇ ਵਿਦਵਾਨ ਸੀ ਕਹਿਣ ਲੱਗੇ, ਤੈਨੂੰ ਅਜੇ ਪਤਾ ਹੀ ਨਹੀਂ ਕਿ ਗੰਗਾ 'ਚ ਨਾਹੁੰਣ ਦਾ, ਕੁੰਭ ਵੇਲੇ ਕਿੰਨਾ ਮਹਾਤਮ ਹੁੰਦਾ ਹੈ ਤੇ ਕੀ ਮਰਿਆਦਾ ਹੁੰਦੀ ਹੈ। ਅਸੀਂ ਇਸ ਵੇਲੇ ਪਾਣੀ ਪਿੱਤਰਾਂ ਨੂੰ ਪਹੁੰਚਾ ਰਹੇ ਹਾਂ, ਸੂਰਜ ਨੂੰ ਦੇ ਰਹੇ ਹਾਂ। ਮਹਾਰਾਜ ਕਹਿੰਦੇ, ਸੂਰਜ ਕਿੰਨੀ ਦੂਰ ਹੈ, ਅੱਜ ਦੇ ਹਿਸਾਬ ਨਾਲ ਨੌਂ ਕਰੋੜ ਮੀਲ ਦੂਰ ਹੈ। ਕਹਿੰਦੇ, ਪਿੱਤਰ? ਉਹ ਕਹਿੰਦੇ, ਪਿੱਤਰ ਤਾਂ ਬਹੁਤ ਦੂਰ ਨੇ।

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***

***ਅੰਗ - ੨੬੪***

ਉਹ ਤਾਂ ਕੋਹ ਦਸਣੇ ਹੀ ਔਖੇ ਨੇ। ਮਹਾਰਾਜ ਜੀ ਫੇਰ ਛੇਤੀ-ਛੇਤੀ ਪਾਣੀ ਦੇਣ ਲਗ ਗਏ ਤੇ ਕਹਿੰਦੇ ਫੇਰ ਤਾਂ ਤੁਸੀਂ ਬਹੁਤ ਵਧੀਆਂ ਗੱਲ ਦੱਸ ਦਿੱਤੀ। ਫੇਰ ਮਹਾਰਾਜ ਜੀ ਨੇ ਮੋਢੇ ਤੋਂ ਫੜ ਲਿਆ। ਕਹਿੰਦੇ, ਤੂੰ ਗੱਲ ਸੁਣ, ਕੌਣ ਹੈਂ ਤੂੰ? ਜਾਂ ਤਾਂ ਤੂੰ ਆਪਣੀ ਜਾਤ ਦੱਸ। ਮਹਾਰਾਜ ਕਹਿੰਦੇ, ਮੈਂ ਤੁਹਾਡੀ ਗੱਲ ਸੱਚ ਮੰਨ ਲਈ ਕਿ ਤੁਸੀਂ ਦਿੰਦੇ ਓਂ ਪਿੱਤਰਾਂ ਨੂੰ ਪਾਣੀ, ਸੂਰਜ ਨੂੰ ਪਾਣੀ; ਸੂਰਜ ਹੈ ਕਰੋੜਾਂ ਮੀਲ ਦੂਰ। ਮੇਰੇ ਖੇਤ ਇੱਥੋਂ ੩੦੦ ਕੁ ਮੀਲ ਦੂਰ ਨੇ ਤੇ ਸੁਕੇ ਨੇ ਤੇ ਮੈਂ ਵੀ ਕਿਹਾ ਕਿ ਮੈਂ ਵੀ ਪਾਣੀ ਪਹੁੰਚਾ ਦਿਆਂ। ਪਾਣੀ ਦੇਈ ਜਾਂਦੇ ਨੇ। ਅਖੀਰ ਸਿਆਣੇ ਕਹਿੰਦੇ ਨੇ ਕਿ ਗੱਲ ਤਾਂ ਪਤੇ ਦੀ ਕਹਿੰਦਾ ਹੈ। ਮਹਾਰਾਜ ਕਹਿੰਦੇ ਜੇ ਤੁਹਾਡਾ ਕਰੋੜਾਂ ਮੀਲਾਂ ਤੇ ਪਾਣੀ ਜਾ ਸਕਦਾ ਹੈ, ਪਿੱਤਰਾਂ ਨੂਮ ਤੁਸੀਂ ਸਾਲ ਭਰ ਦਾ ਪਾਣੀ ਤੁਸੀ ਦੇ ਸਕਦੇ ਓਂ, ਚਾਰ ਉਂਗਲ ਸੁੱਟ ਕੇ, ਫੇਰ ਮੇਰੇ ਖੇਤ ਨਹੀਂ ਕੀ ਭਰਨਗੇ? ਮੈਨੂੰ ਹੁਣ ਆਪਣੇ ਖੇਤ ਭਰ ਲੈਣ ਦਿਓ, ਮੈਂ ਕਿਸੇ ਪਿੱਤਰ ਨੂੰ ਪਾਣੀ ਨਹੀਂ ਦੇਣਾ। ਦੂਜਾ ਕਹਿਣ ਲੱਗਿਆ ਕਿ ਗੱਲ ਬਹੁਤ ਸੋਹਣੀ ਕਰੀ ਹੈ ਇਸਨੇ। ਆਪਾਂ ਤਾਂ ਐਵੇਂ ਹੀ ਖਪਦੇ ਹਾਂ, ਕਿਤੇ ਜਾਂਦਾ ਹੈ ਪਾਣੀ ਇੱਥੇ ਵਿਚ ਹੀ ਗਿਰ ਪੈਂਦਾ ਹੈ। ਨਾਲ ਦੇ ਨੇ ਕਿਹਾ ਕਿ ਇਹ ਕੋਈ ਦਰਵੇਸ ਹੈ ਰਮਜ਼ ਮਾਰ ਰਿਹਾ ਹੈ, ਸਮਝੋ ਇਹਦੀ ਰਮਜ਼। ਇਕੱਠ ਹੋਣਾ ਸ਼ੁਰੂ ਹੋ ਗਿਆ। ਓਸ ਵੇਲੇ ਪਾਣੀ ਦੇਣ ਤੋਂ ਹਟ ਗਏ ਸਾਰੇ, ਜਿਉਂ-ਜਿਉਂ ਗੱਲ ਚਲਦੀ ਹੈ, ਅੱਗੇ-ਅੱਗੇ ਦੱਸੀ ਜਾਂਦੇ ਨੇ ਕਿ ਓਹ ਦੇਖੋ ਕਿ ਦਰਵੇਸ਼ ਨੇ ਮਾਰੀ ਹੈ ਇੱਥੇ ਆ ਕੇ ਚੋਭ ਕਿ ਸੂਰਜ ਨੂੰ ਪਾਣੀ ਕਿਵੇਂ ਪਿਲਾ ਦਿਓਂਗੇ। ਇਹ ਤਾਂ ਸਾਨੂੰ ਇਨ੍ਹਾਂ ਪਾਂਡਿਆਂ ਨੇ ਭੰਬਲ-ਭੂਸਿਆਂ 'ਚ ਪਾ ਦਿੱਤਾ ਕਿ ਜਾਂਦਾ ਹੈ ਪਾਣੀ ਕਿਤੇ, ਐਵੇਂ ਵਾਧੂ ਹੈ, ਕਦੇ ਸੋਚੀ ਹੈ ਦਿਮਾਗ ਨਾਲ ਗੱਲ ਆਪਾਂ ਇਹ ਕਿ ਪਾਣੀ ਕਿੱਥੇ ਜਾਂਦਾ ਹੈ। ਬਾਹਰ ਨਿਕਲ ਆਏ ਤੇ ਗੁਰੂ ਨਾਨਕ ਵਲ ਦੇਖਦੇ ਨੇ ਕਿ ਜਦ ਦੇਖਿਆ ਮਹਾਰਾਜ ਨੇ ਬਹੁਤ ਸਾਰਾ ਇਕੱਠ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਪਾਣੀ 'ਚੋਂ ਨਿਕਲ ਆਉਂਦੇ ਨੇ। ਕਹਿੰਦੇ, ਬਹਿ ਜਾਓ, ਬਹਿ ਜਾਓ। ਬਚਨ ਕਰੋ। ਜੋਗੀ ਵੀ ਆ ਗਏ, ਸੰਨਿਆਸੀ ਵੀ ਆ ਗਏ, ਪੰਡਤ ਵੀ ਆ ਗਏ, ਇਕ ਝਟਕਾ ਮਾਰਿਆ ਬਚਨ ਕਹਿ ਕੇ। ਇਕੱਠ ਹੋ ਗਿਆ, ਕਹਿਣ ਲੱਗੇ ਕਿ ਤੂੰ ਲਗਦਾ ਹੈਂ ਕਿ ਕੋਈ ਫਕੀਰ ਹੈਂ ਤੇ ਤੂੰ ਰਮਜ਼ ਮਾਰੀ ਹੈ, ਗੱਲ ਤੇਰੀ ਅਸੀਂ ਮੰਨ ਲਈ ਬਿਲਕੁਲ ਠੀਕ। ਬਚਨ ਹੋ ਹੀ ਰਹੇ ਨੇ, ਐਨੇ ਨੂੰ ਬਹੁਤ ਸਾਰੇ ਬੰਦੇ ਮਾਲਾ ਫੇਰ ਰਹੇ ਨੇ ਕਾਹਲੀ-ਕਾਹਲੀ। ਮਣਕੇ ਤੇ ਮਣਕਾ ਠੱਕ-ਠੱਕ ਕਰਦਾ ਹੈ। ਰੁਦਰਾਅਖਰ ਦੀਆਂ ਮਾਲਾ ਨੇ ਖੜਕਾ ਹੁੰਦਾ ਹੈ। ਮਹਾਰਾਜ ਕਹਿੰਦੇ ਦੇਖ ਕੇ ਉਨ੍ਹਾਂ ਵਲ ਹੱਥ ਕਰਕੇ ਕਹਿੰਦੇ ਆਹ ਸਾਰੇ ਨਰਕਾਂ ਨੂੰ ਜਾਣਗੇ। ਆਹ ਨਰਕਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਨੇ। ਉਹ ਕਹਿੰਦੇ, ਅੱਗੇ ਇਹਨੇ ਗੱਲ ਕਹੀ ਹੈ ਉਹ ਪੱਕੀ ਕਹੀ ਹੈ ਤੇ ਆਹ ਵੀ ਗੱਲ ਪੱਕੀ ਹੈ। ਪੁੱਛਣੀ ਚਾਹੀਦੀ ਹੈ, ਜਿਹੜੇ ਸਿਆਣੇ ਪੰਡਤ ਸੀ ਵਿਦਵਾਨ, ਕਹਿਣ ਲੱਗੇ ਦਰਵੇਸ ਸਾਂਈ! ਤੇਰੀ ਪਹਿਲੀ ਗੱਲ ਸੀ ਜਿਹੜੀ ਉਹ ਅੱਜ ਤੱਕ ਕਿਸੇ ਨੇ ਨਹੀਂ ਕਹੀ। ਅਸੀਂ ਜੁਗਾਂ-ਜੁਗਾਤਰਾਂ ਤੋਂ ਲਕੀਰ ਦੇ ਫਕੀਰ ਬਣੇ ਪਾਣੀ ਦੇ ਰਹੇ ਸੀ। ਅੱਜ ਸਾਨੂੰ ਪਤਾ ਲੱਗਿਆ ਹੈ ਜਿਹੜਾ ਪਾਣੀ ਕਰੋੜਾਂ ਮੀਲਾਂ 'ਤੇ ਦਿੰਦੇ ਹਾਂ, ਇਹਦੇ ਖੇਤਾਂ 'ਚ ਜ਼ਰੂਰ ਜਾਣਾ ਚਾਹੀਦਾ ਹੈ। ਅਸੀਂ ਕਹਿੰਦੇ ਹਾਂ ਕਿ ਇਹ ਤਾਂ ਖੇਤਾਂ 'ਚ ਤਾਂ ਜਾਂਦਾ ਨਹੀਂ। ਇਹ ਤਾਂ ਗੰਗਾ 'ਚ ਹੀ ਪੈਂਦਾ ਹੈ। ਅਸੀਂ ਆਪਣੀ ਜ਼ੁਬਾਨ ਨਾਲ ਕਿਹਾ ਹੈ ਕਿ ਇੱਥੇ ਹੀ ਪੈਂਦਾ ਹੈ। ਅੱਗੇ ਰੁੜ੍ਹਦਾ ਨਜ਼ਰ ਨਹੀਂ ਆਉਂਦਾ। ਇਹ ਠੀਕ ਹੈ ਤੂੰ ਸਾਡਾ ਭਰਮ ਦੂਰ ਕਰ ਦਿੱਤਾ। ਹੁਣ ਇਹ ਭਰਮ ਦੂਰ ਕਰ ਕਿ ਇਹ ਨਰਕਾਂ ਨੂੰ ਕਿਵੇਂ ਜਾਣਗੇ, ਇਹ ਹਿੰਦੂ ਸਾਰੇ? ਮਹਾਰਾਜ ਕਹਿੰਦੇ, ਉਰ੍ਹੇ ਆ। ਬਹੁਤ ਵਧੀਆ ਬੰਦਾ ਤਿਲਕ ਵਗੈਰਾ ਲਾਏ ਹੋਏ ਮਾਲਾ ਫੇਰ

ਰਿਹਾ ਹੈ। ਮਹਾਰਾਜ ਕਹਿੰਦੇ ਕਿ ਤੂੰ ਦਿੱਲੀ ਕੀ ਕਰਦਾ ਹੈਂ, ਦਿੱਲੀ ਤੂੰ ਘੁੰਮ ਰਿਹਾ ਹੈਂ ਬਜ਼ਾਰ ਦੇ ਅੰਦਰ ਤੇ ਮਾਲਾ ਫੇਰਦਾ ਹੈਂ ਹਰਿਦੁਆਰ ਦੇ ਕੰਢੇ ਬੈਠਾ। ਦੂਜੇ ਨੂੰ ਕਹਿੰਦੇ ਕਿ ਤੂੰ ਮੁਲਤਾਨ ਵਿੱਚ ਕੀ ਕਰਦਾ ਹੈਂ? ਤੀਸਰੇ ਨੂੰ ਹੋਰ, ਚੌਥੇ ਨੂੰ ਹੋਰ। ਜਦ ਦੱਸ ਪੰਦਰਾਂ ਦੀਆਂ ਗੱਲਾਂ ਦੱਸੀਆਂ ਤਾਂ ਕਹਿੰਦੇ ਤੂੰ ਐਹੋ ਜਿਹਾ ਮਾੜਾ ਕੰਮ ਚਿਤਵ ਰਿਹਾ ਹੈਂ ਆਇਆ ਤੂੰ ਤੀਰਥ 'ਤੇ, ਤੇ ਪਾਪ ਚਿਤਵ ਰਿਹਾ ਹੈਂ। ਇਥੇ ਬੈਠਾ ਚਿਤਵ ਰਿਹਾ ਹੈਂ ਕਿ ਮੈਂ ਜਾ ਕੇ ਫਲਾਣੇ ਦਾ ਆਹ ਨੁਕਸਾਨ ਕਰਦਾ ਹੈਂ, ਤੂੰ ਨਾਹੁੰਦਾ ਫਿਰਦਾ ਹੈਂ ਤੀਰਥਾਂ 'ਤੇ, ਤੇ ਮੰਦਾ ਚਿਤਵਦਾ ਹੈਂ ਇੱਥੇ ਬੈਠਾ। ਜਦ ਦੱਸ ਕੁ ਬੰਦਿਆਂ ਦਾ ਦੱਸਿਆ, ਸਭ ਨੇ ਨੇਤਰ ਖੋਲ੍ਹ ਲਏ ਕਿ ਸਾਡੀ ਵਾਰੀ ਨਾ ਆ ਜਾਏ। ਅਰ ਉਨ੍ਹਾਂ ਨੇ ਜਾ ਕੇ ਮਹਾਰਾਜ ਜੀ ਦੇ ਚਰਨ ਫੜ ਲਏ। ਕਹਿਣ ਲੱਗੇ ਕਿ ਤੂੰ ਤਾਂ ਕੋਈ ਰੱਬ ਦਾ ਰੂਪ ਹੈਂ। ਸੱਚਮੁੱਚ ਸਾਡਾ ਮਨ ਦਿੱਲੀ ਫਿਰਦਾ ਸੀ, ਦੂਜਾ ਕਹਿੰਦਾ ਮੈਂ ਲਾਹੌਰ ਫਿਰਦਾ ਸੀ। ਤੀਜਾ ਕਹਿੰਦਾ ਮੈਂ ਮੁਲਤਾਨ ਫਿਰਦਾ ਸੀ ਤੇ ਮੈਂ ਫਲਾਣੇ ਥਾਂ ਫਿਰਦਾ ਸੀ ਜਿਹੜੀ ਤੂੰ ਗੱਲ ਕਹੀ ਹੈ ਉਹ ਮੇਰੇ ਮਨ ਵਿੱਚ ਇਹੀ ਗੱਲ ਸੀ। ਤੂੰ ਤਾਂ ਕੋਈ ਰੱਬ ਦਾ ਰੂਪ ਆ ਗਿਆ। ਚਰਨਾਂ 'ਤੇ ਨੱਠ-ਨੱਠ ਕੇ ਪੈਣੇ ਸ਼ੁਰੂ ਹੋ ਗਏ, ਮਹਾਰਾਜ ਕਹਿੰਦੇ ਹੁਣ ਦੱਸੋ, ਨਰਕਾਂ ਨੂੰ ਜਾਓਂਗੇ ਕਿ ਨਹੀਂ ਹੱਥ 'ਚ ਤਾਂ ਮਾਲਾ ਘੁੰਮਦੀ ਹੈ ਤੇ ਸੋਚਦੇ ਓਂ ਵਿਰੋਧ ਦੀਆਂ ਗੱਲਾਂ, ਵੈਰ ਦੀਆਂ ਗੱਲਾਂ, ਕਾਮ ਦੀਆਂ ਗੱਲਾਂ, ਲੋਭ ਦੀਆਂ ਗੱਲਾਂ, ਮੋਹ ਦੀਆਂ ਗੱਲਾਂ, ਕਪਟ ਦੀਆਂ ਗੱਲਾਂ ਤੇ ਮੂੰਹ ਨਾਲ ਤੁਸੀਂ ਹਰਿ ਹਰਿ ਕਰਦੇ ਓਂ। ਤੁਹਾਨੂੰ ਇੱਕ ਅਸੂਲ ਦੀ ਗੱਲ ਦਸਦੇ ਹਾਂ ਮਨ ਦਾ ਜਿਸ ਚੀਜ਼ ਨਾਲ ਮੋਹ ਪੈ ਜਾਏ, ਵਾਹ ਪੈ ਜਾਏ, ਜਿਹਦੇ ਨਾਲ ਚਿੱਤ ਲਗ ਜਾਏ ਓਹੀ ਚੀਜ਼ ਪ੍ਰਾਪਤ ਹੁੰਦੀ ਹੈ। ਐਸਾ ਅਕਾਲ ਪੁਰਖ ਦਾ ਅਸੂਲ ਹੈ, ਹੁਕਮ ਦੀ ਕਾਰ ਹੈ, ਜਿਸ ਚੀਜ਼ ਨਾਲ ਬੰਦੇ ਦਾ ਜ਼ਿਆਦਾ ਖਿਆਲ ਹੋ ਜਾਵੇ ਉਹ ਚੀਜ਼ ਪ੍ਰਾਪਤ ਹੋ ਜਾਂਦੀ ਹੈ -

***ਧਾਰਨਾ - ਜਿਸ ਸੇਤੀ ਮਨ ਲਾਇਆ ਜੀ,***
***ਸਾਈ ਵਸਤ ਪ੍ਰਾਪਤ ਹੋਏ।***

ਕਹਿਣ ਲੱਗੇ, ਪਿਆਰਿਓ! ਮਨ ਦਾ ਰੁਖ ਜਿਸ ਚੀਜ਼ ਨਾਲ ਬਹੁਤਾ ਜੁੜਿਆ ਹੋਇਆ ਹੈ, ਓਹੀ ਚੀਜ਼ ਪ੍ਰਾਪਤ ਹੁੰਦੀ ਹੈ। ਜੇ ਕਪਟ ਨਾਲ ਜੁੜਿਆ ਹੋਇਆ ਹੈ, ਤੀਰਥ 'ਤੇ ਬੈਠੇ ਕਪਟ ਦੀ ਗੱਲ ਸੋਚਦਾ ਹੈ, ਹਜ਼ਾਰਾਂ ਗੁਣਾਂ ਪਾਪ ਦਾ ਫਲ ਵੱਧ ਜਾਏਗਾ। ਪੁੰਨ ਦਾ ਫਲ ਵੀ ਹਜ਼ਾਰਾਂ ਗੁਣਾਂ ਵਧਦਾ ਹੈ ਤੇ ਪਾਪ ਦਾ ਵੀ ਵਧਦਾ ਹੈ। ਨਰਕਾਂ ਨੂੰ ਜਾਓਂਗੇ ਕਿ ਨਹੀਂ ਵੈਰ ਦੀਆ ਗੱਲਾਂ ਸੋਚਦੇ ਓਂ, ਵਿਰੋਧ ਦੀਆਂ ਸੋਚਦੇ ਓਂ।

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥***
***ਅੰਗ - ੨੬੮***

ਈਰਖਾ, ਨਿੰਦਿਆ, ਚੁਗਲੀ, ਮਾੜੀਆਂ ਗੱਲਾਂ ਸੋਚਦੇ ਓਂ ਤੇ ਇਹਦਾ ਪਾਪ ਦਾ ਫਲ ਕਿੰਨਾ ਜ਼ਿਆਦਾ ਫੈਲ ਜਾਣਾ ਹੈ, ਤੁਸੀਂ ਪਵਿੱਤਰ ਭੂਮੀ 'ਤੇ ਬੈਠੇ ਇਹ ਗੱਲਾਂ ਸੋਚਦੇ ਓਂ।

***ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ॥***
***ਕਹੁ ਨਾਨਕ ਪ੍ਰਾਣੀ***
***ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥***
***ਅੰਗ - ੭੫***

***ਰਾਮ ਨਾਮੁ ਘਟ ਅੰਤਰਿ ਨਾਹੀ***
***ਹੋਰਿ ਜਾਣੈ ਰਸ ਕਸ ਮੀਠੇ ॥***
***ਗਿਆਨੁ ਧਿਆਨੁ ਗੁਣ ਸੰਜਮੁ ਨਾਹੀ***
***ਜਨਮਿ ਮਰਹੁਗੇ ਝੂਠੇ ॥***
***ਤੀਰਥ ਵਰਤ ਸੁਚਿ ਸੰਜਮੁ ਨਾਹੀ***
***ਕਰਮੁ ਧਰਮੁ ਨਹੀ ਪੂਜਾ ॥***
***ਨਾਨਕ ਭਾਇ ਭਗਤਿ ਨਿਸਤਾਰਾ***
***ਦੁਬਿਧਾ ਵਿਆਪੈ ਦੂਜਾ ॥ ਅੰਗ - ੭੫***

ਅੰਦਰੋਂ ਤਾਂ ਸਫਾਈ ਨਹੀਂ ਹੈ, ਨਾ ਕੋਈ ਚੰਗੇ ਕੰਮ ਕਰੇ ਨੇ, ਨਾ ਕੋਈ ਗਿਆਨ ਹੈ, ਨਾ ਧਿਆਨ ਹੈ, ਨਾ ਸੰਜਮ ਦੀ ਜ਼ਿੰਦਗੀ ਹੈ ਤੇ ਵਿਸ਼ੇ ਵਿਕਾਰਾਂ ਵਿੱਚ ਮਨ ਘੁੰਮਦਾ ਰਹਿੰਦਾ ਹੈ ਤੇ ਕਹਿੰਦੇ ਤੀਰਥ ਕਰਨ ਤੋਂ ਤਾਂ ਛੁਟਣਾ ਨਹੀਂ ਪਿਆਰਿਆ। ਛੁੱਟਣਾ ਤਾਂ ਹੈ ਜਦ ਭਗਤੀ ਵਿੱਚ ਤੁਹਾਡਾ ਮਨ ਲੱਗੇਗਾ ਤੇ ਦੁਬਿਧਾ ਦੇ ਵਿੱਚ ਵਿਆਪ ਕੇ ਦੂਜਾ ਕਰੋਂਗੇ ਨਾ ਫੇਰ ਇਹਦਾ ਫਲ ਕੋਈ ਨਹੀਂ ਹੋਣਾ ਤੇ ਪ੍ਰਮੇਸ਼ਰ ਦਾ ਜੇ ਭਜਨ ਕਰਦੇ ਓਂ ਚਿੱਤ ਲਾ ਕੇ ਕਰੋ। ਐਸ ਤਰ੍ਹਾਂ ਫੁਰਮਾਨ ਆਉਂਦਾ ਹੈ, ਗੁਰੂ ਮਹਾਰਾਜ ਦਾ -

***ਧਾਰਨਾ - ਜਸ ਕਰੋ ਵਾਹਿਗੁਰੂ ਦਾ***
***ਚਿੱਤ ਨੂੰ ਇਕਾਗਰ ਕਰਕੇ।***

ਇੱਕ ਸਾਵਧਾਨ ਹੋਣਾ ਚਾਹੀਦਾ ਹੈ, ਇੱਕ ਚਿੱਤ ਦੀ ਇਕਾਗਰਤਾ ਚਾਹੀਦੀ ਹੈ। ਜੇ ਚਿੱਤ ਨੱਠਿਆ ਫਿਰਦਾ ਹੈ, ਮਨ ਦੌੜਿਆ ਫਿਰਦਾ ਹੈ, ਹੱਥ ਵਿੱਚ ਮਾਲਾ ਘੁੰਮਦੀ ਹੈ ਤੇ ਚੌਂਕੜਾ ਮਾਰਿਆਂ ਹੋਇਆ ਹੈ, ਮੂੰਹ ਵਿੱਚ ਜੀਭ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਕਰਦੀ ਹੈ। ਮਹਾਰਾਜ ਕਹਿੰਦੇ, ਚਿੱਤ ਨੇ ਕੰਮ ਦੇਣਾ ਹੈ, ਜੀਭ ਨੇ ਨਹੀਂ ਦੇਣਾ। ਚਿੱਤ ਤਾਂ ਤੁਹਾਡਾ ਹੋਰ ਪਾਸੇ ਲੱਗਿਆ ਹੋਇਆ ਹੈ ਤੇ ਜੀਭ ਹਿੱਲੀ ਜਾਂਦੀ ਹੈ, ਕਹਿੰਦੇ ਐਉਂ ਗਲਤ ਹੋ ਜਾਂਦਾ ਹੈ। ਸਾਰਿਆਂ ਨੇ ਬੇਨਤੀ ਕਰੀ ਕਹਿੰਦੇ ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਸਾਨੂੰ ਸੋਝੀ ਦੇਵੋ, ਅਸੀਂ ਬਿਲਕੁਲ ਅਣਜਾਣ ਹਾਂ। ਮਹਾਰਾਜ ਕਹਿੰਦੇ, ਪਹਿਲਾਂ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਲਿਆਓ 'ਸਤਿਪੁਰਖ 'ਤੇ, ਗੁਰੂ 'ਤੇ। ਗੁਰੂ ਤੋਂ ਬਗੈਰ ਨਹੀਂ ਗੱਲ ਚੱਲਿਆ ਕਰਦੀ। ਗੁਰੂ ਦੇ ਉੱਤੇ ਲਿਆਓ ਪ੍ਰਤੀਤ।

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - ੨੮੩***

ਉਹਨੂੰ ਹਰੀ ਚਿੱਤ ਆਉਂਦਾ ਹੈ, ਨਾਮ ਚਿੱਤ ਆਉਂਦਾ ਹੈ, ਦੂਸਰੇ ਨੂੰ ਆਉਂਦਾ ਨਹੀਂ ਤੇ ਪ੍ਰਮੇਸ਼ਰ ਜਿਹੜਾ ਹੈ ਸਾਰੇ ਪ੍ਰੀਪੂਰਨ ਹੈ। ਕੋਈ ਥਾਂ ਨਹੀਂ ਤੇਰੇ ਅੰਦਰ, ਤੇਰੇ ਬਾਹਰ। ਉਹ ਮਹਾਨ ਸੁੱਖਾਂ ਦਾ ਦਾਤਾ ਪਿਆਰ ਕਰਨ ਵਾਲੀ ਜੋਤ।

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨਾ ਬਾਢ ਹੈ, ਨਾ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਉਹਨੂੰ ਧਿਆਨ ਵਿੱਚ ਲਿਆ ਕੇ ਮੇਰੇ ਨਾਲ ਹੈ ਉਹ, ਅੰਦਰ ਵੀ ਮੇਰੇ ਹੈ।

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਅੰਗ - ੬੭੭***

ਕਹਿੰਦੇ, ਜਿਹੜਾ ਰਮਿਆ ਹੋਇਆ ਹੈ ਤੇਰੇ ਰੋਮ-ਰੋਮ ਦੇ ਵਿੱਚ ਜਿਹਦਾ ਵਾਸਾ ਹੈ, ਉਹਦਾ ਧਿਆਨ ਕਰ ਫੇਰ ਕਹਿ ਵਾਹਿਗੁਰੂ, ਫੇਰ ਕਹਿ ਰਾਮ, ਫੇਰ ਕਹਿ ਅੱਲਾਹ। ਕਿਉਂਕਿ ਹੁਣ ਤੇਰੇ ਮੂਹਰੇ ਨਿਸ਼ਾਨਾ ਹੈ। ਜੇ ਨਿਸ਼ਾਨਾ ਹੀ ਨਹੀਂ ਹੈ ਤੇ ਗੋਲੀਆਂ ਐਵੇਂ ਹੀ ਚਲਾਈ ਜਾਂਦਾ ਹੈਂ। ਗੁਲਜ਼ਰੀ 'ਚ ਤਾਂ ਲਗਣੀ ਨਹੀਂ ਹੈ। ਜੇ ਗੁਲਜ਼ਰੀ 'ਚ ਲਗਣਗੀਆਂ ਪੰਜ ਗੋਲੀਆਂ, marks man ਦਾ ਖਿਤਾਬ ਸੌ ਨੰਬਰ ਮਿਲ ਜਾਣਗੇ। ਜੇ outer 'ਚ ਮਾਰਦਾ ਹੈਂ ਤਾਂ ਜ਼ੀਰੋ ਨੰਬਰ ਮਿਲਣਗੇ। ਮੋਢੇ ਤਾਂ ਉਹਦੇ ਨੇ ਵੀ ਸੱਟ ਖਾਧੀ ਹੇ, ਜਿਹਨੇ ਗੁਲਜ਼ਰੀ 'ਚ ਖਾਧੀ ਹੈ ਉਹਦੇ ਵੀ ਝਟਕਾ ਲੱਗਿਆ ਹੈ। ਲੇਕਿਨ ਇੱਕ ਦਾ ਜਿਹੜਾ ਉੱਦਮ ਸੀ ਉਹ ਨਿਰਾਰਥ ਗਿਆ, ਇੱਕ ਦਾ ਉੱਦਮ ਸਫਲ ਹੋਇਆ, ਉਹਨੇ ਗੁਲਜ਼ਰੀ 'ਚ ਮਾਰੀ। ਇਸੇ ਤਰ੍ਹਾਂ ਪਹਿਲਾਂ ਤਾਂ ਵਿਸ਼ਵਾਸ਼ ਲਿਆਓ ਵਾਹਿਗੁਰੂ ਦੇ ਉੱਤੇ। ਫੇਰ ਇਹ ਵਿਸ਼ਵਾਸ਼ ਲਿਆਓ ਕਿ ਉਹ ਮੇਰੇ ਨਾਲ ਅੰਦਰ ਬਾਹਰ ਹਰ ਥਾਂ ਦੇ ਉੱਤੇ ਹੈ, ਵਿਛੜਦਾ ਹੀ ਨਹੀਂ ਕਦੇ ਵੀ। ਮੈਂ ਸੁੱਤਾ ਹੁੰਦਾ ਹੈ, ਉਹ ਜਾਗਦਾ ਹੁੰਦਾ ਹੈ। ਮੈਂ ਜਦ ਮਾੜੇ ਕੰਮ ਚਿਤਵਦਾ ਹੁੰਦਾ ਹਾਂ ਉਹ ਮੈਨੂੰ ਦੇਖਦਾ ਹੁੰਦਾ ਹੈ। ਜਦ ਮੈਂ ਲੋਕਾਂ ਨਾਲ ਬੁਰਿਆਈ ਕਰਦਾ ਹਾਂ ਉਹਨੂੰ ਪਤਾ ਹੁੰਦਾ ਹੈ ਕਿ ਹੁਣ ਇਹ ਬੁਰਿਆਈ ਦੀਆਂ ਗੱਲਾਂ ਸੋਚਦਾ ਹੈ, ਗੁਰੂ ਤੋਂ ਕੋਈ ਚੀਜ਼ ਭੁੱਲੀ ਹੋਈ ਨਹੀਂ। ਸਭ ਕੁਛ ਜਾਣਦਾ ਹੈ। ਉਹਦੀ ਹਜ਼ੂਰੀ 'ਚ ਨਾਮ ਜਪੋ। ਜਦ ਹਜ਼ੂਰੀ 'ਚ ਨਾਮ ਜਪੋਂਗੇ, ਹਜ਼ੂਰੀ ਦਾ ਅਨੁਭਵ ਤੁਹਾਨੂੰ ਆਏਗਾ ਫੇਰ ਮਨ ਨੇ ਨਹੀਨ ਦੌੜਨਾ, ਮਨ ਫੇਰ ਰੁਕ ਜਾਏਗਾ। ਮਨ ਓਨਾਂ ਚਿਰ ਹੀ ਨੱਠਦਾ ਹੈ ਜਦ ਮੂਹਰੇ ਨਿਸ਼ਾਨਾ ਨਹੀਂ। ਜਦ ਨਿਸ਼ਾਨਾ ਆ ਜਾਏ, ਮਨ ਦੀ ਦੌੜ ਖਤਮ ਹੋ ਜਾਂਦੀ ਹੈ। ਸੋ ਮਹਾਰਾਜ ਕਹਿਣ ਲੱਗੇ, ਇਸ ਤਰ੍ਹਾਂ ਬੰਦਗੀ ਕਰਨੀ ਚਾਹੀਦੀ ਹੈ। ਪੁੱਛਿਆ, ਮਹਾਰਾਜ ਜੀ ਨੂੰ ਕਿ ਮਹਾਰਾਜ! ਤੀਰਥਾਂ 'ਤੇ ਇਸ਼ਨਾਨ ਕਰਨ ਦਾ ਫਲ ਹੋਇਆ ਕਰਦਾ ਹੈ? ਮਹਾਰਾਜ ਕਹਿੰਦੇ -

***ਤੀਰਥ ਕੀਏ ਏਕ ਫਲ***

ਇੱਕ ਫਲ ਮਿਲਦਾ ਹੈ, ਉਹ ਵੀ ਜੇ ਪੂਰੀ ਵਿਧੀ ਦੇ ਨਾਲ। ਸ਼ਬਦਾਂ ਦੇ ਨਾਲ ਪੂਰੇ ਸੰਜਮ ਦੇ ਨਾਲ। ਮਨ, ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਜੇ ਕੋਈ ਆਉਂਦਾ ਹੈ, ਉਥੇ ਆ ਕੇ ਦਾਨ ਪੁੰਨ ਕਰਦਾ ਹੈ, ਸੰਤਾਂ ਦੇ ਬਚਨ ਸੁਣਦਾ ਹੈ ਕਿਉਂਕਿ ਸਾਧੂ ਲੋਕ ਤੀਰਥਾਂ 'ਤੇ ਜਾਂਦੇ ਨੇ, ਤੀਰਥਾਂ ਦੀ ਪੁਕਾਰ ਸੁਣ ਕੇ। ਕਹਿੰਦੇ, ਫੇਰ ਇੱਕ ਫਲ ਮਿਲ ਜਾਇਆ ਕਰਦਾ ਹੈ।

***ਸੰਤ ਮਿਲੇ ਫਲ ਚਾਰ।***

ਜੇ ਸੰਤ ਮਿਲ ਜਾਵੇ ਤਾਂ ਉਹਦੇ ਚਾਰ ਫਲ ਮਿਲਦੇ ਨੇ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***
***ਗੁਰੂ ਮਿਲੇ ਫਲ ਅਨੇਕ ਹੈਂ***

ਜੇ ਗੁਰੂ ਨਾਲ ਬਣ ਜਾਵੇ ਤਾਂ ਫਲਾਂ ਦੀ ਗਿਣਤੀ ਨਹੀਂ।

***ਕਹਤ ਕਬੀਰ ਵਿਚਾਰ।***

ਕਬੀਰ ਜੀ ਕਹਿੰਦੇ ਹਨ ਕਿ ਅਸੀਂ ਵਿਚਾਰ ਕੇ ਗੱਲ ਕਹਿੰਦੇ ਹਾਂ। ਮਹਾਰਾਜ ਕਹਿੰਦੇ, ਹੁਣ ਤੁਸੀਂ ਕੰਮ ਦੀ ਗੱਲ ਸੁਣੋ ਸਾਡੇ ਤੋਂ। ਦੇਖੋ ਕਹਿੰਦੇ, ਇਸ਼ਨਾਨ ਤੁਸੀਂ ਕਰਦੇ ਓਂ ਪਾਣੀ ਦੇ ਨਾਲ ਤੇ ਪਾਣੀ ਨਾਲ ਨਾਹ ਕੇ ਤੁਸੀਂ ਕਹਿੰਦੇ ਓਂ ਕਿ ਸਭ ਪਾਪ ਉਤਰ ਗਏ। ਇਹ ਸਰੀਰ ਤਾਂ ਮੈਲਾ ਹੀ ਰਹਿੰਦਾ ਹੈ, ਇਹ ਸੁੱਚਾ ਨਹੀਂ ਕਦੇ ਵੀ ਹੋਇਆ ਕਰਦਾ। ਇਹ ਨਾ ਅੱਜ ਤਕ ਸੁੱਚਾ ਹੋਇਆ ਹੈ, ਨਾ ਕਦੇ -

***...........ਕਾਚੀ ਭੀਤਿ ਨ ਸੁਧਿ ॥ ਅੰਗ - ੨੫੨***

ਕੱਚੀ ਕੰਧ ਨੂੰ ਸ਼ੁੱਧ ਕਰਕੇ ਦਿਖਾਓ ਤਾਂ ਕੋਈ, ਜਿੰਨਾਂ ਉਹਨੂੰ ਮਲੀਂ ਜਾਓਂਗੇ ਹੋਰ ਮਿੱਟੀ ਨਿਕਲੀ ਜਾਏਗੀ, ਜਿੰਨਾ ਮਲੀਂ ਜਾਓਂਗੇ ਹੋਰ ਮਿੱਟੀ ਨਿਕਲੀ ਜਾਏਗੀ। ਕਾਂਸੀ ਦੇ ਭਾਂਡੇ ਨੂੰ ਕੋਈ ਸ਼ੁੱਧ ਕਰਕੇ ਦਿਖਾਓ। ਸੌ ਵਾਰੀ ਧੋਈ ਜਾਓ -

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥***
***ਅੰਗ - ੭੨੯***

ਕਹਿੰਦੇ, ਸਰੀਰ ਤਾਂ ਮੈਲਾ ਹੀ ਰਹਿਣਾ ਹੈ, ਸਰੀਰ ਦੇ ਨਾਲ ਸਬੰਧ ਹੈ ਮਨ ਦਾ। ਜੇ ਮਨ ਦੇ ਵਿੱਚ ਮੈਲ ਹੈ ਤਾਂ ਆਦਮੀ ਦੁਖੀ ਹੋਏਗਾ, ਮਨ ਦੀ ਮੈਲ ਜਿੰਨੀ ਦੇਰ ਤਕ ਦੂਰ ਨਹੀਂ ਨਾ ਹੁੰਦੀ, ਓਨਾਂ ਚਿਰ ਕੋਈ ਚੀਜ਼ ਪ੍ਰਾਪਤ ਨਹੀਂ ਹੁੰਦੀ, ਸਾਰਾ ਜ਼ੋਰ ਮਨ ਦੀ ਮੈਲ ਦੂਰ ਕਰਨ 'ਤੇ ਲਗਦਾ ਹੈ। ਮਨ ਦੇ ਵਿੱਚ ਜਿਹੜੀ ਮੈਲ ਦੀ ਵੱਡੀ ਤਹਿ ਬਣੀ ਜਮੀ ਹੋਈ ਹੈ, ਹਉਮੈ ਦੀ ਜਮੀ ਹੋਈ ਹੈ। ਬੇਅੰਤ ਜਮੀਆਂ ਹੋਈਆਂ ਨੇ ਤਹਿਾਂ ਤਾਂ। ਸਭ ਤੋਂ ਔਖੀ ਜਿਹੜੀ ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***
***ਅੰਗ - ੪੬੬***

ਜਿੰਨਾ ਚਿਰ ਹਉਮੈ ਦੀ ਮੈਲ ਨਹੀਂ ਉਤਰਦੀ ਇਹ ਜੰਮਦਾ ਮਰਦਾ ਰਹੇਗਾ। ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

ਮਹਾਰਾਜ ਕਹਿੰਦੇ ਪ੍ਰੇਮੀਓ! ਅਸਲੀ ਮੈਲ ਤਾਂ ਇਹਦੇ ਉੱਤੇ ਹਉਮੈ ਦੀ ਚੜ੍ਹੀ ਹੋਈ ਹੈ। ਜਦ ਤੱਕ ਹਉਮੈ ਦੇ ਨਾਲ ਮੈਲਾ ਹੈ ਮਨ ਓਨਾਂ ਚਿਰ ਤੱਕ ਸਰੀਰ ਸ਼ੁੱਧ ਨਹੀਂ ਹੋਇਆ ਕਰਦਾਪ ਸਰੀਰ ਤਾਂ ਵੈਸੇ ਹੀ ਸ਼ੁੱਧ ਨਹੀਂ ਹੋਣਾ।

ਇੱਕ ਕੋਈ ਜੱਟ ਸੀ ਪੰਡਤ ਜੀ ਦੇ ਪਾਸ ਗਿਆ। ਕਹਿਣ ਲੱਗਿਆ, ਪੰਡਤ ਜੀ! ਇੱਕ ਗੱਲ ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਮੂੰਹ ਵੀ ਸ਼ੁੱਧ ਹੋ ਜਾਂਦਾ ਹੈ? ਕਹਿੰਦੇ ਹਾਂ। ਕਹਿੰਦੇ, ਕਿਵੇਂ? ਕਹਿੰਦੇ, ਇਸ ਤਰ੍ਹਾਂ ਸੂਰ ਜਿਵੇਂ ਮਿੱਟੀ ਪੁੱਟ ਦੇਵੇ ਨਾ, ਉਹ ਮਿੱਟੀ

ਸਾਰੀ ਹੀ ਲੈ ਆਓ ਚੁੱਕ ਕੇ ਤੇ ਸਵਾ ਮਣ ਤੋਲ 'ਚ ਹੋਣੀ ਚਾਹੀਦੀ ਹੈ। ਕਿਸੇ ਚਲਦੇ ਖੂਹ ਦੇ ਮੌਣ ਦੇ ਕੋਲ ਬਹਿ ਜਾਓ। ਸਵਾ ਮਣ ਮਿੱਟੀ ਦੀ ਦਾਤਨ ਕਰੋ, ਉਂਗਲੀ ਲਬੇੜ ਲਓ ਦੰਦਾਂ ਤੇ ਫੇਰੀ ਜਾਓ। ਕੁਰਲੀ ਕਰ ਦਿਓ, ਦੁਬਾਰਾ ਫੇਰ ਲਓ। ਕਹਿੰਦੇ, ਫੇਰ ਸ਼ੁੱਧ ਹੋ ਜਾਂਦਾ ਹੈ। ਉਸ ਨੇ ਇਸੇ ਤਰ੍ਹਾਂ ਕਰਿਆ। ਸਵਾ ਮਣ ਮਿੱਟੀ ਲੈ ਆਇਆ, ਲਿਆ ਕੇ ਖੂਹ ਦੇ ਕੰਢੇ ਮੌਣ 'ਤੇ ਬੈਠ ਗਿਆ। ਖੂਹ ਚਲਦਾ ਸੀ ਤੇ ਸਵੇਰ ਦਾ ਕੁਰਲੀਆਂ ਕਰਨ ਲੱਗਿਆ ਤੇ ਕਿਤੇ ਤੀਜੇ ਪਹਿਰ ਮਿੱਟੀ ਮੁੱਕੀ ਓਹਦੀ। ਕੁਦਰਤੀ ਪੰਡਤ ਜੀ ਆ ਗਏ। ਪੰਡਤ ਜੀ ਆਏ ਤਾਂ ਕਹਿਣ ਲੱਗਿਆ ਕਿ ਮੈਂ ਤਾਂ ਦੇਖੋ ਕਿੰਨੇ ਘੰਟੇ ਲੱਗਿਆ ਰਿਹਾ ਤਾਂ ਜਾ ਕੇ ਕਿਤੇ ਮਿੱਟੀ ਮੁੱਕੀ ਹੈ। ਉਸ ਵੇਲੇ ਉਹਨੇ ਊਂਜਲ ਮੂੰਹ ਦੇ ਵਿੱਚ ਪਾਣੀ ਦਾ ਪਾ ਲਿਆ ਤੇ ਕੁਰਲੀ ਭਰ ਕੇ ਪੰਡਤ ਦੇ ਉੱਤੇ ਸੁੱਟ ਦਿਤੀ। ਕਹਿਣ ਲੱਗਿਆ, ਅਰੇ ਦੁਸ਼ਟ! ਨੀਚ! ਇਹ ਕੀ ਕੰਮ ਕਰਿਆ ਹੈ, ਮੇਰੇ ਸਾਰੇ ਵਸਤਰ ਅਪਵਿੱਤਰ ਕਰ ਦਿੱਤੇ। ਕਹਿੰਦੇ, ਪੰਡਤ ਜੀ, ਮੈਂ ਤਾਂ ਸਵਾ ਮਣ ਮਿੱਟੀ ਮਲ ਕੇ ਮੂੰਹ ਪਵਿੱਤਰ ਕਰਿਆ ਹੈ। ਤੁਸੀਂਓਂ ਕਹਿੰਦੇ ਸੀ ਕਿ ਪਵਿੱਤਰ ਹੋ ਜਾਂਦਾ ਹੈ। ਸਰੀਰ ਤਾਂ ਕਦੇ ਪਵਿੱਤਰ ਨਹੀਂ ਹੁੰਦਾ, ਥੋੜ੍ਹੀ ਦੇਰ ਵਾਸਤੇ ਹੁੰਦਾ ਹੈ ਫੇਰ ਮੈਲਾ ਹੋ ਜਾਂਦਾ ਹੈ, ਕਿਉਂਕਿ ਇਹਦੇ ਅੰਦਰ ਮੈਲ ਪਈ ਹੈ, ਬੇਅੰਤ ਮੈਲ ਹੈ ਇਹਦੇ ਅੰਦਰ। ਮੈਲਾ ਸਰੀਰ ਹੈ। ਗਲਤੀ ਨਾਲ ਅਸੀਂ ਇਹਨੂੰ ਚੰਗਾ ਸਮਝਦੇ ਹਾਂ, ਇਹ ਚੰਗਾ ਤਾਂ ਤਾਂ ਹੀ ਹੈ–

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥***
***ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ – ੩੭੪***

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥***
***ਅਵਰ ਵਸਤੁ ਤੁਝ ਪਾਹਿ ਅਮਾਨ ॥***
***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ – ੩੭੪***

ਬਾਕੀ ਤਾਂ ਅਮਾਨਤਾਂ ਨੇ, ਵਿਸ਼ਟਾ ਤੇ ਗੰਦ-ਮੰਦ ਨੂੰ ਪਲਾਸਟਿਕ ਦੇ ਥੈਲੇ 'ਚ ਰੱਖ ਕੇ ਇਹਨੂੰ ਪਵਿੱਤਰ ਬਣਾਈ ਫਿਰਦਾ ਹੈਂ, ਕਿਹੜੇ ਪਾਸਿਓਂ ਪਵਿੱਤਰ ਹੈ ਸਰੀਰ। ਥੋੜ੍ਹੀ ਜਿਹੀ ਗਰਮੀ ਆ ਜਾਵੇ ਸਰੀਰ ਨੂੰ, ਅੰਦਰੋਂ ਜ਼ਹਿਰ ਨਿਕਲਦੀ ਹੈ, ਸਾਢੇ ਤਿੰਨ ਕਰੋੜ ਰੋਮ 'ਚੋਂ। ਹਰ ਵਕਤ ਮੈਲਾ ਰਹਿੰਦਾ ਹੈ, ਕਪੜੇ ਮੈਲੇ ਰਹਿੰਦੇ ਨੇ ਤੇ ਇਹ ਤਾਂ ਪਵਿੱਤਰ ਹੋ ਹੀ ਨਹੀਂ ਸਕਦਾ। ਮਹਾਰਾਜ ਕਹਿੰਦੇ, ਇਹਨੂੰ ਵੈਸੇ ਧੋਣਾ ਚਾਹੀਦਾ ਹੈ, ਸਮੇਂ-ਸਮੇਂ ਸਿਰ ਤਾਂ ਕਿ ਇਹ ਮੈਲ ਸਰੀਰ ਦੀ ਚਮੜੀ ਨੂੰ ਨਾ ਖਰਾਬ ਕਰ ਦੇਵੇ ਤੇ ਕੋਈ ਬਿਮਾਰੀ ਨਾ ਪੈ ਜਾਵੇ, ਕਿਉਂਕਿ ਜ਼ਹਿਰ ਹੁੰਦੀ ਹੈ। ਇਹਦਾ ਸੁੱਚ ਨਾਲ ਸਬੰਧ ਨਹੀਂ ਹੈ। ਸੁੱਚ ਨਾਲ ਸਬੰਧ ਹੈ ਮਨ ਦਾ। ਮਨ ਵਿੱਚ ਜੇ ਹਉਮੈ ਦਾ ਭੰਡਾਰਾ, ਪਹਾੜ ਪਿਆ ਹੈ, ਕਹਿੰਦੇ ਫੇਰ ਤਾਂ ਉਹ ਨਿਰਾ ਹੀ ਮੈਲਾ ਹੈ। ਹਉਮੈ ਦੇ ਵਿੱਚ ਹੀ ਕ੍ਰੋਧ ਹੈ, ਹਉਮੈ ਦੇ ਵਿੱਚ ਹੀ ਵਿਰੋਧ ਹੈ। ਹਉਮੈ ਵਿੱਚ ਹੀ ਲੋਭ ਹੈ, ਹਉਮੈ ਵਿੱਚ ਹੀ ਮੋਹ ਹੈ, ਅਹੰਕਾਰ ਹੈ, ਈਰਖਾ, ਨਿੰਦਿਆ ਚੁਗਲੀ ਇਹ ਸਭ ਹਉਮੈ ਦੀਆਂ ਕੀਤੀਆਂ ਹੋਈਆਂ ਚੀਜ਼ਾਂ ਨੇ। ਹਉਮੈ ਵਿੱਚ ਪਾਪ ਨੇ, ਹਉਮੈ ਵਿੱਚ ਪੁੰਨ ਨੇ, ਹਉਮੈ ਵਿੱਚ ਕੂੜਿਆਰ ਹੈ, ਹਉਮੈ ਵਿੱਚ ਸਚਿਆਰ ਹੈ, ਕਹਿੰਦੇ ਇਹ ਸਭ ਹਉਮੈ ਹੈ ਜਿੰਨਾ ਚਿਰ ਇਹ ਚੀਜ਼ਾਂ ਆਦਮੀ ਦੇ ਅੰਦਰ ਨੇ, ਓਨਾਂ ਚਿਰ ਮੈਲ ਹੈ। ਇਹ ਮੈਲ ਨੂੰ ਦੂਰ ਕਰਨ ਵਾਸਤੇ ਤੀਰਥਾਂ 'ਚ ਤਾਕਤ ਨਹੀਂ ਹੈ।

***ਧਾਰਨਾ – ਮੈਲ ਹਉਮੈ ਦੀ ਕਦੇ ਨਾ ਜਾਵੇ,***
***ਤੀਰਥ ਭਾਵੇਂ ਲਾ ਲੈ ਸੈਂਕੜੇ।***

ਕਹਿਣ ਲੱਗੇ, ਪ੍ਰੇਮੀਓਂ! ਤੀਰਥਾਂ ਦੇ ਨਾਹੁੰਣ ਨਾਲ ਮਨ ਦੀ ਮੈਲ ਨਹੀਂ ਜਾਇਆ ਕਰਦੀ, ਮਨ ਜੇ ਮੈਲਾ ਹੈ ਤਾਂ –

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ – ੫੫੮***

ਤਨ ਦੇ ਧੋਣ ਨਾਲ ਮਨ ਹੱਛਾ ਨਹੀਂ ਹੁੰਦਾ –

***ਜਗਿ ਹਉਮੈ ਮੈਲੁ ਦੁਖੁ ਪਾਇਆ***
***ਮਲੁ ਲਾਗੀ ਦੂਜੈ ਭਾਇ ॥ ਅੰਗ – ੩੯***

ਜਿਹੜੀ ਦ੍ਵੈਤ ਹੈ ਨਾ ਸਾਡੇ ਅੰਦਰ, ਉਹ ਮੇਰਾ ਉਹ ਬੇਗਾਨਾ। ਇਹ ਮੈਲ ਲੱਗੀ ਹੋਈ ਹੈ ਮਨ ਨੂੰ। ਦੂਜਾ ਭਾਵ ਹੈ ਇਹ। ਕਹਿੰਦੇ, ਉਹਦੀ ਮੈਲ ਨਹੀਂ ਲਹਿੰਦੀ।

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ – ੨੭੮***

ਵੈਰੀ ਹੈ ਜੀ ਇਹ ਸਾਡਾ। ਇਹ ਸਾਡਾ ਮਿੱਤਰ ਹੈ ਜੀ, ਕਹਿੰਦੇ ਨਿਹਚਲ ਹੀ ਨਹੀਂ ਚਿੱਤ। ਸੋ –

***ਮਲੁ ਹਉਮੈ ਧੋਤੀ ਕਿਵੈ ਨ ਉਤਰੈ***
***ਜੇ ਸਉ ਤੀਰਥ ਨਾਇ ॥ ਅੰਗ – ੩੯***

ਕਹਿੰਦੇ ਸੈਂਕੜੇ ਤੀਰਥ ਨਹਾ ਲੈ। ਕੋਈ ਤਰੀਕਾ ਨਹੀਂ ਕਿ ਹਉਮੈ ਨੂੰ ਦੂਰ ਕਰ ਦੇਵਾ।

***ਬਹੁ ਬਿਧਿ ਕਰਮ ਕਮਾਵਦੇ***
***ਦੂਣੀ ਮਲੁ ਲਾਗੀ ਆਇ ॥ ਅੰਗ – ੩੯***

ਕਰਮ ਕਰਦਾ ਹੈ ਆਦਮੀ, ਨੇਕ ਕਰਮ ਕਰਦਾ ਹੈ। ਨੇਕ ਕਰਮ ਹੁੰਦੇ ਤਾਂ ਚੰਗੇ ਨੇ ਜਦ ਮੈਂ ਕਰਦਾ ਹਾਂ ਕਹਿੰਦਾ ਹੈ ਤਾਂ ਫੇਰ ਮੈਲ ਲਗ ਜਾਂਦੀ ਹੈ ਤੇ ਕਿਤਾਬਾਂ ਬੇਅੰਤ ਪੜ੍ਹਦਾ ਹੈ। ਬੜੀ ਪੜ੍ਹਾਈ ਕਰਦਾ ਹੈ, ਬੜੇ ਪਾਠ ਕਰਦਾ ਹੈ। ਮਹਾਰਾਜ ਕਹਿੰਦੇ –

***ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥***
***ਅੰਗ – ੩੯***

ਜਿਨ੍ਹਾਂ ਦੀ ਮੈਲ ਉਤਰੀ ਹੋਈ ਹੈ ਉਨ੍ਹਾਂ ਨੂੰ ਪੁਛੋ ਜਾ ਕੇ –

***ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥***
***ਅੰਗ – ੩੯***

ਗੁਰੂ ਦੀ ਸ਼ਰਨ ਵਿੱਚ ਜਦ ਇਹ ਆ ਜਾਂਦਾ ਹੈ, ਗੁਰੂ ਦਾ ਬਚਨ ਕਮਾਉਂਦਾ ਹੈ। ਫੇਰ ਇਹ ਨਿਰਮਲ ਹੁੰਦਾ ਹੈ।

***ਮਨਮੁਖ ਹਰਿ ਹਰਿ ਕਰਿ ਥਕੇ***
***ਮੈਲੁ ਨ ਸਕੀ ਧੋਇ ॥ ਅੰਗ – ੩੯***

ਜਿਨ੍ਹਾਂ ਦੀ ਗੁਰੂ ਦੇ ਨਾਲ ਬਣਦੀ ਨਹੀਂ ਹੈ, ਗੁਰੂ ਉੱਤੇ 100% ਭਰੋਸਾ ਨਹੀਂ ਜਿਨ੍ਹਾਂ ਦਾ ਆਇਆ। ਮਨ ਨੂੰ ਮੂਹਰੇ ਰੱਖਦੇ ਨੇ, ਸਾਰਾ ਸੰਸਾਰ ਰਖਦਾ ਹੈ। ਮਨ 'ਚ ਚਿੰਤਾ ਕਿਉਂ ਆਉਂਦੀ ਹੈ। ਮਨ 'ਚ ਘਬਰਾਹਟ ਕਿਉਂ ਆਉਂਦੀ ਹੈ, ਤਾਂ ਹੀ ਆਉਂਦੀ ਹੈ ਜੇ ਗੁਰੂ ਦੇ ਉੱਤੇ ਵਿਸ਼ਵਾਸ਼ ਨਹੀਂ ਹੈ। ਜੇ ਗੁਰੂ 'ਤੇ ਵਿਸ਼ਵਾਸ਼ ਹੋਵੇ, ਮਾੜੀ ਗੱਲ ਹੋ ਜਾਵੇ, ਗੁਰੂ ਕਹਿੰਦਾ ਭਾਈ –

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥ ਅੰਗ - ੧*

ਕਾਹਨੂੰ ਚਿੰਤਾ ਕਰਦਾ ਹੈਂ ਅਕਾਲ ਪੁਰਖ ਦਾ ਹੁਕਮ ਹੀ ਐਸਾ ਹੈ। ਜਦ ਆਦਮੀ ਚਲਦਾ ਹੀ ਮਨ ਦੇ ਪਿੱਛੇ ਹੈ, ਦਿਨ ਰਾਤ ਸਾਰਾ ਸੰਸਾਰ, ਕੀ ਧਰਮੀ ਕੀ ਦੂਜੇ ਸਭ ਮਨ ਦੇ ਪਿੱਛੇ ਲੱਗੇ ਹੋਏ ਨੇ ਤੇ ਮਨ ਦੇ ਪਿੱਛੇ ਲਗਣ ਵਾਲੇ ਜੇ ਹਰਿ-ਹਰਿ ਕਰਦੇ ਨੇ, ਵਾਹਿਗੁਰੂ-ਵਾਹਿਗੁਰੂ ਕਰਦੇ ਨੇ, ਉਨ੍ਹਾਂ ਦੀ ਮੈਲ ਧੋਤੀ ਨਾ ਗਈ।

*ਮਨਿ ਮੈਲੈ ਭਗਤਿ ਨ ਹੋਵਈ*
*ਨਾਮੁ ਨ ਪਾਇਆ ਜਾਇ ॥ ਅੰਗ - ੩੯*

ਹੁਣ ਮਹਾਰਾਜ ਕਹਿੰਦੇ ਨਾ ਤਾਂ ਨਾਮ ਦੀ ਪ੍ਰਾਪਤੀ ਹੋਣੀ ਹੈ ਤੇ ਨਾ ਭਗਤੀ ਹੁੰਦੀ ਹੈ, ਨੌਂ ਕਿਸਮ ਦੀ ਭਗਤੀ ਹੈ -

*ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥*
*ਗੁਰ ਪਰਸਾਦੀ ਮਨਿ ਵਸੈ*
*ਮਲੁ ਹਉਮੈ ਜਾਇ ਸਮਾਇ ॥*
*ਜਿਉ ਅੰਧੇਰੈ ਦੀਪਕੁ ਬਾਲੀਐ*
*ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥*
*ਅੰਗ - ੩੯*

ਜੇ ਗੁਰੂ ਦੇ ਸ਼ਬਦ ਦੀ ਕਮਾਈ ਹੋ ਜਾਵੇ, ਸਹੀ ਤਰੀਕੇ ਨਾਲ। ਤਾਂ ਜਿਵੇਂ ਹਨ੍ਹੇਰੇ 'ਚ ਦੀਵਾ ਬਾਲਦੇ ਨੇ, ਐਉਂ ਮੈਲ ਲਹਿ ਜਾਂਦੀ ਹੈ। ਬਾਕੀ ਹੋਰ ਜਿਹੜੇ ਤੀਰਥ ਨੇ, ਤੀਰਥ ਪਵਿੱਤਰ ਨੇ, ਠੀਕ ਹੈ ਸ਼ੁੱਧ ਥਾਉਂ ਹੁੰਦਾ ਹੈ ਮਹਾਂਪੁਰਸ਼ਾਂ ਦਾ ਉਥੇ, ਚਰਨ ਪਏ ਹੁੰਦੇ ਨੇ। ਸ਼ਰਧਾ ਉਪਜਦੀ ਹੈ ਪਰ ਵਿਧੀ ਨਾਲ ਜੇ ਤੀਰਥ ਨਾ ਕਰੇ ਫਲ ਨਹੀਂ ਹੋਇਆ ਕਰਦਾ। ਜੇ ਐਵੇਂ ਹੀ ਕਹੀਏ ਕਿ ਅਸੀਂ ਗੰਗਾ ਦਾ ਪਾਣੀ ਪੀਈ ਜਾਈਏ, ਉਹਦੇ ਕੰਢੇ 'ਤੇ ਰਹਿ ਕੇ ਸਾਡੀ ਮੁਕਤੀ ਹੋ ਜਾਏਗੀ, ਮਹਾਰਾਜ ਕਹਿੰਦੇ ਆਹ ਗੱਲ ਤੂੰ ਸੋਚ ਨਾ-

*ਧਾਰਨਾ - ਭਾਵੇਂ ਗੰਗਾ ਦੇ ਕਿਨਾਰੇ ਘਰ ਪਾ ਲੈ,*
*ਮੁਕਤੀ ਨਾ ਹੋਣੀ ਨਾਮ ਤੋਂ ਬਿਨਾਂ।*

*ਕਬੀਰ ਗੰਗਾ ਤੀਰ ਜੁ ਘਰੁ ਕਰਹਿ*
*ਪੀਵਹਿ ਨਿਰਮਲ ਨੀਰੁ ॥*
*ਬਿਨੁ ਹਰਿ ਭਗਤਿ ਨ ਮੁਕਤਿ ਹੋਇ*
*ਇਉ ਕਹਿ ਰਮੇ ਕਬੀਰ ॥ ਅੰਗ - ੧੩੬੭*

ਐਸਾ ਭੁਲੇਖਾ ਕਿ ਹਰਿਦੁਆਰ ਜਾ ਕੇ ਵਸ ਜਾਈਏ, ਫਲਾਣੇ ਤੀਰਥ ਦੇ ਵਸ ਜਾਈਏ, ੬੮ ਤੀਰਥ, ਬੇਅੰਤ ਤੀਰਥ ਨੇ। ਤੀਰਥ 'ਤੇ ਵਸਣ ਨਾਲ ਨਹੀਂ ਕੁਛ ਹੁੰਦਾ ਹੈ, ਜਦ ਤੱਕ ਅੰਦਰ ਨਾਮ ਦੀ ਰੌਂ ਨਾ ਚੱਲੇ, ਨਾਮ ਦੀ ਸਮਝ ਨਾ ਆਵੇ, ਨਾਮ ਦਾ ਨਿਵਾਸ ਨਾ ਹੋਵੇ, ਨਾਮ ਦੀ ਪ੍ਰਾਪਤੀ ਨਾ ਹੋਵੇ, ਨਾਮ ਦਾ ਪ੍ਰਕਾਸ਼ ਨਾ ਹੋਵੇ।

ਸੋ ਬੇਨਤੀ ਕਰਨ ਲੱਗੇ ਕਿ ਪਾਤਸ਼ਾਹ! ਐਹ ਤਾਂ ਗੱਲ ਅਸੀਂ ਕਦੇ ਸੋਚੀ ਨਹੀਂ ਅਸੀਂ ਤਾਂ ਲਕੀਰ ਦੇ ਫਕੀਰ ਸੈਂਕੜੇ ਮੀਲਾਂ ਤੋਂ, ਲੰਕਾ ਤੱਕ ਦੇ ਬੰਦੇ ਇੱਥੇ ਆਏ ਹੋਏ ਨੇ। ਏਧਰ ਬ੍ਰਹਮਾ ਤੱਕ, ਅਫਗਾਨਿਸਤਾਨ, ਏਧਰ ਦੂਰ ਤੱਕ ਪਹਾੜਾਂ ਦੇ ਵਿਚੋਂ ਸਾਰੇ ਆ ਕੇ ਇੱਥੇ ਬੈਠੇ ਨੇ, ਏਸ ਆਸ ਨਾਲ ਕਿ ਗੰਗਾ ਇਸ਼ਨਾਨ ਕਰਾਂਗੇ ਸਾਡੀ ਮੁਕਤੀ ਹੋ ਜਾਏਗੀ। ਮੈਲ ਲਹਿ ਜਾਏਗੀ। ਮਹਾਰਾਜ ਕਹਿਣ ਲੱਗੇ, ਕਹਿੰਦੇ ਇਸ ਤਰ੍ਹਾਂ ਤਾਂ ਮੈਲ ਨਹੀਂ ਲਹਿਆ ਕਰਦੀ। ਮੈਲ ਤਾਂ ਮਨ ਨੂੰ ਲੱਗੀ ਹੋਈ ਹੈ, ਸਰੀਰ ਦੀ ਮੈਲ ਲਾਹ ਕੇ ਤਾਂ ਇਹ ਉਸੇ ਵੇਲੇ ਮੈਲਾ ਹੋ ਜਾਏਗਾ। ਕਹਿਣ ਲੱਗੇ, ਪਾਤਸ਼ਾਹ! ਜਿਹੜੀ ਪਾਪਾਂ ਦੀ ਮੈਲ ਸਾਨੂੰ ਲਗ ਗਈ, ਇਹਦਾ ਲਹਿਣ ਦਾ ਕੋਈ ਤਰੀਕਾ ਵੀ ਹੈ? ਮਹਾਰਾਜ ਕਹਿੰਦੇ ਹਾਂ ਇੱਕ ਤਰੀਕਾ ਹੈ ਜਿਹੜਾ ਬੜਾ ਜ਼ਬਰਦਸਤ ਹੈ। ਪੜ੍ਹੋ ਪਿਆਰ ਨਾਲ -

*ਧਾਰਨਾ - ਜਨਮਾਂ-ਜਨਮਾਂ ਦੇ ਪਾਪ ਲਹਿ ਜਾਣਗੇ,*
*ਧੂੜੀ ਲਾ ਕੇ ਸਾਧੂਆਂ ਦੀ।*

ਮਹਾਰਾਜ ਕਹਿਣ ਲੱਗੇ ਕਿ ਜੋ ਸਾਧੂਆਂ ਦੀ ਧੂੜੀ ਹੈ, ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ, ਇੱਕ ਚਰਨਾਂ ਦੀ ਧੂੜੀ ਇੱਕ ਮੁਖ ਦੀ ਧੂੜੀ। ਮੁੱਖ ਦੀ ਧੂੜੀ ਮਹਾਂਪੁਰਖਾਂ ਦੇ ਅਨੁਭਵੀ ਬਚਨ ਹੋਇਆ ਕਰਦੇ ਨੇ। ਉਹ ਜਦ ਕੰਨਾਂ ਦੇ ਰਾਹੀ ਹਿਰਦੇ 'ਚ ਪ੍ਰਵੇਸ਼ ਕਰਦੇ ਨੇ, ਓਸ ਵੇਲੇ ਪਾਪਾਂ ਦੇ ਪਹਾੜ ਢਹਿ ਜਾਇਆ ਕਰਦੇ ਨੇ। ਪਾਪ ਖਤਮ ਹੋ ਜਾਇਆ ਕਰਦੇ ਨੇ।

*ਜਨ ਕੀ ਟਹਲ ਸੰਭਾਖਨੁ*
*ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥*
*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ ॥ ਅੰਗ - ੮੨੮*

ਜਦੋਂ ਚਰਨਾਂ ਦੀ ਧੂੜੀ ਮੱਥੇ 'ਤੇ ਲਗ ਗਈ, ਓਸ ਵੇਲੇ ਸਾਰੀਆਂ ਆਸਾਂ ਪੂਰੀਆਂ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥ ਅੰਗ - ੮੨੮*

ਜਨ ਦਾ ਜਿਹੜਾ ਤੀਰਥ ਹੈ ਜਿਥੇ ਚਰਨ ਧਰ ਦੇਵੇ, ਕਹਿੰਦੇ ਇੱਕ ਕਰੋੜ ਗੰਗਾ ਦਾ ਫਲ ਉਥੇ ਹੋ ਜਾਇਆ ਕਰਦਾ ਹੈ।

*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ ॥ ਅੰਗ - ੮੨੮*

ਕਰੋੜਾਂ ਜਨਮਾਂ ਦੇ ਜਿਹੜੇ ਪਾਪ ਸੀਗੇ, ਉਹ ਦੂਰ ਹੋ ਜਾਂਦੇ ਨੇ। ਕਿਉਂ ਦੂਰ ਹੋ ਜਾਂਦੇ ਨੇ, ਕਿਉਂਕਿ ਪ੍ਰਮੇਸ਼ਰ ਦੇ ਪਿਆਰੇ ਵਿੱਚ ਤੇ ਪ੍ਰਮੇਸ਼ਰ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ। ਇੱਕੋ ਰੂਪ ਹੋਇਆ ਕਰਦੇ ਨੇ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ-੩੯੭*

ਉਹ ਵਾਹਿਗੁਰੂ ਵਰਗੇ ਹੀ ਹੁੰਦੇ ਨੇ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬*

ਪਾਣੀ ਵਿਚੋਂ ਲਹਿਰਾਂ ਉਠਦੀਆਂ ਨੇ, ਪਾਣੀ ਵਿੱਚ ਹੀ ਫੇਰ ਰਲ ਜਾਂਦੀਆਂ ਨੇ। ਐਉਂ ਸਾਧੂ ਹੋਇਆ ਕਰਦੇ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ*

***ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯***
***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ***

ਕਹਿੰਦਾ ਖਾਲਸਾ ਕੌਣ ਹੈ? ਜਿਹਨੂੰ ਬ੍ਰਹਮਗਿਆਨ ਦਾ ਰਸ ਆ ਗਿਆ। ਆਤਮਾ ਦਾ ਰਸ ਆ ਗਿਆ। ਪਦਵੀ ਕਿੱਡੀ ਹੋ ਗਈ ਕਹਿੰਦੇ -

***ਪ੍ਰਭ ਮਹਿ ਮੋ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ***

ਭੋਰਾ ਜਿੰਨਾ ਵੀ, ਰੰਚਕ, ਜ਼ੀਰੋ-ਜ਼ੀਰੋ ਕਹਿੰਦੇ % ਨਹੀਂ ਹੈ, ਸੌ ਵਾਰੀ ਲਿਖ ਕੇ ੧ ਲਗਾ ਦੇਈਏ। ਐਉਂ ਨਹੀਂ ਹੁੰਦਾ। ਕਹਿੰਦੇ ਕੋਈ ਵੀ ਭੇਤ ਨਹੀਂ ਹੋਇਆ ਕਰਦਾ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਸੋ ਇਹ ਤੀਰਥ ਜਿਹੜੇ ਨੇ ਕਹਿਣ ਲੱਗੇ, ਮਹਾਰਾਜ ਕਹਿੰਦੇ ਇਹ ਹੋਰ ਚੀਜ਼ ਹੈ ਇੱਥੇ ਸਾਧੂ ਆਉਂਦੇ ਨੇ। ਘਰ ਤੋਂ ਸ਼ਰਧਾ ਨਾਲ ਆਓ ਕਿ ਮਹਾਂਪੁਰਸ਼ਾਂ ਦੇ ਬਚਨ ਸੁਣਾਂਗੇ। ਇਸ਼ਨਾਨ, ਠੀਕ ਹੈ ਸਰੀਰ ਨੂੰ ਪਾਣੀ ਦੀ ਲੋੜ ਹੈ, ਇਸ਼ਨਾਨ ਕਰਨਾ ਹੈ, ਲੇਕਿਨ ਓਸ ਤੋਂ ਅੱਗੇ ਗੱਲ ਹੈ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ ॥ ਅੰਗ - ੬੧੧***

ਸਿਮਰਨ ਕਰਨਾ ਹੈ, ਨਾਮ ਜਪਣਾ ਹੈ। ਬਾਕੀ ਜਿਹੜਾ ਇਸ ਤੋਂ ਬਿਨਾਂ ਹੈ, ਨਿਰਾ ਤੀਰਥਾਂ 'ਤੇ ਬੰਦਾ ਬਦਲ ਜਾਏਗਾ। ਬੰਦਾ ਨਹੀਂ ਬਦਲਿਆ ਕਰਦਾ। ਇੱਕ ਵਾਰੀ ਕਬੀਰ ਸਾਹਿਬ ਬੈਠੇ, ਉਥੇ ਉਨ੍ਹਾਂ ਦਾ ਇੱਕ ਚੇਲਾ ਸੀ, ਸੀ ਥੋੜ੍ਹਾ ਕਰਮਕਾਂਡੀ ਕਿਉਂਕਿ ਮਹਾਤਮਾ ਕੋਲ ਰਹਿ ਕੇ ਬਹੁਤ ਸਾਰੀ ਪ੍ਰੇਮੀਆਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਸੰਤਾਂ ਕੋਲ ਕੀ ਕਰਨ ਆਏ ਹਾਂ। ਨਾ ਉਹ ਪੁੱਛਣ, ਨਾ ਉਨ੍ਹਾਂ ਨੂੰ ਪਤਾ ਹੁੰਦਾ ਹੈ। ਪ੍ਰਸ਼ਾਦ ਪਾਣੀ ਮਿਲ ਗਿਆ, ਛਕਾ ਛਕਾ ਲਿਆ ਇਧਰ ਨੂੰ ਨੱਠ ਗਏ, ਓਧਰ ਨੂੰ ਨੱਠ ਗਏ। ਓਧਰ ਕਿਤੇ ਪ੍ਰੋਗਰਾਮ, ਐਧਰ ਪ੍ਰੋਗਰਾਮ, ਅਸਲੀ ਗੱਲ ਦਾ ਨਹੀਂ ਪਤਾ ਹੁੰਦਾ। ਉਨ੍ਹਾਂ ਦੀ ਬਿਰਤੀ ਓਹੋ ਜਿਹੀ ਹੀ ਰਹਿੰਦੀ ਹੈ, ਜਿਹੋ ਜਿਹੇ ਆਏ ਹੁੰਦੇ ਨੇ ਓਹੋ ਜਿਹੇ ਵਾਪਸ ਚਲੇ ਜਾਂਦੇ ਨੇ, ਕਿਉਂਕਿ ਕੋਈ ਪਰਿਵਰਤਨ ਨਹੀਂ ਹੁੰਦਾ, ਮਨ 'ਚ ਧਾਰ ਕੇ ਨਹੀਂ ਆਉਂਦੇ ਕਿ ਮੈਂ ਬੰਦਗੀ ਕਰਨੀ ਹੈ, ਨਾਮ ਜਪਣਾ ਹੈ ਤੇ ਮੈਨੂੰ ਤਾਂ ਬੜੀ ਮੁਸ਼ਕਲ ਨਾਲ ਮੌਕਾ ਮਿਲਿਆ ਹੈ, ਸ਼ੁਕਰ ਹੈ ਮੈਨੂੰ ਦੁਨੀਆਂ ਦੇ ਬੰਧਨ ਨਹੀਂ ਪਾਏ। ਸਾਰੇ ਬੰਧਨਾਂ ਤੋਂ ਰਹਿਤ ਹੋ ਕੇ ਪ੍ਰਮੇਸ਼ਰ ਦਾ ਨਾਮ ਜਪ ਕੇ ਮੈਂ ਪਰਮਪਦ ਦੀ ਪ੍ਰਾਪਤੀ ਕਰਨੀ ਹੈ। ਕੋਈ ਵਿਰਲਾ ਹੈ ਜਿਹਨੂੰ ਇਹ ਸੋਝੀ ਹੋਵੇ। ਸੋ ਬਾਕੀ ਬੇਅੰਤ ਕਿਸਮ ਦੇ ਮਹਾਤਮਾ ਦੇ ਕੋਲ ਬੰਦੇ ਰਹਿੰਦੇ ਨੇ। ਤਮੋ ਗੁਣ ਬਿਰਤੀ ਦੇ ਵੀ ਰਹਿੰਦੇ ਹਨ, ਰਜੋ ਗੁਣ ਦੇ ਵੀ ਰਹਿੰਦੇ ਹਨ, ਸਤੋ ਗੁਣ ਦੇ ਵੀ ਰਹਿੰਦੇ ਨੇ, ਮਹਾਤਮਾ ਨਿਰਲੇਪ ਹੁੰਦੇ ਨੇ, ਜਿਸ ਤਰ੍ਹਾਂ ਵਾਹਿਗੁਰੂ ਸਾਰਿਆਂ ਦੇ ਅੰਦਰ ਰਹਿੰਦਾ ਹੈ ਪਰ ਸਾਰੇ ਤਾਂ ਨਹੀਂ ਸਾਧੂ ਹੋਇਆ ਕਰਦੇ। ਵਾਹਿਗੁਰੂ ਕੋਲ ਰਹਿੰਦਾ ਹੈ, ਨਾਲ ਰਹਿੰਦਾ ਹੈ ਲੇਕਿਨ ਪਾਪੀ ਵੀ ਹੁੰਦੇ ਨੇ, ਮਾੜੇ ਵੀ ਹੁੰਦੇ ਨੇ, ਕਾਮੀ ਵੀ ਹੁੰਦੇ ਨੇ, ਕਪਟ ਕਰਨ ਵਾਲੇ ਵੀ ਹੁੰਦੇ ਨੇ. ਛਲ ਕਰਨ ਵਾਲੇ, ਧੋਖੇ ਦੇਣ ਵਾਲੇ, ਫਿੱਕਾ ਬੋਲਣ ਵਾਲੇ, ਵਾਹਿਗੁਰੂ ਤਾਂ ਨਾਲ ਰਹਿੰਦਾ ਹੈ, ਸਾਰੀ ਸੱਤਾ ਓਹਦੀ ਹੈ। ਇਸ ਤਰ੍ਹਾਂ ਮਹਾਤਮਾ ਦੇ ਕੋਲ ਰਹਿ ਕੇ ਜਦ ਤਕ ਰੁਖ ਨਹੀਂ ਬਣਦਾ, ਓਨੀਂ ਦੇਰ ਤੱਕ ਮਹਾਤਮਾ ਦਾ ਜਿਹੜਾ ਅਸਰ ਹੈ positive mind ਨਹੀਂ ਉਨ੍ਹਾਂ ਦਾ ਵੀ ਹੋਇਆ ਕਰਦਾ। ਕੁਛ ਲੈਣ ਦੀ ਤੀਬਰ ਇੱਛਾ ਨਹੀਂ ਜਾਗਦੀ ਤੇ ਉਥੇ ਹੀ ਰਹਿ ਜਾਂਦਾ ਹੈ, ਥੋੜ੍ਹਾ ਬਹੁਤਾ ਫਲ ਰਹਿ ਜਾਂਦਾ ਹੈ. ਸੇਵਾ ਦਾ। ਕਬੀਰ ਸਾਹਿਬ ਨੂੰ ਕਹਿਣ ਲੱਗਿਆ, ਮਹਾਰਾਜ! ਤੁਸੀਂ ਆਪ ਤਾਂ ਤੀਰਥਾਂ 'ਤੇ ਨਾਹੁੰਣ ਨਹੀਂ ਜਾਂਦੇ ਤੇ ਨਾ ਤੁਸੀਂ ਮੈਨੂੰ ਨਾਹੁੰਣ ਜਾਣ ਦਿੰਦੇ ਓਂ। ਕਬੀਰ ਸਾਹਿਬ ਕਹਿੰਦੇ, ਕੀ ਲੈਣਾ ਹੈ ਨਾਹ ਕੇ, ਐਵੇਂ ਖੇਚਲ ਕਰਦੇ ਓਂ। ਬਾਕੀ ਤਮੋ ਗੁਣਾ ਵਧ ਜਾਂਦਾ ਹੈ, ਥਕੇਵਾਂ ਵਧ ਜਾਂਦਾ ਹੈ, ਰਸ ਨਾਮ ਦੀ ਚੀਜ਼ ਸਾਰੀ ਖਤਮ ਹੋ ਜਾਂਦੀ ਹੈ। ਮਹੀਨਾ ਭਰ ਆ ਕੇ ਮਨ ਨਹੀਂ ਲਗਦਾ। ਓਹੀ ਸੰਸਕਾਰ, ਆਲੇ-ਦੁਆਲੇ ਦੀਆਂ ਲੋੜਾਂ, ਘੱਟ ਵੱਧ ਕਿਸੇ ਨੇ ਕੌੜਾ ਬੋਲ ਦਿੱਤਾ, ਕਿਸੇ ਨੇ ਕੁਛ ਕਰ ਦਿੱਤਾ ਕਿਸੇ ਨੇ ਕੁਛ। ਓਹੀ ਸੰਸਕਾਰ ਲੈ ਕੇ ਆ ਜਾਂਦਾ ਹੈ ਬੰਦਾ। ਬਿਰਤੀ ਹਿੱਲ ਜਾਂਦੀ ਹੈ, ਇਸ ਲਈ ਰਹਿਣ ਦਿਓ। ਬਹੁਤ ਹੱਠ ਕਰਿਆ। ਕਹਿੰਦੇ ਚੰਗਾ, ਫੇਰ ਐਉਂ ਕਰੀਂ ਫੇਰ ਸਾਡਾ ਵੀ ਇੱਕ ਕੰਮ ਕਰ ਲਿਆਈਂ। ਕੌੜ ਤੂੰਬੀ ਦੇ ਦਿੱਤੀ, ਕਹਿੰਦੇ ਇਹਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਾਈਂ, ਜਿਥੇ ਤੂੰ ਕਰੇਂਗਾ। ਸੋ ਸਾਲ ਭਰ ਤੋਂ ਬਾਅਦ ਆਇਆ, ਜਿੱਥੇ ਜਾਵੇ ਸਾਧੂਆਂ ਦੀ ਜਮਾਤ ਨਾਲ ਰਲ ਗਿਆ ਤੇ ਜਿੱਥੇ ਜਾਂਦਾ ਹੈ ਕਬੀਰ ਸਾਹਿਬ ਦੀ ਤੂੰਬੀ ਦਾ ਜ਼ਰੂਰ ਇਸ਼ਨਾਨ ਕਰਾਉਂਦਾ ਹੈ। ਉਹਦੇ ਬਾਅਦ ਜਦ ਕਬੀਰ ਸਾਹਿਬ ਦੇ ਕੋਲ ਆ ਗਏ, ਮਹਾਤਮਾ ਵੀ ਸਾਰੇ ਆ ਗਏ, ਕਹਿੰਦੇ ਕਿਉਂ ਭਾਈ, ਕਰ ਆਏ ਤੀਰਥਾਂ 'ਤੇ ਇਸ਼ਨਾਨ? ਕਹਿੰਦੇ ਹਾਂ ਜੀ। ਨਿਰਮਲ ਜਲ ਪੀਤਾ ਹੈ, ਤੀਰਥਾਂ 'ਤੇ ਇਸ਼ਨਾਨ ਕਰਿਆ ਹੈ ਤੇ ਕਹਿਣ ਲੱਗੇ ਕਿ ਤੂੰਬੀ ਨੂੰ ਵੀ ਇਸ਼ਨਾਨ ਕਰਾ ਲਿਆ? ਕਹਿੰਦੇ ਹਾਂ। ਕਹਿੰਦੇ ਹੁਣ ਤਾਂ ਇਹ ਫੇਰ ਮਹਾਂ-ਪਵਿੱਤਰ ਹੋ ਗਈ, ਨਮਸ਼ਕਾਰ ਕਰਨ ਜੋਗੀ ਹੋ ਗਈ, ਲਾਂਗਰੀ ਨੂੰ ਬੁਲਾਇਆ ਕਹਿੰਦੇ ਐਉਂ ਕਰ ਇਹ ਉੱਤਮ ਪ੍ਰਸ਼ਾਦ ਬਣ ਗਿਆ, ਤੀਰਥਾਂ 'ਤੇ ਇਸ਼ਨਾਨ ਕਰਕੇ। ਤੂੰ ਇਹਦੀ ਸਬਜ਼ੀ ਬਣਾ ਲਿਆ। ਲੰਗਰ 'ਚ ਚਮਚਾ-ਚਮਚਾ ਵਰਤਾਅ ਦੇਈਂ ਸਾਰਿਆਂ ਨੂੰ। ਸੋ ਲੰਗਰ ਤਿਆਰ ਹੋ ਗਿਆ, ਜਿੱਥੇ ਹੋਰ ਪ੍ਰਸ਼ਾਦੇ ਦਿੱਤੇ ਉਥੇ ਨਾਲ ਚਟਨੀ ਵਾਂਗੂੰ ਉਹ ਵੀ ਮਾੜੀ-ਮਾੜੀ ਸਾਰਿਆਂ ਨੂੰ ਵਰਤਾ ਦੇਈਂ। ਜਦੋਂ ਵਰਤਾਈ, ਓਸ ਵੇਲੇ ਜਿਹਦੇ ਮੂੰਹ 'ਚ ਜਾਂਦਾ ਹੈ ਪ੍ਰਸ਼ਾਦ, ਉਹ ਉੱਠ ਕੇ ਨੱਠਦਾ ਹੈ ਥੁੱਕਣ। ਥੂ-ਥੂ ਹੋਣ ਲਗ ਗਈ। ਕਹਿੰਦੇ, ਕਿਉਂ ਬਈ ਪ੍ਰੇਮੀਓ ਇਹ ਕੀ ਕਰਨ ਲਗ ਗਏ ਤੁਸੀਂ? ਇਹ ਤਾਂ ੬੮ ਤੀਰਥਾਂ ਦਾ ਇਸ਼ਨਾਨ ਕਰਕੇ ਆਈ ਹੈ। ਇਹ ਤਾਂ ਬਦਲ ਜਾਣੀ ਚਾਹੀਦੀ ਸੀ। ਕਹਿੰਦੇ, ਮਹਾਰਾਜ! ਇਹ ਤਾਂ ਕੌੜੀ ਦੀ ਕੌੜੀ ਪਈ ਹੈ। ਉਸ ਵੇਲੇ ਆਪ ਨੇ ਐਸਾ ਫੁਰਮਾਨ ਕਰਿਆ -

(ਬਾਕੀ ਪੰਨਾ 37 'ਤੇ)

# 'ਆਤਮ ਮਾਰਗ'

**(ਲੜੀ ਜੋੜਨ ਲਈ ਅੰਗ** 36 **ਅੰਕ ਜੂਨ** 2009)

ਵਾਹਿਗੁਰੂ ਜੀ ਦੇ ਬਾਰੇ ਗਿਆਨ ਦੇਣ ਵਾਲੇ ਸਾਸ਼ਤਰ, ਪੁਰਾਨ, ਕੁਰਾਨ, ਅੰਜੀਲ, ਜੰਬੂਰ, ਬਾਈਬਲ, ਸੰਤ ਬਾਣੀ, ਗੁਰਬਾਣੀ ਸਭ ਸਤਿਕਾਰਯੋਗ ਤੇ ਇਕੋ ਹਨ। ਇਸੇ ਭਾਵ ਨੂੰ ਪ੍ਰਗਟ ਕਰਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਅੱਗ ਦੇ ਵਿਚੋਂ ਚੰਗਿਆੜੇ ਉਠਦੇ ਹਨ, ਕੋਈ ਚੰਗਿਆੜਾ ਛੋਟਾ ਹੈ ਕੋਈ ਵੱਡਾ ਹੈ, ਕਿਸੇ ਦੀ ਰੋਸ਼ਨੀ ਉਸੇ ਵੇਲੇ ਬੁਝ ਜਾਂਦੀ ਹੈ ਪਰ ਉਹ ਸਾਰੇ ਅੱਗ ਵਿਚੋਂ ਉਠਦੇ ਹਨ ਅਤੇ ਫੇਰ ਅੱਗ ਵਿਚ ਹੀ ਮਿਲ ਜਾਂਦੇ ਹਨ। ਇਸੇ ਤਰ੍ਹਾਂ ਇਕ ਧੂਲ ਤੋਂ ਇਕ ਮਿੱਟੀ ਤੋਂ ਅਨੇਕਾਂ ਹੀ ਉਠਦੇ ਜ਼ਰੇ ਵਖਰੇ ਪ੍ਰਤੀਤ ਦਿੰਦੇ ਹਨ ਪਰ ਫੇਰ ਉਸ ਵਿਚ ਹੀ ਸਮਾਅ ਜਾਂਦੇ ਹਨ। ਇਸੇ ਤਰ੍ਹਾਂ ਸਮੁੰਦਰ ਤੇ, ਨਦੀ ਤੇ ਅਨੇਕਾਂ ਪਾਣੀ ਦੀਆਂ ਲਹਿਰਾਂ ਉਠ ਰਹੀਆਂ ਹਨ ਦੇਖਣ ਵਿਚ ਵੱਖਰੀਆਂ-ਵੱਖਰੀਆਂ ਲਗਦੀਆਂ ਹਨ ਪਰ ਇਹ ਪਾਣੀ ਵਿਚੋਂ ਉਠ ਕੇ ਪਾਣੀ ਵਿਚ ਹੀ ਸਮਾਅ ਜਾਂਦੀਆਂ ਹਨ। ਇਸੇ ਤਰ੍ਹਾਂ ਨਾਲ ਵਾਹਿਗੁਰੂ ਜੀ ਅਨੇਕਾਂ ਸੂਖਮ ਅਤੇ ਸਥੂਲ ਅਣਗਿਣਤ ਦੇਹਾਂ ਵਿਚ ਪ੍ਰਗਟ ਹੋ ਕੇ, ਅਨੇਕਾਂ ਕੌਤਕ ਕਰਕੇ ਆਪਣੇ ਆਪ ਵਿਚ ਹੀ ਸਥਿਤ ਰਹਿੰਦੇ ਹਨ, ਸਾਰੇ ਵੱਖਰੇ-ਵੱਖਰੇ ਆਕਾਰ ਵਾਹਿਗੁਰੂ ਜੀ ਵਿਚ ਹੀ ਸਮਾਅ ਜਾਂਦੇ ਹਨ। ਸਾਰਿਆਂ ਦੀ ਉਤਪਤੀ ਸ਼ਬਦ ਵਿਚੋਂ ਹੀ ਹੁੰਦੀ ਹੈ, ਓਅੰਕਾਰ ਵਾਹਿਗੁਰੂ ਜੀ ਦਾ ਉਚਾਰਿਆ ਸ਼ਬਦ ਹੈ, ਓਅੰਕਾਰ ਵਾਹਿਗੁਰੂ ਜੀ ਹੀ ਹੈ। ਏਕੰਕਾਰ ਹੀ ਹੈ, ਇਕ ਸਾਰਿਆਂ ਦਾ ਸਾਂਝਾ ਸਿਧਾਂਤ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਇਕੋ ਅੰਗਲੀ ਸੰਗਲੀ ਵਿਚ ਪਰੋਈ ਰਖਦਾ ਹੈ ਜਿਵੇਂ ਸਾਰੇ ਮਾਲਾ ਦੇ ਮਣਕਿਆਂ ਵਿਚ ਇਕੋ ਉੱਨ ਹੁੰਦੀ ਹੈ। ਆਪ ਇਸ ਗੱਲ ਉਪਰ ਜ਼ੋਰ ਦਿੰਦੇ ਹਨ ਕਿ ਇਥੇ ਇਕੋ ਵਾਹਿਗੁਰੂ ਹੈ ਹੋਰ ਕੋਈ ਤੱਤ ਨਹੀਂ ਹੈ। ਇਸ ਭਾਵ ਨੂੰ ਦਰਸਾਂਦੀ ਆਪ ਦੀ ਰਚਨਾ ਨਿਮਨ ਅਨੁਸਾਰ ਹੈ -

***ਕੋਈ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ, ਸਬੈ ਏਕੈ ਜੋਤ ਜਾਨਬੋ॥***

***ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।***
***ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।।***
***ਅਲਹ ਅਭੇਖ ਸੋਈ, ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ।।***
***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,***
***ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥***
***ਅਕਾਲ ਉਸਤਤਿ***



**ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਲੰਗਰਾਂ ਵਿੱਚ ਪ੍ਰਸ਼ਾਦੇ ਵਰਤਾਉਣ ਦੀ ਸੇਵਾ ਕਰਦੇ ਹੋਏ।**

ਵਾਹਿਗੁਰੂ ਜੀ ਨੂੰ ਸਰਬੱਤ ਪ੍ਰਤੱਖ ਰੂਪ ਵਿਚ ਹਾਜ਼ਰ ਸਮਝਦੇ ਹੋਏ ਆਪ ਫੁਰਮਾਨ ਕਰਦੇ ਹਨ - ਕਿਤੇ ਤੂੰ ਫੁੱਲ ਹੋ ਕੇ ਬਹੁਤ ਹੀ ਸੁੰਦਰ ਰੂਪ ਵਿਚ ਖਿਲਿਆ ਹੋਇਆ ਹੈਂ, ਕਿਤੇ ਤੂੰ ਇਸੇ ਸੁੰਦਰਤਾ ਨੂੰ ਮਾਨਣ ਲਈ ਭੌਰ ਹੋ ਕੇ ਆਪਣੇ ਆਪ ਤੋਂ ਵੀ ਭੁੱਲਿਆ ਹੋਇਆ ਹੈਂ ਅਤੇ ਇਸੇ ਵਾਸ਼ਨਾ ਨਾਲ ਹੀ ਫੁੱਲ ਦੇ ਬੰਦ ਹੋਣ ਨਾਲ ਵਿਚੇ ਬੰਦ ਹੋ ਜਾਂਦਾ ਹੈਂ, ਕਿਤੇ ਆਪ ਪਵਨ ਨੂੰ ਵੇਖ ਕੇ, ਉਸ ਦੀ ਚਾਲ ਨੂੰ ਵੇਖ ਕੇ, ਉਸ ਦੀ ਤੇਜ਼ੀ ਨੂੰ ਵੇਖ ਕੇ ਪ੍ਰਸੰਨਤਾ ਪ੍ਰਗਟ ਕਰਦੇ ਹਨ ਕਿ ਇਹ ਸੁੰਦਰ ਚਾਲ ਕਹਿਣ ਵਿਚ ਨਹੀਂ ਆਉਂਦੀ। ਕਿਤੇ ਵਾਹਿਗੁਰੂ ਨੂੰ ਸੁੰਦਰ ਨਾਦ ਵਿਚ ਅਨੁਭਵ ਕਰਦੇ ਹਨ, ਕਿਤੇ ਕਿਸੇ ਸ਼ਿਕਾਰੀ ਨੂੰ ਮੋਢੇ ਉਤੇ ਤੀਰਾਂ ਦਾ ਭੱਥਾ ਲਈ ਜਾਂਦਾ ਦੇਖ ਕੇ ਉਸ ਦੇ ਜੋਬਨ ਨੂੰ ਸਰਾਹੁੰਦੇ ਹਨ, ਕਿਤੇ ਭੱਜੇ ਜਾਂਦੇ ਮਿਰਗ ਨੂੰ ਵੇਖ ਕੇ ਪ੍ਰਮੇਸ਼ਰ ਦੀ ਸ਼ਕਤੀ ਅਨੁਭਵ ਕਰ ਰਹੇ ਹਨ, ਕਿਤੇ ਇਸਤ੍ਰੀਆਂ ਦੀ ਸੁੰਦਰਤਾ ਵਿਚ ਉਸ ਨੂੰ ਤਕ ਰਹੇ ਹਨ ਤੇ ਵਾਰਨੇ ਜਾਂਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਤੇਰਾ ਕੋਈ ਖਾਸ ਰੂਪ ਰੇਖ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਤੂੰ ਕਿਸੇ ਖਾਸ ਜਗ੍ਹਾ ਤੇ ਵਸਦਾ ਹੈਂ, ਨਾ ਹੀ ਕਹਿ ਸਕਦੇ ਹਾਂ ਕਿ ਤੇਰਾ ਖਾਸ ਨਾਮ ਹੈ, ਤੈਨੂੰ ਅਸੀਂ ਸਤਿ ਹੀ ਕਹਿ ਸਕਦੇ ਹਾਂ, ਤੂੰ ਬੇਅੰਤ ਹੈਂ, ਬੇਅੰਤ ਦਾ ਕੋਈ ਅੰਤ ਨਹੀਂ ਪਾ ਸਕਦਾ। ਤੇਰਾ ਕੋਈ ਮਾਤਾ ਪਿਤਾ ਭਾਈ ਨਹੀਂ ਹੈ, ਨਾ ਕੋਈ ਪੁੱਤਰ ਹੈ, ਨਾ ਪੋਤਰਾ ਹੈ,

ਨਾ ਕੋਈ ਦਾਈ ਹੈ ਜਿਸ ਨੇ ਤੈਨੂੰ ਪੈਦਾ ਕਰਿਆ ਹੋਵੇ, ਨਾ ਹੀ ਕਿਸੇ ਨਾਲ ਤੇਰਾ ਪ੍ਰੇਮ ਹੈ, ਨਾ ਹੀ ਤੇਰਾ ਕੋਈ ਘਰ ਹੈ, ਨਾ ਸਾਥ ਹੈ, ਤੂੰ ਮਹਾਰਾਜਿਆਂ ਦਾ ਮਹਾਰਾਜਾ, ਅਨਾਥਾਂ ਦਾ ਨਾਥ ਹੈਂ। ਹਰ ਥਾਂ ਉਪਰ ਤੂੰ ਹੀ ਤੂੰ ਹੈਂ ਇਸ ਬਾਰੇ ਫੁਰਮਾਨ ਹੈ –

***ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ।।***
***ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ ਭੂਲੇ॥***
***ਕਹੂੰ ਪਾਵਨ ਹ੍ਵੈ ਕੈ ਬਹੇ ਬੇਗਿ ਐਸੇ।।***
***ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥***
***ਕਹੂੰ ਨਾਦ ਹ੍ਵੈ ਕੈ ਭਲੀ ਭਾਂਤਿ ਬਾਜੇ॥***
***ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ।।***
***ਕਹੂੰ ਮ੍ਰਿਗ ਹ੍ਵੈ ਕੈ ਭਲੀ ਭਾਂਤਿ ਮੋਹੇ॥***
***ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੇ॥***
***ਨਹੀ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸ ਤਾ ਕੋ ਫਿਰੈ ਕਉਨ ਭੇਖੰ॥***
***ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥***
***ਕਹਾ ਮੈਂ ਬਖਾਨੋ ਕਹੇ ਮੋ ਨ ਆਵੈ॥***
***ਨ ਤਾ ਕੋ ਕੋਈ ਤਾਤ ਮਾਤੰ ਨ ਭਾਯੰ॥***
***ਨ ਪੁਤ੍ਰੰ ਨ ਪੌਤ੍ਰੰ ਨ ਦਾਯਾ ਨ ਦਾਯੰ।।***
***ਨ ਨੇਹੰ ਨ ਗੇਹੰ ਨ ਸੈਨੰ ਨ ਸਾਥੰ॥***
***ਮਹਾਰਾਜ ਰਾਜੰ ਮਹਾ ਨਾਥ ਨਾਥੰ॥*** ***ਬਚਿਤ੍ਰ ਨਾਟਕ***

ਤੇਰੀ ਜੋਤ ਹਰ ਥਾਂ ਤੇ ਪਸਰੀ ਹੋਈ ਹੈ, ਨਾ ਇਹ ਘੱਟ ਹੁੰਦੀ ਹੈ, ਨਾ ਵਧ ਹੁੰਦੀ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਸਾਰੇ ਸੰਸਾਰ ਨੂੰ ਇਕੋ ਅਦ੍ਵੈਤ ਰੂਪ ਵਿਚ ਤਕਦੇ ਸਤਿ ਦਾ ਪ੍ਰਗਟਾਵਾ ਆਪਣੀ ਬਾਣੀ ਵਿਚ ਕਰਦੇ ਹਨ ਅਤੇ ਸੰਸਾਰ ਨੂੰ ਇਕ ਇਕਾਈ ਅਨੇਕਾਂ ਰੂਪਾਂ ਵਿਚ ਦ੍ਰਿਸ਼ਟਮਾਨ ਹੋਈ ਵੇਖ ਕੇ ਕਿਸੇ ਨੂੰ ਗੈਰ ਨਹੀਂ ਜਾਣਦੇ, ਸਾਰੀ ਮਨੁੱਖਤਾ ਸਾਰਾ ਜੀਵਨ, ਸਾਰੀ ਕਾਇਨਾਤ, ਚੰਦ, ਸੂਰਜ, ਤਾਰੇ, ਜੰਗਲ, ਬੇਲੇ, ਦਰਖਤ, ਸਮੁੰਦਰ ਇਕੋ ਇਕਾਈ ਦੇ ਵੱਖਰੇ-ਵੱਖਰੇ ਰੂਪ ਹਨ, ਜਿਨ੍ਹਾਂ ਵਿਚ ਹਰਕਤ ਦੇਣ ਵਾਲਾ ਇਕੋ ਧੁਰਾ ਪਰਮ ਆਤਮਾ ਹੈ ਉਸੇ ਨੂੰ ਬ੍ਰਹਮ ਕਿਹਾ ਜਾਂਦਾ ਹੈ, ਉਸੇ ਨੂੰ ਆਤਮਾ ਕਹਿੰਦੇ ਹਨ। ਸੋ ਇਹ 'ਆਤਮ ਮਾਰਗ' ਮੈਗਜ਼ੀਨ ਇਹ ਉਪਦੇਸ਼ ਲੈ ਕੇ ਹੁਣ ਪੰਜਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ। ਇਸ ਨੂੰ ਜਿਸ ਚੈਨਲ ਵਿਚ ਸੀਮਤ ਰੱਖਿਆ ਗਿਆ ਹੈ ਉਹ ਹੈ –



**ਰਤਵਾੜਾ ਸਾਹਿਬ ਵਿਖੇ ਬਣਨ ਜਾ ਰਹੀ ਯੂਨੀਵਰਸਿਟੀ ਦੀ ਕਾਰ ਸੇਵਾ ਦ੍ਰਿਸ਼।**

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਸੋ ਇਸ ਦੇ ਸੂਝਵਾਨ ਲੇਖਕ ਲੇਖ ਲਿਖਣ ਸਮੇਂ ਆਪਣੇ ਅਨੁਭਵ ਪ੍ਰਗਟ ਕਰਦੇ, ਇਸ ਚੈਨਲ ਤੋਂ ਆਪਣੇ ਆਪ ਨੂੰ ਬਾਹਰ ਨਹੀਂ ਨਿਕਲਣ ਦਿੰਦੇ, ਉਨ੍ਹਾਂ ਦੀ ਸਾਰੀ ਸੋਚ, ਸਾਰੇ ਖਿਆਲ, ਸਾਰੀ ਲਿਖਤ ਬਾਵਜੂਦ ਇਸ ਗੱਲ ਦੇ ਭਾਵੇਂ ਉਹ ਅੱਜਕਲ੍ਹ ਦੇ ਡਾਕਟਰ, ਪ੍ਰੋਫੈਸਰ ਹਨ, ਬਹੁਤ



**ਰਤਵਾੜਾ ਸਾਹਿਬ ਵਿਖੇ ਬਣਨ ਜਾ ਰਹੀ ਯੂਨੀਵਰਸਿਟੀ ਦੀ ਕਾਰ ਸੇਵਾ ਦ੍ਰਿਸ਼।**


ਪੜ੍ਹੇ ਲਿਖੇ ਡਾ. ਸਵਾਮੀ ਰਾਮ ਜੀ ਵਰਗੇ ਸੰਨਿਆਸੀ ਹਨ, ਡਾ. ਵੇਦ ਭਾਰਤੀ ਜੀ ਵਰਗੇ ਪਰਮ ਵਿਦਵਾਨ ਡੀ. ਲਿਟ ਸੰਨਿਆਸੀ ਹਨ ਜਾਂ ਹੋਰ ਵੀ ਹਨ। ਸੋ ਉਹ ਸਾਰੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਸਰਬਤ ਜਗਤ ਨੂੰ ਇਕ ਇਕਾਈ ਅਤੇ ਅਦ੍ਵੈਤ ਰਹਿਤ ਜਾਨਣ ਵਾਲੇ ਅਨੁਭਵ ਦੀ ਰੋਸ਼ਨੀ ਵਿਚ ਲਿਖਦੇ ਹਨ। ਇਸ 'ਆਤਮ ਮਾਰਗ' ਵਿਚ ਕੋਈ ਵੀ ਦ੍ਵੈਸ਼ ਭਰਿਆ ਲੇਖ ਨਹੀਂ ਲਿਖਿਆ ਜਾਂਦਾ, ਸੰਸਾਰ ਦੁਖਾਂ ਨਾਲ ਭਰਿਆ ਪਿਆ ਹੈ, ਅਸੀਂ ਇਸ ਵਿਚ ਹੋਰ ਘਚੋਲਾ ਨਹੀਂ ਫੇਰਨਾ ਚਾਹੁੰਦੇ। ਰੋਜ਼ ਸੰਸਾਰ ਦੀਆਂ ਅੰਧਕਾਰਮਈ ਘਟਨਾਵਾਂ, ਈਰਖਾ, ਵੈਰ ਭਰੀਆਂ ਘਟਨਾਵਾਂ ਨੂੰ ਆਪ ਤਕ ਨਹੀਂ ਪਹੁੰਚਾਉਂਦੇ ਕਿਉਂਕਿ ਇਹ ਸਾਡਾ ਵਿਸ਼ਾ ਨਹੀਂ ਹੈ, ਸਾਡਾ ਵਿਸ਼ਾ ਸਰਬ ਸਾਂਝ ਹੈ, ਗਿਆਨ ਹੈ, ਗਿਆਨ ਦੇ ਨਾਲ ਆਪਣੇ ਸਾਥੀਆਂ ਨੂੰ ਅਗਿਆਨ, ਦ੍ਵੈਤ ਅਤੇ ਮਾਇਆ ਦੇ ਵਿਚੋਂ ਸਖਤ ਕਿਸਮ ਦੀਆਂ ਬੇੜੀਆਂ ਨੂੰ ਕੱਟ ਕੇ ਪ੍ਰੇਮ ਸੁਖਾਂ ਵਿਚ ਜਾਂਦਾ ਰਾਹ ਜਿਸਨੂੰ 'ਆਤਮ ਮਾਰਗ' ਕਿਹਾ ਗਿਆ ਹੈ ਉਸ ਵਿਚ ਆਪ ਚਲਦੇ ਹਾਂ ਅਤੇ ਆਪਣੇ ਮੈਂਬਰ ਸਾਥੀਆਂ ਨੂੰ ਚਲਾ ਰਹੇ ਹਾਂ। 40 ਹਜ਼ਾਰ ਇਸ ਦੀ ਗਿਣਤੀ ਪਹੁੰਚ ਚੁੱਕੀ ਹੈ, ਚਾਰ ਦਰਜਨ ਪੁਸਤਕਾਂ ਪੰਜਾਬੀ ਵਿਚ, ਐਨੀਆਂ ਹੀ ਹਿੰਦੀ ਵਿਚ ਅਤੇ 10 ਪੁਸਤਕਾਂ ਇੰਗਲਿਸ਼ ਵਿਚ ਛਪ ਚੁੱਕੀਆਂ ਹਨ। ਆਪਣੇ ਸਮੁੱਚੇ ਜੀਵਨ ਵਿਚ ਜੋ ਵੀ ਕੋਈ ਪ੍ਰੇਮੀ ਜਦੋਂ ਭੀ ਇਨ੍ਹਾਂ ਦੇ ਵਿਚ ਝਾਤੀ ਮਾਰੇਗਾ ਇਹ ਉਸ ਨੂੰ ਸਤਿ ਦੇ ਜੀਵਨ ਵਲ ਪ੍ਰੇਰਨਗੀਆਂ, ਸਰਬ ਸਾਂਝੀਵਾਲਤਾ ਵਿਚ ਲਿਆਉਣਗੀਆਂ ਅਤੇ ਇਹ ਗੱਲ ਸਪਸ਼ਟ ਕਰਨਗੀਆਂ –

***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥*** ***ਪੰਨਾ – 97***



**ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਪਿੰਡ ਧਮੋਟ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਨਾਈਟ ਕ੍ਰਿਕਟ ਅਤੇ ਫੁਟਬਾਲ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ।**

ਜੀਵਨ ਦਾ ਅਨੰਦ ਤੇ ਖੇੜਾ ਇਨ੍ਹਾਂ ਵਿਚ ਭਰਿਆ ਹੈ ਕਿਉਂਕਿ ਇਹ ਉਸ ਮੰਡਲ ਵਿਚੋਂ ਰੂਪਮਾਨ ਹੋਈਆਂ ਹਨ ਜਿਥੇ ਦ੍ਵੈਤ ਨੂੰ ਕੋਈ ਥਾਂ ਨਹੀਂ ਹੈ, ਜਿਥੇ ਦੇਸ਼ਾਂ, ਮਜ਼ਹਬਾਂ ਦੀਆਂ ਵੰਡੀਆਂ ਮਨੁੱਖ ਨੂੰ ਬੇਤਾਲ ਕਰ ਰਹੀਆਂ ਹਨ, ਡਰਾ ਰਹੀਆਂ ਹਨ, ਇਕੱਲਾ ਕੱਢ ਰਹੀਆਂ ਹਨ ਉਥੇ ਇਹ ਇਸ ਨੂੰ ਸਮੁੱਚਤਾ ਦੇ ਨਾਲ ਜੋੜਦੀਆਂ ਹਨ, ਇਹ ਉਪਰਾਲਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਲਗਾਤਾਰ ਦੂਰ ਭੂਤਕਾਲ ਤੋਂ ਕੀਤਾ ਜਾ ਰਿਹਾ ਹੈ। ਕਦੇ ਇਸ ਦੇ ਮੁਖੀ ਨੇ ਅਨਭੋਲ ਬਚਪਨ ਵਿਚ ਆਪਣੇ ਹੀ ਪਿੰਡ ਦੇ ਵੱਖਰੇ ਵੱਖਰੇ ਨਿਹਚਿਆਂ ਵਾਲੇ ਪ੍ਰੇਮੀਆਂ ਨੂੰ ਗੁਰੂ ਨਾਨਕ ਨਾਲ ਜੋੜਿਆ, ਸਿੰਧ ਦੇ ਜੰਗਲਾਂ ਵਿਚ ਨਵੇਂ ਆਬਾਦਕਾਰਾਂ ਪਾਸ ਇਕ ਮਿਸ਼ਨਰੀ ਦੇ ਰੂਪ ਵਿਚ ਘੁੰਮਦਾ ਰਿਹਾ ਅਤੇ ਉਥੇ ਸੈਂਕੜਿਆਂ ਮੀਲਾਂ ਵਿਚ ਸ਼ਰਾਬਾਂ ਛੁਡਾ ਕੇ ਅਨੇਕਾਂ ਜੀਵਾਂ ਦੀ ਰੱਖਿਆ ਕਰਨ ਕਾਬਲ ਉਨ੍ਹਾਂ ਅਬਾਦਕਾਰਾਂ ਨੂੰ ਬਣਾਇਆ।



**ਭਾਈ ਕਿਰਨਜੀਤ ਸਿੰਘ ਮਿੱਠੂ ਪਿੰਡ ਮਾੜੀਮੇਘਾ ਜਿਲ੍ਹਾ ਤਰਨ ਤਾਰਨ ਵੱਲੋਂ ਬਹੁਤ ਹੀ ਪਿਆਰੀ ਭੇਟਾ ਨਸਲ ਵਾਲੀ ਘੋੜੀ ਗੁਰੂ ਘਰ ਰਤਵਾੜਾ ਸਾਹਿਬ ਨੂੰ ਅਰਦਾਸ ਕਰਾਈ।** ਗੁਰੂ ਕੇ ਲੰਗਰ ਰਤਵਾੜਾ ਸਾਹਿਬ ਵਾਸਤੇ ਰਾਏਪੁਰ ਰਾਈਆਂ ਦੇ ਨਿਸ਼ਕਾਮ ਪ੍ਰੇਮੀ ਵੱਲੋਂ ਗਊ ਦਾਨ ਦ੍ਰਿਸ਼।

ਸੰਤ ਈਸ਼ਰ ਸਿੰਘ ਜੀ ਮਹਾਰਾਜ ਜੀ ਰਾੜੇ ਵਾਲਿਆਂ ਦੀ ਸੰਗਤ ਹੋ ਜਾਣ ਕਰਕੇ ਇਹ ਪਛਾਣਿਆ ਕਿ ਇਸ ਮਹਾਨ ਵਜੂਦ ਵਿਚ ਇਕੋ ਇਕ ਪਸਰ ਰਹੀ ਜੋਤ ਪੂਰਨ ਰੂਪ ਵਿਚ ਪ੍ਰਗਟ ਹੈ, ਉਨ੍ਹਾਂ ਦੀ ਪ੍ਰੇਰਨਾ ਦੇ ਨਾਲ

ਜ਼ਿੰਦਗੀ ਦਾ ਸਿਧਾਂਤ ਨਿਰਲੋਭ ਤੇ ਨਿਰਲਾਲਚ ਅਨਭਵ ਕਰਦੇ ਹੋਏ ਇਕ ਪਰਮ ਕਾਰਜ ਸਮਝਦੇ ਹੋਏ ਇਸ ਸੰਦੇਸ਼ ਨੂੰ ਬੜੀ ਮਜ਼ਬੂਤੀ ਧਾਰਨ ਕਰਕੇ ਅੱਗੇ ਵਧਾਇਆ। ਤਰਾਈ ਦੇ ਲੱਖਾਂ ਆਬਾਦਕਾਰ ਇਸ ਸਰਬ ਸਾਂਝੇ ਉਪਦੇਸ਼ ਨੂੰ ਸਮਝੇ, ਉਨ੍ਹਾਂ ਨੇ ਆਪਣੀ ਜੀਵਨ ਦੀ ਚਾਲ ਨੂੰ ਪੂਰੀ ਤਰ੍ਹਾਂ ਨਾਲ ਬਦਲਿਆ ਜਿਥੇ ਉਨ੍ਹਾਂ ਨੂੰ ਕੁਝ ਸਮਾਂ ਪਹਿਲਾਂ criminal (ਅਪਰਾਧੀ) ਕਹਿ ਕੇ ਨਫਰਤ ਕੀਤੀ ਗਈ ਸੀ ਉਥੇ ਅੱਜ ਸੂਝਵਾਨ ਕਹਿ ਕੇ ਸਤਿਕਾਰਿਆ ਜਾਂਦਾ ਹੈ। ਪੰਜਾਬ ਵਿਚ ਆ ਕੇ ਉਹ ਪਛੜੇ ਹੋਏ ਜ਼ਿਲੇ ਜਿਥੇ ਕਦੇ ਵੀ ਕੋਈ ਨਹੀਂ ਸੀ ਜਾਂਦਾ ਉਨ੍ਹਾਂ ਥਾਵਾਂ ਨੂੰ ਦਿਨ ਰਾਤ ਇਕ ਕਰਕੇ ਅਕਾਲਪੁਰਖ ਨਾਲ ਜੋੜਿਆ ਅਤੇ ਇਸੇ ਪਛੜੇ ਹੋਏ ਇਲਾਕੇ ਵਿਚੋਂ ਚਾਰ ਲੱਖ 50 ਹਜ਼ਾਰ ਪ੍ਰੇਮੀਆਂ ਨੂੰ ਅਗਿਆਨ ਦੇ ਅੰਨ੍ਹੇ ਖੂਹ ਵਿਚੋਂ ਕੱਢ ਕੇ ਸਰਬਸਾਂਝਤਾ ਦੀ ਸੂਝ ਕਰਾਈ, ਸਰਬ ਸਾਂਝ, ਸਰਬੱਤ ਦਾ ਭਲਾ, ਇਹ ਵਿਚਾਰ ਦ੍ਰਿੜ੍ਹ ਕਰਾਈ, ਪਰਮ ਗੁਰੂ ਨਾਲ ਜੋੜਿਆ।



**ਪਿੰਡ ਭਨਾਮ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ।**

ਬਹੁਤ ਸਮਾਂ ਵੱਡੀ ਉਮਰ ਵਿਚ ਆ ਕੇ ਸਾਥੀਆਂ ਦੇ ਕਹਿਣ ਤੇ ਰਤਵਾੜਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਣ ਵਾਲਾ ਅਸਥਾਨ ਬਣਾਇਆ। ਮਾਇਆ ਕਦੇ ਕਿਸੇ ਤੋਂ ਕਦੇ ਲਈ ਨਹੀਂ ਸੀ ਜਾਂਦੀ ਅਤੇ ਨਾ ਹੀ ਕਦੇ ਕੋਈ ਜ਼ਰੂਰਤ ਹੁੰਦੀ ਸੀ। ਇਸ ਕਰਕੇ ਅਸਥਾਨ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। 1986 ਵਿਚ ਇਹ ਅਸਥਾਨ ਬਣਿਆ, 24 ਘੰਟੇ ਅਤੁੱਟ ਲੰਗਰ ਅਤੇ 24 ਘੰਟੇ ਅਤੁੱਟ ਸ਼ਬਦ ਲੰਗਰ ਵਰਤਦਾ ਰਹਿਣ ਦੀ ਮਰਿਆਦਾ ਸਥਾਪਿਤ ਕੀਤੀ, ਬੇਅੰਤ ਸਾਥੀਆਂ ਨੇ ਸਾਥ ਦਿਤਾ। 1200 ਵੀਡੀਓ ਫਿਲਮਾਂ ਅਤੇ 3000 ਦੇ ਕਰੀਬ ਆਡੀਓ ਕੈਸਟਾਂ ਬਣਾਈਆਂ ਗਈਆਂ। ਅਖੀਰ ਇਸਦਾ ਸਿੱਟਾ ਲਿਖਤੀ ਰੂਪ ਵਿਚ ਸਾਮ੍ਹਣੇ ਆਇਆ। 1995 ਅਪ੍ਰੈਲ ਵਿਸਾਖੀ ਤੋਂ 'ਆਤਮ ਮਾਰਗ' ਦੇ ਰੂਪ ਵਿਚ ਇਹ ਪਰਮ ਸੰਦੇਸ਼ ਸੰਸਾਰ ਵਿਚ ਫੈਲਣਾ ਸ਼ੁਰੂ ਹੋਇਆ। ਅੱਜ ਸਾਰੀ ਦੁਨੀਆਂ ਵਿਚ ਇਹ ਸੰਦੇਸ਼ ਬਹੁਤ ਹੀ ਸਤਿਕਾਰਿਆ ਜਾ ਰਿਹਾ ਹੈ, ਪਿਆਰਿਆ ਜਾ ਰਿਹਾ ਹੈ। ਇਸ ਦੇ ਪੜ੍ਹਨ ਵਾਲਿਆਂ ਨੂੰ, ਇਸ ਦੇ ਮੈਂਬਰਾਂ ਨੂੰ ਖਾਸ ਸਤਿਕਾਰ ਮਿਲਦਾ ਹੈ ਇਨ੍ਹਾਂ ਵਿਚ ਦਬਿਆ ਹੋਇਆ ਪਿਆਰ ਫੁਹਾਰਾ ਮੁੜ ਸੁਰਜੀਤ ਹੋ ਕੇ ਉਚਾਈਆਂ ਤਕ ਮੁੜ ਠੰਢਕ ਦੇਣ ਦੇ ਸਮਰੱਥ ਹੋ ਰਿਹਾ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਇਕੋ ਜਿਹੇ ਸੋਚਣ ਵਾਲੇ ਸਾਰੇ ਸਾਥੀਆਂ ਦਾ ਸਮੂੰਹ ਹੈ ਇਸ ਵਿਚ ਸਾਰੇ ਸਾਥੀ ਸੇਵਾ ਭਾਵ ਨਾਲ ਹੀ ਹਿੱਸਾ ਲੈਂਦੇ ਹਨ, ਮਾਇਆ ਜੋੜਨ, ਮਾਇਆ ਇਕੱਠੀ ਕਰਨ ਵਲ ਕਿਸੇ ਦਾ ਵੀ ਧਿਆਨ ਨਹੀਂ ਅਤੇ ਇਸੇ ਕਰਕੇ ਇਸ ਦੇ ਸੈਂਟਰ ਸਾਰੇ ਸੰਸਾਰ ਵਿਚ ਨਜ਼ਰ ਆਉਂਦੇ ਹਨ। ਜਿਨ੍ਹਾਂ ਦੇ ਮਨ ਵਿਚ ਇਹ ਭਾਵਨਾ ਹੁੰਦੀ ਹੈ ਕਿ ਇਹ ਮੈਗਜ਼ੀਨ ਸਹੀ ਥਾਂ, ਸਹੀ ਸਮੇਂ ਸਿਰ ਪਹੁੰਚ ਜਾਵੇ ਤਾਂ ਕਿ ਕੋਈ ਆਤਮ ਸੰਦੇਸ਼ ਤੋਂ ਵਾਂਝਾ ਨਾ ਰਹਿ ਜਾਵੇ ਅਤੇ ਲਗਾਤਾਰ ਚਲ ਰਹੇ ਸਿਧਾਂਤਾਂ ਦੀ ਲੜੀ ਟੁੱਟ ਨਾ ਜਾਵੇ, ਉਹ ਪ੍ਰੇਮੀ ਘਰ-ਘਰ ਮੈਗਜ਼ੀਨ ਪਹੁੰਚਾਉਂਦੇ ਹਨ, ਉਨ੍ਹਾਂ ਵਿਚੋਂ ਵਾਹਿਗੁਰੂ ਜੀ ਵਲੋਂ ਭੇਜੇ ਰਿਟਾਇਰ ਹੋਏ ਹੋਏ, ਪ੍ਰਫੈਸਰ, ਡਾਕਟਰ ਅਤੇ ਕਿਰਤ ਕਮਾਈ ਕਰਨ ਵਾਲੇ, ਪ੍ਰਭੂ ਨੂੰ ਪਿਆਰ ਕਰਨ ਵਾਲੇ ਅਨੇਕਾਂ ਕਾਰ ਸੇਵਕ ਹਨ। ਇਹ ਪੈਸੇ ਕਮਾਉਣ ਦਾ ਅਦਾਰਾ ਨਹੀਂ ਹੈ। ਇਹ ਅਦਾਰਾ ਵੰਡਣ ਲਈ ਹੀ ਹੋਂਦ ਵਿਚ ਆਇਆ, ਹਜ਼ਾਰਾਂ ਮੈਗਜ਼ੀਨ ਸਾਧੂਆਂ, ਸੰਤਾਂ, ਮੰਦਰਾਂ, ਗੁਰਦਵਾਰਿਆਂ ਅਤੇ ਹੋਰ ਥਾਵਾਂ ਉਤੇ ਬਗੈਰ ਮੋਖ ਤੋਂ ਜਾ ਰਹੇ ਹਨ, ਵੰਡੇ ਵੀ ਜਾ ਰਹੇ ਹਨ। ਇਸ ਇਕੋ ਹੀ ਅਦਾਰੇ ਦਾ Pay load (ਖਰਚਾ) ਪੰਜ ਲੱਖ ਰੁਪਏ ਮਹੀਨਾ ਹੈ ਜੋ ਬਗੈਰ ਗਿਣਤੀ ਤੋਲ ਤੁਲਾਈ ਕੀਤਿਆਂ ਸਹਿਜ ਨਾਲ ਹੀ ਇਸ ਆਸ਼ੇ ਨਾਲ ਚਲ ਰਿਹਾ ਹੈ ਕਿ -



ਕੀਰਤਨ ਦਾ ਅਨੰਦ ਮਾਣ ਰਹੀਆਂ ਸੰਗਤਾਂ

***ਤੋਟਿ ਨਾ ਆਵੈ ਵਧਦੋ ਜਾਈ।। ਪੰਨਾ - 186***

ਤੁਸੀਂ ਸਾਰੇ ਮੈਂਬਰ ਇਸ ਦੇ ਮਾਲਕ ਹੋ, ਇਹ ਸਾਰਾ ਅਦਾਰਾ ਤੁਹਾਡਾ ਸਾਰਿਆਂ ਦਾ ਸਾਂਝਾ ਹੈ ਪਰ ਕਿਸੇ ਵਿਉਂਤ ਅਨੁਸਾਰ ਕਾਰਜ ਨੂੰ ਸਫਲਤਾਪੂਰਵਕ ਚਲਾਉਣ ਵਾਸਤੇ ਸੈਂਟਰ ਦੀ ਅਵਸ਼ਕਤਾ ਹੁੰਦੀ ਹੈ। ਉਹ ਕੰਮ ਅਸੀਂ ਕਰ ਰਹੇ ਹਾਂ ਅਤੇ ਆਪ ਸਾਰੇ ਮੈਂਬਰਾਂ ਨੂੰ ਹਰ ਮਹੀਨੇ ਉਹ

ਸਿਧਾਂਤ ਲਿਖਤੀ ਰੂਪ ਵਿਚ ਭੇਜ ਰਹੇ ਹਾਂ ਜੋ ਕਦੇ ਵੀ ਪੁਰਾਣੇ ਨਹੀਂ ਹੋਣੇ। ਜਦੋਂ ਤਕ ਦੁਨੀਆਂ ਰਹੇਗੀ ਇਹ ਸੰਦੇਸ਼ ਨਾ ਤਾਂ ਕਦੇ ਵੀ ਪੁਰਾਣੇ ਹੋਣੇ ਹਨ ਅਤੇ ਨਾ ਹੀ obsolete (ਪੁਰਾਣੇ) ਹੋਣੇ ਹਨ, ਨਾ ਫਿੱਕੇ ਪੈਣੇ ਹਨ ਇਨ੍ਹਾਂ ਦੀ ਰੋਸ਼ਨੀ ਦੇ ਭਰੇ ਹੋਏ ਅੱਖਰਾਂ ਨੇ ਸਦਾ ਹੀ ਚਮਕਦੇ ਰਹਿਣਾ ਹੈ। ਜੇ ਤੁਹਾਡੇ ਤੋਂ ਅੱਜ ਪੜ੍ਹ ਹੁੰਦੇ ਹਨ ਅੱਜ ਪੜ੍ਹ ਲਓ, ਨਹੀਂ ਸਾਂਭ ਕੇ ਰੱਖ ਲਓ ਜਦੋਂ ਕਦੇ ਵਿਹਲ ਮਿਲਿਆ, ਮਨ ਅੰਦਰ ਬੈਰਾਗ ਉਠਿਆ ਅਤੇ ਪ੍ਰਮੇਸ਼ਰ ਨੂੰ ਮਿਲਣ ਦੀ ਚਾਹ ਅੰਦਰ ਉਠੀ ਉਸ ਵੇਲੇ ਇਹ ਤੁਹਾਨੂੰ ਪ੍ਰਕਾਸ਼ ਦੇ ਮਾਰਗ ਦਾ ਮਾਰਗ ਦਰਸ਼ਨ ਕਰਾਉਣਗੇ ਜੇ ਤੁਸੀਂ ਨਹੀਂ ਪੜ੍ਹ ਸਕਦੇ ਤੁਹਾਡੇ ਬੱਚੇ, ਪੋਤਰੇ, ਪੜੋਤੇ ਪੜ੍ਹ ਲੈਣਗੇ, ਇਹ ਪੁਰਾਣੀ ਹੋਣ ਵਾਲੀ ਚੀਜ਼ ਨਹੀਂ ਹੈ। ਇਹ 'ਆਤਮ ਮਾਰਗ' ਅਦ੍ਵੈਤ ਸਿਧਾਂਤ ਹੈ ਇਨ੍ਹਾਂ ਸਿਧਾਂਤਾਂ ਨੇ ਕਦੇ ਵੀ ਕਾਲੀਆਂ ਰੇਖਾਵਾਂ ਨਹੀਂ ਪ੍ਰਗਟ ਹੋਣ ਦੇਣੀਆਂ। ਇਹ ਪੱਕੇ light house (ਰੌਸ਼ਨ ਮੁਨਾਰੇ) ਹਨ ਜੋ ਸਮੁੰਦਰ ਵਿਚ ਲੰਘਣ ਵਾਲੇ ਜਹਾਜ਼ਾਂ ਨੂੰ ਸਹੀ ਮਾਰਗ ਦਿੰਦੇ ਰਹਿਣਗੇ।



**ਰਤਵਾੜਾ ਸਾਹਿਬ ਵਿਖੇ ਪੂਰਨਮਾਸ਼ੀ ਦੀ ਰਾਤ ਕੀਰਤਨ ਦਾ ਅਨੰਦ ਮਾਣ ਰਹੀਆਂ ਸੰਗਤਾਂ ਦਾ ਵਿਸ਼ਾਲ ਇਕੱਠ ।**

ਦੱਸਣ ਵਿਚ ਆਇਆ ਹੈ ਕਿ ਕੁਝ ਪ੍ਰੇਮੀ 'ਆਤਮ ਮਾਰਗ' ਦੀ ਡੂੰਘਿਆਈ ਤੋਂ ਬਾਹਰ ਨਿਕਲ ਕੇ ਸੰਸਾਰ ਦੀਆਂ ਕੀਮਤਾਂ ਅਤੇ ਸੰਸਾਰਕ ਸੁੱਖਾਂ ਜੋ ਛਿਨਭੰਗਰ ਹਨ ਇਸ ਵਿਚ ਪ੍ਰਵਿਰਤ ਹੋ ਕੇ ਇਸ ਤੋਂ ਉਦਾਸ ਹੋ ਜਾਂਦੇ ਹਨ ਅਤੇ ਕਹਿ ਦਿੰਦੇ ਹਨ ਕਿ ਹਾਲੇ 'ਆਤਮ ਮਾਰਗ' ਭੇਜਣਾ ਬੰਦ ਕਰ ਦਿਓ। ਮੈਂ ਦਫਤਰ ਨੂੰ ਹਮੇਸ਼ਾ ਸੁਝਾਓ ਦਿੰਦਾ ਹਾਂ ਕਿ ਜਿਥੋਂ ਤਕ ਵੀ ਤੁਹਾਡਾ ਬਜਟ ਇਜਾਜ਼ਤ ਦਿੰਦਾ ਹੈ ਆਪਣੇ ਸਾਥੀ ਨੂੰ ਨਿਖੜਨ ਨਾ ਦੇਵੋ। ਕਲਜੁੱਗ ਦਾ ਵਰਤਾਰਾ ਹੋਣ ਕਰਕੇ ਇਹ ਵਰਤਾਵ ਛਿਨਭੰਗਰ ਹੋਇਆ ਕਰਦੇ ਹਨ, ਉਸ ਨੂੰ ਆਤਮ ਮਾਰਗ ਦੀ ਫੇਰ ਲੋੜ ਪਵੇਗੀ, ਇਸ ਕਰਕੇ ਤੁਸੀਂ ਭੇਜਦੇ ਜਾਵੋ ਪਰ ਜਦੋਂ ਦਫਤਰ ਵਾਲੇ ਹਾਨ ਲਾਭ ਦਾ ਚਿੱਠਾ ਵਾਚਦੇ ਹਨ ਤਾਂ ਮੈਨੂੰ ਕਹਿੰਦੇ ਹਨ ਕਿ ਇਹ ਭਾਰ 'ਆਤਮ ਮਾਰਗ' ਤੋਂ ਹੋਰ ਨਹੀਂ ਚੁਕਿਆ ਜਾਣਾ ਅਤੇ ਮੈਨੂੰ ਕਿਹਾ ਜਾਂਦਾ ਹੈ ਕਿ ਹੁਕਮ ਹੋਵੇ ਤਾਂ ਬੰਦ ਕਰ ਦੇਈਏ। ਮੇਰਾ ਜੀਅ ਨਹੀਂ ਕਰਦਾ ਕਿ ਅਸੀਂ ਆਪਣੇ ਸਾਥੀ ਨਾਲੋਂ ਵਿਛੜੀਏ ਕਿਉਂਕਿ 'ਆਤਮ ਮਾਰਗ' ਇਕ ਪਰਿਵਾਰ ਹੈ ਜਿਸ ਵਿਚ ਨਾ ਕੋਈ ਹਿੰਦੂ, ਬੋਧੀ ਦਿਸਦਾ ਹੈ; ਨਾ ਮੁਸਲਮ ਹੋਰ ਦਿਸਦਾ ਹੈ, ਨਾ ਸਿੱਖ ਹੋਰ ਦਿਸਦਾ ਹੈ, ਨਾ ਈਸਾਈ ਹੋਰ ਦਿਸਦਾ ਹੈ, ਨਾ ਸੰਨਿਆਸੀ ਹੋਰ ਦਿਸਦਾ ਹੈ, ਸਭ ਇਕੋ ਦਿਸਦੇ ਹਨ। 'ਆਤਮ ਮਾਰਗ', ਮੰਦਰਾਂ ਵਿਚ ਵੀ ਓਨਾ ਹੀ ਸਤਿਕਾਰਿਆ ਜਾਂਦਾ ਹੈ ਜਿੰਨਾਂ ਗੁਰਦਵਾਰਿਆਂ ਵਿਚ ਇਸ ਨੂੰ ਪਸੰਦ ਕੀਤਾ ਜਾਂਦਾ ਹੈ। ਇਕ ਲੇਖ ਇਸ ਵਿਚ ਛਪਿਆ ਸੀ 'ਸਰਬ ਸਾਂਝਾ ਗੁਰੂ ਗੋਬਿੰਦ ਸਿੰਘ' ਉਸ ਵਿਚ ਇਕ ਖਿਆਲ ਸੀ A friend in need is a friend indeed. ਉਸ ਵਿਚ ਇਹ ਪੱਖ ਉਜਾਗਰ ਕੀਤਾ ਗਿਆ ਸੀ ਕਿ ਬਹੁਤ ਸਾਰੇ ਇਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਹਿੰਦੂਆਂ ਦੇ ਮਿਤਰ ਤੇ ਮੁਸਲਮਾਨਾਂ ਦੇ ਵੈਰੀ ਸਨ। ਪਤਾ ਨਹੀਂ ਇਹ ਗਲਤ ਸਿਧਾਂਤ ਕਿਸ ਨੇ ਫੈਲਾ ਦਿਤਾ। ਉਸ ਲੇਖ ਵਿਚ ਦਸਿਆ ਗਿਆ ਸੀ ਕਿ ਜਦੋਂ ਹੱਦ ਦੀ ਔਖਿਆਈ ਆ ਜਾਵੇ, ਕਿਤੋਂ



**ਰਤਵਾੜਾ ਸਾਹਿਬ ਵਿਖੇ ਪੂਰਨਮਾਸ਼ੀ ਦੀ ਰਾਤ ਕੀਰਤਨ ਦਾ ਅਨੰਦ ਮਾਣ ਰਹੀਆਂ ਸੰਗਤਾਂ ਦਾ ਵਿਸ਼ਾਲ ਇਕੱਠ ।**

ਸਹਾਇਤਾ ਨਾ ਮਿਲੇ ਉਸ ਵੇਲੇ ਮਿਤਰ ਸਹਾਇਤਾ ਕਰਦੇ ਹਨ, ਆਪਣੇ ਤਨ, ਮਨ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਜਾਨ ਦੇ ਦਿੰਦੇ ਹਨ। ਭਾਈ ਮਰਦਾਨਾ ਮੁਸਲਮਾਨ ਸੀ, ਉਸ ਦੀ ਹੁਣ ਜੋ ਓਲਾਦ ਹੈ ਉਹ ਵੀ ਮੁਸਲਮਾਨ ਹੈ, ਗੁਰੂਆਂ ਵੇਲੇ ਵੀ ਉਹ ਮੁਸਲਮਾਨ ਸਨ ਪਰ ਗੁਰੂ ਮਹਾਰਾਜ ਦੇ ਕਿੱਡੀ ਰਹਿਮਤ ਦੇ ਪਾਤਰ ਸਨ ਕਿ ਉਨ੍ਹਾਂ ਤੋਂ ਹਰੀ ਦੀ ਮਹਿਮਾ ਦਾ ਜਸ ਸਹਿਜ ਵਿਚ ਕਰਾ ਕੇ ਪ੍ਰਭੂ ਹਾਸਲ ਕਰਨ ਦਾ ਪਾਤਰ ਬਣਾ ਦਿੰਦੇ ਹਨ। ਬਹੁਤ ਲੰਮੀ ਵਿਆਖਿਆ ਹੈ ਮੈਂ ਸੰਖੇਪ ਵਿਚ ਦਸਦਾ ਹਾਂ ਕਿ ਇਹ ਲੇਖ ਚੰਡੀਗੜ੍ਹ ਦੀ ਇਕ ਮਸਜਿਦ ਵਿਚ ਨਮਾਜ਼ ਪੜਨ ਉਪਰੰਤ ਪੜ੍ਹਿਆ ਗਿਆ। ਲੇਖ ਪੜ੍ਹਦੇ-ਪੜ੍ਹਦੇ ਕਈਆਂ ਦੇ ਅੱਖਾਂ ਵਿਚ ਜਲ ਆ ਗਿਆ ਅਤੇ ਕਹਿਣ ਲੱਗੇ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਅਸੀਂ ਸਿੱਖਾਂ ਦੇ ਗੁਰੂ ਹੀ ਸਮਝਦੇ ਰਹੇ ਅਤੇ ਆਪਣੇ ਮਿਤਰ ਹਿਤਾਇਸ਼ੀ ਨਾ ਸਮਝਿਆ। ਅਗਲੇ ਦਿਨ ਉਨ੍ਹਾਂ ਵਿਚੋਂ 12 ਪ੍ਰੇਮੀਆਂ ਨੇ ਆ ਕੇ ਰਤਵਾੜਾ ਸਾਹਿਬ ਸੀਸ ਨਿਵਾਇਆ, ਸਿਜਦੇ ਕੀਤੇ ਅਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਸਾਡੀ ਭੁੱਲ ਮਾਫ ਕਰ ਦੇ, ਤੂੰ ਦੇਹੁਰੇ ਤੇ ਮਸੀਤ ਨੂੰ ਇਕ ਹੀ ਸਮਝਿਆ ਹੈ, ਕੁਰਾਨ ਨੂੰ ਵੀ ਓਨੀ ਮਹੱਤਤਾ ਦਿਤੀ ਹੈ ਜਿੰਨੀ ਵੇਦਾਂ ਨੂੰ ਦਿਤੀ। ਸੋ ਇਹ ਕ੍ਰਿਪਾ ਇਸ ਚੀਜ਼ ਦੀ ਸੀ ਕਿ



**'ਕਲਜੁਗ ਮਹਿ ਕੀਰਤਨ ਪ੍ਰਧਾਨਾ' ਪਿੰਡ ਵੀਣੇਵਾਲ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ**

'ਆਤਮ ਮਾਰਗ' ਸਰਬ ਮਨੁੱਖਤਾ ਲਈ ਸਾਂਝਾ ਉਪਦੇਸ਼ ਹੋ ਕੇ ਵਰਤ ਰਿਹਾ ਹੈ। ਅਸੀਂ ਸਰਬ ਮਨੁੱਖਤਾ, ਸਾਰੀਆਂ ਜਾਤੀਆਂ ਨੂੰ ਵਾਹਿਗੁਰੂ ਦੀ ਇਕ ਇਕਾਈ ਮੰਨਦੇ ਹਾਂ ਇਸ ਕਰਕੇ 'ਆਤਮ ਮਾਰਗ' ਦੇ ਮੈਂਬਰਾਂ ਵਿਚ ਪਿਆਰ ਦੀਆਂ ਫੁਹਾਰਾਂ ਨਿਕਲ ਰਹੀਆਂ ਹਨ, ਦ੍ਵੈਖ ਖਤਮ ਹੋ ਰਹੀ ਹੈ ਅਤੇ ਇਕ ਪਰਮ ਸ਼ਾਂਤੀ ਉਨ੍ਹਾਂ ਦੇ ਹਿਰਦਿਆਂ ਵਿਚੋਂ ਜਨਮ ਲੈ ਰਹੀ ਹੈ। ਜਦੋਂ ਕਦੇ ਕੋਈ ਪ੍ਰੇਮੀ ਇਹ ਕਹਿੰਦਾ ਹੈ ਕਿ ਮੇਰਾ ਮੈਗਜ਼ੀਨ ਬੰਦ ਕਰ ਦਿਓ ਮੇਰੇ ਪਾਸ ਸਮਾਂ ਨਹੀਂ ਹੈ, ਸਾਨੂੰ ਬਹੁਤ ਖੇਦ ਹੁੰਦਾ ਹੈ ਕਿ ਸਾਡਾ ਇਕ ਸਾਥੀ ਸਾਡੇ ਤੋਂ ਕਿਸੇ ਕਾਰਨ ਕਰਕੇ ਵੱਖਰਾ ਹੋ ਰਿਹਾ ਹੈ, ਪਿਆਰਿਓ! ਵਖਰੇ ਨਾ ਹੋਵੋ, ਜੇ ਪੈਸੇ ਦੀ ਘਾਟ ਹੈ ਤਾਂ ਦੱਸੋ ਅਸੀਂ ਉਥੇ ਮੁਫਤ ਮੈਗਜ਼ੀਨ ਓਦੋਂ ਤਕ ਭੇਜਾਂਗੇ ਜਦੋਂ ਤਕ ਸਾਡੇ ਕੋਲ ਪੈਸਾ ਮੁਕ ਨਹੀਂ ਜਾਂਦਾ। ਇਹ ਸੰਦੇਸ਼ ਮੈਂ ਆਪਣੇ ਸਾਥੀਆਂ ਨੂੰ ਆਪਣਾ ਹੀ ਰੂਪ ਜਾਣ ਕੇ ਦੇ ਰਿਹਾ ਹਾਂ। ਸੰਸਾਰ ਐਟਮ ਬੰਬਾਂ ਦੀ ਲਪੇਟ ਵਿਚ ਛੇਤੀ ਜਾਂ ਦੂਰ ਜਾ ਕੇ ਆਉਣ ਵਾਲਾ ਹੀ ਹੈ। ਤੁਸੀਂ ਸਰਬ ਸਾਂਝੀਵਾਲਤਾ ਦਾ ਖਿਆਲ ਆਪਣੇ ਵਿਚ ਪੈਦਾ ਕਰੋ, ਨਾ ਪਾਕਿਸਤਾਨ ਕੋਈ ਗੈਰ ਹੈ, ਨਾ ਅਮਰੀਕਾ, ਨਾ ਜਪਾਨ, ਨਾ ਰੂਸ, ਚੀਨ, ਸਾਰਾ ਸੰਸਾਰ ਵਾਹਿਗੁਰੂ ਜੀ ਦਾ ਸੁੰਦਰ ਪ੍ਰਗਟਾਵਾ ਹੈ। ਇਹ ਉਡਦਾ-ਉਡਦਾ ਜੀਵਨ ਸੁੰਦਰਤਾ ਭਰਿਆ ਐਟਮ ਬੰਬਾਂ ਦੇ ਅਸਰ



ਕੀਰਤਨ ਦਾ ਅਨੰਦ ਮਾਣ ਰਹੀਆਂ ਬੀਣੇਵਾਲ ਦੀਆਂ ਸੰਗਤਾਂ

ਹੇਠ ਆ ਕੇ ਮ੍ਰਿਤੂ ਮੰਡਲ ਵਿਚ ਪ੍ਰਵੇਸ਼ ਨਾ ਕਰ ਜਾਵੇ, ਇਹ ਸਾਡੀ ਆਸ਼ਾ ਹੈ ਕਿ ਤੁਸੀਂ ਸਾਰੇ ਸਾਥੀ ਸਹਿਯੋਗੀ ਸਾਡੇ ਇਸ ਕਾਰਜ ਵਿਚ ਸਹਿਯੋਗ ਦੇਵੋ, ਇਹ ਉਦੇਸ਼ ਗੁਰੂ ਨਾਨਕ ਪਾਤਸ਼ਾਹ ਨੇ ਸੱਚ ਦਾ ਪ੍ਰਗਟਾਵਾ ਕਰਕੇ ਸੰਸਾਰ ਵਿਚ ਪ੍ਰਗਟ ਕੀਤਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਨ੍ਹਾਂ ਉਪਦੇਸ਼ਾਂ ਤੇ ਚਲਣ ਵਾਲਿਆਂ ਨੂੰ 'ਖਾਲਸਾ' ਕਿਹਾ ਹੈ ਅਤੇ ਉਨ੍ਹਾਂ ਨੇ ਸਤਿਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਮੇਰੇ ਵਿਚ, ਵਾਹਿਗੁਰੂ ਜੀ ਵਿਚ ਤੇ ਖਾਲਸੇ ਵਿਚ ਕੋਈ ਭੇਦ ਨਾ ਜਾਣਨਾ। ਅੱਜ ਅਸੀਂ ਖਾਲਸਾ ਦਿਵਸ 300 ਸਾਲਾ ਬੜੇ ਉਤਸ਼ਾਹ ਨਾਲ ਮਨਾਇਆ ਹੈ, ਸਾਰੇ ਪਿੰਡਾਂ ਤੋਂ ਸ਼ਹਿਰਾਂ ਤੋਂ ਵਹੀਰਾਂ ਧਾਈ ਕਰਕੇ ਅਨੰਦਪੁਰ ਸਾਹਿਬ ਪਹੁੰਚੀਆਂ, ਸਾਨੂੰ ਕਿਸੇ ਅਖੌਤੀ ਮੁਖੀਆਂ ਦੀ ਪੜਚੋਲ ਕਰਨ ਦੀ ਲੋੜ ਹੀ ਨਹੀਂ ਹੈ ਕਿਉਂਕਿ ਸਾਡਾ ਆਦਰਸ਼ ਕਿਸੇ ਪਦਵੀਆਂ ਨਾਲ ਸੀਮਤ ਨਹੀਂ ਹੈ। ਅਸੀਂ ਉਸ ਉਤਸ਼ਾਹ, ਉਸ ਪਿਆਰ ਅਤੇ ਉਸ ਅਪਣੱਤ ਨੂੰ ਅਪਣਾਉਂਦੇ ਹਾਂ ਜੋ ਸਾਰੇ ਸੰਸਾਰ ਨੂੰ ਗਲਵੱਕੜੀਆਂ ਪਾਉਂਦੀ ਹੈ। ਭੁੱਲੇ ਹੋਏ ਵੀ ਉਸ ਵਿਚ ਆ ਜਾਂਦੇ ਹਨ, ਜਾਨਣ ਵਾਲਿਆਂ ਨੂੰ ਅਨੰਦ ਦੀ ਛੋਹ ਦਿੰਦਾ ਹੈ। ਸਾਨੂੰ ਲੋੜ ਨਹੀਂ ਕਿਸੇ ਬੰਧਨ ਵਿਚ ਪੈਣ ਦੀ, ਕਿਉਂਕਿ ਖਾਲਸਾ ਆਦਰਸ਼ ਕਿਸੇ ਨੂੰ ਬੰਧਨ ਵਿਚ ਨਹੀਂ ਪਾਉਂਦਾ। ਉਹ ਸ਼ਾਂਤ ਸਾਗਰ ਹੈ ਉਸ ਵਿਚ ਜੋ ਪ੍ਰਵੇਸ਼ ਕਰ ਗਿਆ ਉਹ ਪਰਮ ਸ਼ਾਂਤੀ ਨੂੰ ਪ੍ਰਾਪਤ ਹੋ ਕੇ ਜਾਵੇਗਾ। ਮਜ਼ਹਬਾਂ ਦਾ ਬਖੇੜਾ ਮਜ਼ਹਬਾਂ ਵਾਲਿਆਂ ਪਾਸ ਹੀ ਰਹਿਣ ਦੇਵੋ ਅਤੇ ਲੀਡਰਾਂ ਦੇ ਲੱਛੇਦਾਰ ਬੋਲ ਉਨ੍ਹਾਂ ਨੂੰ ਸ਼ੋਭਦੇ ਹਨ ਅਸੀਂ ਨਹੀਂ ਕਿਸੇ ਦਾ ਕੁਝ ਸੁਣਿਆ, ਜਨਤਾ ਚੜ੍ਹਾਈ ਕਰਕੇ ਆਈ, ਧਾਈ ਕਰਕੇ ਆਈ, ਸਿੱਧੇ ਕੇਸਗੜ੍ਹ ਸਾਹਿਬ ਮਸਤਕ ਨਿਵਾਇਆ ਅਤੇ ਅਸੀਂ ਖਾਲਸਾ ਉਦੇਸ਼ ਦਾ ਸੰਕਲਪ ਲੈ ਕੇ ਗੁਰੂ ਦੀਆਂ ਬਰਕਤਾਂ ਦੀਆਂ ਝੋਲੀਆਂ ਭਰ ਕੇ ਆ ਗਏ। ਉਹ ਜੋ ਕਹਿੰਦੇ ਹਨ ਕਹੀ ਜਾਣ ਦਿਓ, ਸਾਡਾ ਕੰਮ ਸੀ ਉਸ ਗੁਰੂ ਨੂੰ ਸ਼ਰਧਾ ਪ੍ਰਗਟ ਕਰਨਾ ਜਿਸ ਨੇ ਸਾਰੀ ਸਤਿਤਾ ਇਕ ਗੱਲ ਵਿਚ ਪ੍ਰਗਟ ਕਰ ਦਿਤੀ, ਆਪਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਕਰਾ ਦਿਤਾ, ਮਾਤਾ ਜੀ ਨੂੰ ਸ਼ਹਾਦਤ ਦਾ ਜਾਮ ਪਿਲਾ ਦਿਤਾ। ਉਹ ਪਿਆਰਾ ਸਤਿਗੁਰੂ ਅੱਜ ਸਰਬ ਸਾਂਝਾ ਹੈ ਉਸ ਦਾ ਜੋ ਸੰਦੇਸ਼ ਹੈ ਅਮਰ ਹੈ, ਉਸ ਦਾ ਪਰਮ ਸੰਦੇਸ਼ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥***

***ਪੰਨਾ – 846***



17 ਜੂਨ ਨੂੰ ਪਰਮ ਸਤਿਕਾਰਯੋਗ ਬੀਜੀ ਰਤਵਾੜਾ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨ ਕਰਦੇ ਹੋਏ।

ਆਓ! ਸਾਰੇ ਸਾਂਝੀਵਾਲ ਬਣੀਏ। ਨਾ ਦੇਖੋ ਇਹ ਮੁਸਲਮਾਨ ਹੈ, ਸਿੱਖ ਹੈ, ਈਸਾਈ ਹੈ, ਇਹ ਕੌਣ ਹੈ, ਇਨ੍ਹਾਂ ਗੱਲਾਂ ਤੋਂ ਉਚੇ ਹੋ ਕੇ ਮਨੁੱਖਤਾ ਨੂੰ, ਸਾਰੇ ਜੀਵਨ ਨੂੰ ਆਪਣਾ ਹੀ ਰੂਪ ਸਮਝ ਕੇ ਓਹੀ ਵਰਤਾਰਾ ਸੰਸਾਰ ਨਾਲ ਕਰੋ ਜੋ ਅਸੀਂ ਆਪਣੇ ਨਾਲ ਕੀਤਾ ਜਾਣਾ ਪਸੰਦ ਕਰਦੇ ਹਾਂ। ਸਾਡੇ ਲਈ ਸਾਰਾ ਸੰਸਾਰ ਇਕ ਇਕਾਈ ਹੈ, ਇਨ੍ਹਾਂ ਰਾਜਾਂ ਵਿਚ ਕੋਈ ਦ੍ਵੈਤ ਹੈ ਜਾਂ ਅਦ੍ਵੈਤ ਹੈ ਇਸ ਨਾਲ ਸਾਡਾ ਕੋਈ ਸਬੰਧ ਨਹੀਂ, ਅਸੀਂ ਤਾਂ ਸਮੁੱਚਤਾ ਦੇ ਹਾਮੀ ਹਾਂ, ਸਮੁੱਚਤਾ ਨਾਲ ਹੀ ਪਿਆਰ ਕਰਦੇ ਹਾਂ। ਅੱਜ ਮੈਂ ਆਪਣੇ ਸਾਰੇ ਸਨੇਹੀਆਂ ਨੂੰ ਪਿਆਰ ਭਰਿਆ ਸੰਦੇਸ਼ ਦਿੰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਵਾਹਿਗੁਰੂ ਜੀ ਇਨ੍ਹਾਂ ਨੂੰ ਸੁਖ ਸ਼ਾਂਤੀ ਵਰਤਾਉਂਦੇ, ਚੜ੍ਹਦੀ ਕਲਾ ਬਖਸ਼ਣ, ਉਹ ਦਿਬਜ ਨੈਣ ਬਖਸ਼ਣ ਜਿਨ੍ਹਾਂ ਨਾਲ ਫਲ, ਫੁਲ, ਦਰਖਤ, ਪੱਤੇ, ਸਾਰੀ ਬਨਸਪਤੀ, ਜੀਵ, ਜੰਤੂ ਆਪਣਾ ਹੀ ਰੂਪ ਹੋ ਭਾਸਣ।



17 ਜੂਨ ਨੂੰ ਪਰਮ ਸਤਿਕਾਰਯੋਗ ਬੀਜੀ ਰਤਵਾੜਾ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨ ਕਰਦੇ ਹੋਏ।

ਜੋ ਆਪ ਜੀ ਨੇ ਉਪਰ ਲਿਖੇ ਪ੍ਰਵਚਨ ਪੜ੍ਹੇ ਹਨ ਅੱਜ ਵੀ ਸਾਨੂੰ ਉਨ੍ਹਾਂ ਵੱਲੋਂ ਵਸਾਏ ਅਸਥਾਨ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਜਿਥੇ ਜਰੇ ਜਰੇ ਤੇ ਉਨ੍ਹਾਂ ਦੇ ਚਰਨ ਪਏ ਵੱਲ ਨੂੰ ਪ੍ਰੇਰ ਰਹੇ ਹਨ। ਉਨ੍ਹਾਂ ਵੱਲੋਂ ਵਸਾਇਆ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਜਿਉਂਦੀ ਜਾਗਦੀ ਮਿਸਾਲ ਮਹਾਂਪੁਰਖਾਂ ਦੀ ਯਾਦ ਨੂੰ ਤਾਜਾ ਕਰਾ ਰਿਹਾ ਹੈ। ਅਸਥਾਨ ਨੂੰ ਪਵਿੱਤਰ ਰੱਖਣ ਵਾਸਤੇ ਲਗਾਤਾਰ ਮਾਲੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਬਹੁਤ ਸੋਹਣੇ ਪਾਰਕਾਂ ਫੁਲਾਂ ਨਾਲ ਸਜੇ ਗਮਲੇ ਆਉਣ ਵਾਲੇ ਪ੍ਰੇਮੀ ਨੂੰ ਮੱਲੋ ਮੱਲੀ ਮੋਹ ਲੈਂਦੇ ਹਨ। ਦਿਵਾਨ ਹਾਲ ਦੇ ਦੁਆਲੇ ਸੰਘਣੇ ਦਰਖਤ ਲਗਾਏ ਗਏ ਹਨ ਤਾਂ ਜੋ ਕੀਰਤਨ ਵਿੱਚ ਬੈਠਣ ਵਾਲੇ ਸਤਿਸੰਗੀਆਂ ਨੂੰ ਸ਼ੁਧ ਪਵਿੱਤਰ ਆਕਸੀਜਨ ਮਿਲ ਸਕੇ। ਇਸੇ ਤਰ੍ਹਾਂ ਅਸਥਾਨ ਦੇ ਚੌਗਿਰਦੇ ਵਿੱਚ ਵਿੱਚ ਹਜਾਰਾਂ ਦਰਖਤ ਲਗਾਏ ਹੋਏ

ਹਨ। ਮਹਾਂਪੁਰਖਾਂ ਦੇ ਤਪੋ ਅਸਥਾਨ ਜਿਥੇ ਮਹਾਂਪੁਰਖ ਸਵੇਰੇ ਹੀ 4.00 ਵਜੇ ਆ ਕੇ ਨਾਮ ਸਿਮਰਨ ਵਿੱਚ ਲੀਨ ਹੋ ਜਾਂਦੇ ਸਨ ਉਥੇ ਬਹੁਤ ਸੋਹਣੀ ਮਨ ਨੂੰ ਖਿਚ ਪਾਉਣ ਵਾਲੀ ਦਰਖਤਾਂ ਦੀ ਝਿੜੀ ਹੈ ਜਿਸ ਵਿੱਚ ਮੋਰ ਆਮ ਹੀ ਪੈਲਾਂ ਪਾਉਂਦੇ ਹਨ। ਨਾਮ ਜਪਣ ਵਾਲੇ ਪ੍ਰੇਮੀਆਂ ਲਈ ਇਕਾਂਤ ਸਵੱਛ ਪਵਿੱਤਰ ਅਨਕੂਲ ਵਾਤਾਰਣ ਹੈ।

ਮਹਾਂਪੁਰਖਾਂ ਦੀ ਬਹੁ ਪੱਖੀ ਸਖਸ਼ੀਅਤ ਹੋਣ ਕਰਕੇ ਅਸਥਾਨ ਤੇ ਅਨੇਕਾਂ ਤਰ੍ਹਾਂ ਦੀ ਸੇਵਾ ਨਿਰੰਤਰ ਚਲਦੀ ਰਹਿੰਦੀ ਹੈ। ਅਨੇਕਾਂ ਲਾ-ਇਲਾਜ ਬਿਮਾਰੀਆਂ ਦੇ ਇਲਾਜ ਮਹਾਂਪੁਰਖਾਂ ਵੱਲੋਂ ਦੱਸੀ ਵਿਧੀ ਮੁਤਾਬਿਕ ਰਤਵਾੜਾ ਸਾਹਿਬ ਵਿਖੇ ਸੇਵਾ ਕਰਕੇ ਰੋਗ ਟੁਟ ਜਾਂਦੇ ਹਨ। ਇਸੇ ਹੀ ਸਬੰਧ ਵਿੱਚ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਟਰਸਟ ਰਤਵਾੜਾ ਸਾਹਿਬ ਵੱਲੋਂ ਸਰੀਰ ਨੂੰ ਨਿਰੋਗ ਰੱਖਣ ਵਾਸਤੇ ਪ੍ਰੋਗਰਾਮ ਚਲਾਏ ਜਾਂ ਰਹੇ ਹਨ। ਜਦੋਂ ਪੂਰਨਮਾਸ਼ੀ ਵਾਲੇ ਦਿਨ ਚੰਦਰਮਾਂ ਆਪਣੇ ਪੂਰੇ ਜੋਬਨ ਤੇ ਹੁੰਦਾ ਹੈ। ਔਸ਼ਧੀਆਂ ਪਾ ਕੇ ਖੀਰ ਤਿਆਰ ਕੀਤੀ ਜਾਂਦੀ ਹੈ। ਜਿਸ ਨਾਲ ਅਨੇਕਾਂ ਦੁਖੀ ਦਰਦਵੰਦਾਂ ਦੇ ਰੋਗ ਟੁਟਦੇ ਜਾ ਰਹੇ ਹਨ। ਮਹਾਂਪੁਰਖਾਂ ਦੇ ਬਚਨ ਸਨ ਕਿ ਰਤਵਾੜਾ ਸਾਹਿਬ ਵਿਖੇ ਚਲਾਏ ਸਕੂਲ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਿੱਚ ਪੜ੍ਹਨ ਵਾਲੇ ਬੱਚੇ ਇੱਕ ਆਦਰਸ਼ਕ ਮਨੁੱਖ, ਸਮਾਜ ਸੇਵਕ, ਨਿਸ਼ਕਾਮ, ਨਿਰਬਾਣ, ਚੰਗੇ ਨੰਬਰ ਲੈ ਕੇ, ਨਿਕਲਿਆ ਕਰਨਗੇ ਅਤੇ ਇਥੇ ਦਾਖਲਾ ਲੈਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਅੱਜ ਉਸ ਸਮੇਂ ਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਹੈ ਕਿ ਪਛੜੇ ਇਲਾਕੇ ਦੇ ਬੱਚੇ ਉਚ ਵਿਦਿਆ ਪ੍ਰਾਪਤ ਕਰ 95% ਨੰਬਰ ਲੈ ਰਹੇ ਹਨ। ਲਗਾਤਾਰ ਦਾਖਲੇ ਚਲ ਰਹੇ ਹਨ ਇਸ ਸੈਸ਼ਨ ਅੰਦਰ 600 ਨਵੇਂ ਬੱਚਿਆਂ ਨੇ ਦਾਖਲਾ ਲਿਆ ਹੈ। ਜੋ ਮਹਾਂਪੁਰਖਾਂ ਨੇ ਆਪਣੇ ਪੰਜ ਭੂਤਕ ਸਰੀਰਕ ਚੋਲਾ ਤਿਆਗਣ ਤੋਂ ਪਹਿਲਾਂ ਬਿਲਡਿੰਗ ਬਣਾਈ ਸੀ ਉਹ ਭਰ ਚੁਕੀ ਹੈ। ਆਉਣ ਵਾਲੇ ਸਮੇਂ ਅੰਦਰ ਇਸ ਨੂੰ ਹੀ ਵਧਾਇਆ ਜਾਣਾ ਹੈ। ਇਲਾਕੇ ਨੂੰ ਪਤਾ ਲਗ ਚੁਕਾ ਹੈ ਕਿ ਜੋ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਾਂਗ ਡੌਰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਹੱਥ ਵਿੱਚ ਹੈ ਇਕ ਰੂਹਾਨੀ ਵਾਤਾਵਰਣ ਦੇ ਨਾਲ ਨਾਲ ਇਸ ਸੰਸਥਾ ਦੀ ਜਿਹੜੀ ਵੀ ਬੱਚਤ ਹੈ ਉਹ ਬੱਚਿਆਂ ਦੇ ਭਵਿੱਖ ਨੂੰ ਉਚਾ ਚੁਕਣ ਵਿੱਚ ਹੀ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਦੇ ਪਵਿੱਤਰ ਚੌਗਿਰਦੇ ਅੰਦਰ ਯੂਨੀਵੀਸਿਟੀ ਵਣਨ ਜਾ ਰਹੀ ਹੈ। ਵਿਦਿਅਕ ਅਦਾਰਿਆ ਦੀਆਂ ਵਿਸ਼ਾਲ ਇਮਾਰਤਾ ਬਣਨੀਆਂ ਏਹੀਙ ਹੋ ਚੁਕੀਆਂ ਹਨ।

ਉਹ ਦਿਨ ਦੂਰ ਨਹੀਂ ਆਉਣ ਵਾਲੇ ਸਮੇਂ ਅੰਦਰ ਇਸ ਸਕੂਲ ਦੇ ਬੱਚੇ ਇੰਗਲੈਂਡ, ਅਮਰੀਕਾ, ਕੈਨੇਡਾ, ਯੂਰਪ, ਅਰਬ ਦੇਸ਼ਾਂ ਵਿੱਚ ਸਹਿਜ ਨਾਲ ਹੀ ਵਿਦਿਆ ਪ੍ਰਾਪਤ ਕਰਨ ਜਾਇਆ ਕਰਨਗੇ। ਮਹਾਂਪੁਰਖਾਂ ਦਾ ਜੋ ਸੁਪਨਾ ਸੀ ਕਿ ਸਾਡੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਵਿੱਚ ਲੇਬਰ ਲੱਖਾਂ ਰੁਪਏ ਦੇ ਕੇ ਜਾਣ ਦੇ ਬਾਵਜੂਦ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾਂ ਪੈਂਦਾ ਹੈ।



ਪੂਰਨਮਾਸ਼ੀ ਵਾਲੀ ਰਾਤ ਦੇ ਸਮੇਂ ਵੈਦ ਮੇਘ ਨਾਥ ਜੀ ਰਤਵਾੜਾ ਸਾਹਿਬ ਵਿਖੇ ਸਿਹਤ ਨੂੰ ਨਿਰੋਗ ਰੱਖਣ ਲਈ ਦੱਸਦੇ ਹੋਏ ਨਾਲ ਹਨ ਸੰਤ ਬਾਬਾ ਹਰਪਾਲ ਸਿੰਘ ਜੀ



**ਰਤਵਾੜਾ ਸਾਹਿਬ ਵਿਖੇ ਪੂਰਨਮਾਸ਼ੀ ਵਾਲੇ ਦਿਨ ਸੰਗਤਾਂ ਦਾ ਰਾਤ ਦੇ 1.00 ਵਜੇ ਦਰਗਾਹੀ ਪ੍ਰਸ਼ਾਦ ਖੀਰ ਸ਼ਕਣ ਦਾ ਦ੍ਰਿਸ਼।**

(ਪੰਨਾ 28 ਦੀ ਬਾਕੀ)

***ਧਾਰਨਾ - ਅਠਸਠ ਤੀਰਥ ਨਾਹ ਕੇ,***
***ਤੂੰਬੀਏ ਅਜੇ ਵੀ ਰਹਿ ਗਈ ਕੌੜੀ।***

***ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥***
***ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥***
***ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥***
***ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥***

***ਅੰਗ - ੭੮੯***

ਮਨ ਦੇ ਖੋਟੇ ਨੇ, ਤਨ ਦੀ ਚੋਰੀ ਕਰਦੇ ਨੇ। ਇੱਕ ਲਹਿ ਗਿਆ ਤੇ ਦੁੱਗਣੀ ਮੈਲ ਹੋਰ ਲਾ ਲਈ।

***ਕਾਂਇਆ ਮਾਂਜਸਿ ਕਉਨ ਗੁਨਾਂ ॥***
***ਜਉ ਘਟ ਭੀਤਰਿ ਹੈ ਮਲਨਾਂ ॥ ਅੰਗ - ੬੫੬***

ਜਦ ਅੰਦਰੋਂ ਮੈਲਾ ਹੈ ਤਾਂ ਕਾਇਆ ਧੋ ਕੇ ਕੀ ਕਰਨਾ ਹੈ -

***ਲਉਕੀ ਅਠਸਠਿ ਤੀਰਥ ਨ੍ਹਾਈ ॥***
***ਕਉਰਾਪਨੁ ਤਊ ਨ ਜਾਈ ॥ ਅੰਗ - ੬੫੬***

ਕਹਿੰਦੇ ਤਨ ਨੂੰ ਨੰਗਾ ਕਰਕੇ ਖੂਬ ਮਲ-ਮਲ ਕੇ ਨਾਹੁੰਦਾ ਹੈ, ਇਵੇਂ ਤੀਰਥ ਨਾਹੁੰਦੀ ਹੈ ਤੂੰਬੜੀ। ਸੋ ਮਹਾਰਾਜ ਜੀ ਨੇ ਜਦੋਂ ਐਸੇ ਬਚਨ ਸੁਣਾਏ ਸਾਰਿਆ ਨੇ ਨਮਸ਼ਕਾਰ ਕਰੀ, ਕਹਿੰਦੇ ਪਾਤਸ਼ਾਹ! ਤੁਸੀਂ ਤਾਂ ਸਾਨੂੰ ਸੁੱਤਿਆਂ ਪਿਆ ਨੂੰ ਜਗਾ ਦਿੱਤਾ, ਵਿੱਚ ਹੀ ਸੰਨਿਆਸੀ, ਵਿੱਚ ਹੀ ਪੰਡਤ, ਵਿੱਚੇ ਸਾਰੇ ਜੋਗੀ, ਸਾਰੇ ਮੱਤਾਂ ਦੇ ਸਾਧੂ, ਉੱਤੇ-ਉੱਤੇ ਸੋਚਦੇ ਸੀ, ਅੰਦਰਲੀ ਗੱਲ ਨਹੀਂ ਸੀ ਕਿਸੇ ਨੇ ਸੋਚੀ, ਓਸ ਵੇਲੇ ਲੰਗਰ ਤਿਆਰ ਹੋ ਰਿਹਾ ਸੀ ਤੇ ਮਹਾਰਾਜ ਜੀ ਨੂੰ ਜਿਹੜੇ ਚੰਗੇ ਮੁਖੀ ਪੰਗਤ ਸੀਗੇ, ਕਰਮਕਾਂਡ ਵਾਲੇ, ਸ਼ੁੱਧ; ਉਨ੍ਹਾਂ ਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ! ਪ੍ਰਸ਼ਾਦਾ ਤਿਆਰ ਹੈ, ਆਪ ਲੰਗਰ ਛਕੋ ਚੱਲ ਕੇ ਤੇ ਸੁੱਚਾ ਲੰਗਰ ਅਸੀਂ ਬਣਾਇਆ ਹੈ। ਉਸ ਵੇਲੇ ਮਹਾਰਾਜ ਕਹਿੰਦੇ ਕਿਵੇਂ ਸੱਚਾ ਕਰ ਲਿਆ ਭਾਈ, ਕਹਿੰਦੇ ਮਹਾਰਾਜ ਸੱਚੇ ਪਾਤਸ਼ਾਹ! ਪਹਿਲਾਂ ਤਾਂ ਅਸੀਂ ਧਰਤੀ ਪੁੱਟੀ ਹੈ, ਗੋਡੇ-ਗੋਡੇ ਕਿ ਥੱਲੇ ਕੋਈ ਮਾੜੀ ਚੀਜ਼ ਨਾ ਨਿਕਲ ਆਵੇ, ਫੇਰ ਅਸੀਂ ਉਹ ਮਿੱਟੀ ਓਸੇ ਟੋਏ ਵਿੱਚ ਭਰੀ ਹੈ, ਫੇਰ ਅਸੀਂ ਉਹਨੂੰ ਪਾਣੀ ਨਾਲ ਲਿਪਿਆ ਹੈ, ਗੋਬਰ ਨਾਲ ਲਿਪਿਆ ਹੈ, ਚੌਂਕਾ ਬਣਾਇਆ ਹੈ ਤੇ ਲੱਕੜੀਆਂ ਅਸੀਂ ਧੋਤੀਆਂ ਨੇ ਕਿ ਕੋਈ ਮੈਲ ਹੱਥ ਨੂੰ ਨਾ ਲਗ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪੂਰੀ ਵਿਧੀ ਦੇ ਨਾਲ ਚੌਂਕਾ ਤਿਆਰ ਕਰਿਆ ਹੈ ਤੇ ਤੁਸੀਂ ਆ ਕੇ ਪ੍ਰਸ਼ਾਦਾ ਛਕੋ। ਮਹਾਰਾਜ ਜੀ ਉਥੋਂ ਉਠਦੇ ਨੇ ਤੇ ਪ੍ਰਸ਼ਾਦਾ ਛਕਣ ਵਾਸਤੇ ਜਾਂਦੇ ਨੇ ਤੇ ਪੰਡਤ ਜਦੋਂ ਜਾ ਕੇ ਜਦੋਂ ਉਹਦੇ ਚੌਂਕੇ 'ਚ ਦਾਖਲ ਹੁੰਦੇ ਨੇ, ਮਹਾਰਾਜ ਬਾਹਰ ਖੜ੍ਹੇ ਰਹਿ ਗਏ। ਉਸ ਵੇਲੇ ਕਹਿੰਦੇ ਪਾਤਸ਼ਾਹ! ਤੁਸੀਂ ਆ ਜਾਓ। ਆਹ ਆਸਣ ਵਿਛਾ ਦਿੱਤਾ ਆਹ ਚੌਂਕੇ ਦੇ ਅੰਦਰ ਆ ਕੇ ਪ੍ਰਸ਼ਾਦਾ ਛਕੋ ਤਾਂ ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

***ਧਾਰਨਾ - ਜਦੋਂ ਨਾਲ ਚੰਡਾਲ ਆ ਕੇ ਬਹਿ ਗਿਆ,***
***ਚੌਂਕਾ ਸਾਰਾ ਭਿੱਟਿਆ ਗਿਆ।***

ਮਹਾਰਾਜ! ਅੰਦਰ ਲੰਘ ਆਓ, ਧਰਤੀ ਪੁੱਟ ਕੇ ਅਸੀਂ ਚੁੱਲ੍ਹਾ ਬਣਾਇਆ ਹੈ। ਬਰਤਨ ਸਾਰੇ ਗੰਗਾ ਜਲ ਨਾਲ ਧੋ ਦਿੱਤੇ ਨੇ, ਮਾਂਜ ਦਿੱਤੇ ਨੇ, ਕਈ-ਕਈ ਵਾਰੀ ਮਾਂਜੇ ਨੇ ਇੱਕ ਦੋ ਵਾਰੀ ਨਹੀਂ। ਲੱਕੜੀਆਂ ਅਸੀਂ ਧੋ ਕੇ ਲਿਆਂਦੀਆਂ ਨੇ, ਦਾਣੇ ਧੋ ਕੇ, ਸੁਕਾ ਕੇ ਰੱਖੇ ਨੇ ਤਾਂ ਕਿ ਕੋਈ ਭਿੱਟ ਨਾ ਰਹਿ ਜਾਵੇ, ਤੁਸੀਂ ਅੰਦਰ ਆ ਜਾਓ। ਮਹਾਰਾਜ ਕਹਿੰਦੇ, ਕਿਵੇਂ ਆ ਜਾਈਏ, ਇਹ ਤਾਂ ਸਾਰਾ ਚੌਂਕਾ ਭਿੱਟਿਆ ਗਿਆ ਜਿੰਨਾ ਵੀ ਸੀ। ਕਹਿੰਦੇ, ਮਹਾਰਾਜ! ਕਾਹਦੇ ਨਾਲ ਭਿੱਟਿਆ ਗਿਆ। ਮਹਾਰਾਜ ਕਹਿੰਦੇ, ਤੁਹਾਡੇ ਵੜਨ ਤੋਂ ਪਹਿਲਾਂ ਤਾਂ ਸੱਚਾ ਸੀਗਾ ਇਹ। ਪਰ ਜਦ ਤੁਸੀਂ ਵੜ ਗਏ ਨਾ ਇਹ ਭਿੱਟਿਆ ਗਿਆ। ਕਹਿੰਦੇ, ਮਹਾਰਾਜ! ਅਸੀਂ ਉੱਤਮ ਜਾਤ ਦੇ ਬ੍ਰਾਹਮਣ ਹਾਂ, ਪੂਜਾ ਪਾਠ ਕਰਦੇ ਹਾਂ, ਕਰਮ ਧਰਮ ਦੇ ਵਿੱਚ ਪੱਕੇ ਹਾਂ, ਗੰਗਾ 'ਚ ਇਸ਼ਨਾਨ ਕਰਨ ਵਾਲੇ ਹਾਂ। ਸਾਡੀ ਤਾਂ ਭਿੱਟ ਨਹੀਂ ਲਗਦੀ, ਭਿੱਟ ਤਾਂ ਜੇ ਕੋਈ ਹਮੇਸ਼ਾ ਛੋਟੀ ਜਾਤ ਵਾਲਾ ਆ ਕੇ ਬੈਠ ਜਾਵੇ, ਤਾਂ ਭਿੱਟੀ ਜਾਂਦੀ ਹੈ। ਮਹਾਰਾਜ ਕਹਿੰਦੇ ਛੋਟੀ ਜਾਤ ਵਾਲੇ ਹੀ ਬੈਠ ਗਏ ਨਾ। ਕਹਿੰਦੇ, ਮਹਾਰਾਜ! ਸਾਨੂੰ ਤਾਂ ਨਜ਼ਰ ਨਹੀਂ ਆਉਂਦਾ। ਕਹਿੰਦੇ ਤੁਹਾਡੇ ਅੰਦਰ ਹੈ -

***ਕੁਬੁਧਿ ਡੂਮਣੀ ਕੁਦਇਆ ਕਸਾਇਣਿ***
***ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਅੰਗ - ੯੧***

ਜਿਹੜੀ ਕਬੁੱਧੀ ਹੈ ਨਾ, ਜਿਹੜੀ ਸਬੁੱਧੀ ਹੁੰਦੀ ਹੈ ਉਹ ਤਾਂ ਪ੍ਰਮੇਸ਼ਰ ਨੂੰ ਹਰ ਥਾਂ ਦੇ ਉੱਤੇ ਹਾਜ਼ਰ ਨਾਜ਼ਰ ਦੇਖਦੀ ਹੈ, ਉਹਨੂੰ ਸਭ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਨਜ਼ਰ ਆਉਂਦੀ ਹੈ। ਜਿਹੜੀ ਕਬੁੱਧੀ ਹੈ ਪਹਿਲੀ ਕਬੁੱਧੀ ਇਹੀ ਹੈ ਕਿ ਮਨੁੱਖ ਨੂੰ ਵੰਡਣਾ ਹੈ ਜਾਤਾਂ ਪਾਤਾਂ 'ਚ। ਮਨੁੱਖ ਕਰਮ ਨਾਲ ਤਾਂ ਵੰਡਿਆ ਜਾਂਦਾ ਹੈ, ਇੱਕ ਮਾਢੇ ਕਰਮ ਨਾਲ, ਇੱਕ ਚੰਗੇ ਕਰਮ ਨਾਲ। ਜੇ ਬਾਲਮੀਕ ਨੇ ਨਾਮ ਜਪਿਆ ਹੈ ਤਾਂ ਸਭ ਦੁਨੀਆਂ ਪੂਜਦੀ ਹੈ। ਜੇ ਰਵਿਦਾਸ ਜੀ ਨੇ ਨਾਮ ਜਪਿਆ ਹੈ ਤਾਂ ਸਾਰੀ ਦੁਨੀਆ ਪੂਜਦੀ ਹੈ, ਜੇ ਨਾਮਦੇਵ ਜੀ ਨੇ ਨਾਮ ਜਪਿਆ ਹੈ ਸਾਰੇ ਹੀ ਪੂਜਦੇ ਨੇ, ਕਬੀਰ ਸਾਹਿਬ ਨੇ ਨਾਮ ਜਪਿਆ ਹੈ ਸਭ ਆਦਰ ਕਰਦੇ ਨੇ ਤੇ ਬੰਦਗੀ ਕਰਨ ਵਾਲਾ ਤਾਂ ਹੁੰਦਾ ਹੈ ਪਵਿੱਤਰ। ਕਹਿਣ ਲੱਗੇ, ਪੰਡਤ ਜੀ! ਤੁਹਾਡੇ ਵਸਤਰ ਵੀ ਸਾਫ ਨੇ, ਤੁਸੀਂ ਇਸ਼ਨਾਨ ਵੀ ਕਰਿਆ ਹੋਇਆ ਹੈ, ਸੋਹਣੇ ਸੁਨੱਖੇ ਓਂ, ਸਭ ਕੁਛ ਕਰ ਲਿਆ ਪਰ ਅੰਦਰ ਕੁਬੁੱਧੀ ਹੈ ਤੁਹਾਡੇ ਤੇ ਕੁਦਇਆ ਹੈ ਦੂਜੇ 'ਤੇ ਦਇਆ ਨਹੀਂ ਕਰਦੇ। ਛੋਟੀਆਂ ਜਾਤਾਂ ਦੇ ਉੱਤੇ ਜ਼ੁਲਮ ਕਰਦੇ ਓਂ, ਨਾਮ ਜਪਣ ਨਹੀਂ ਦਿੰਦੇ ਉਨ੍ਹਾਂ ਨੂੰ ਇਹ ਫੇਰ ਕਸਾਈ ਆ ਗਿਆ। ਜਿਹੜੀ ਨਿੰਦਿਆ ਕਰਦੇ ਓਂ ਤੁਸੀਂ ਦੂਸਰਿਆਂ ਦੀ, ਕਹਿੰਦੇ ਇਹ ਚੂਹੜੀ ਆ ਗਈ। ਜਿਹੜਾ ਕਰੋਧ ਕਰਦੇ ਓਂ ਇਹ ਕਹਿੰਦੇ ਚੰਡਾਲ ਹੈ।

***ਕਾਰੀ ਕਢੀ ਕਿਆ ਥੀਐ***
***ਜਾਂ ਚਾਰੇ ਬੈਠੀਆ ਨਾਲਿ॥ ਅੰਗ - ੯੧***

ਚਾਰੇ ਤਾਂ ਨਾਲ ਬੈਠੀਆਂ ਨੇ ਤੇ ਕਾਰਾਂ ਕੱਢਣਾ ਨਾਲ ਕੀ

ਹੁੰਦਾ ਹੈ। ਮਹਾਰਾਜ ਕਹਿੰਦੇ, ਕਿਸੇ ਬੰਦੇ ਦੀ ਭਿੱਟ ਨਾ ਮੰਨੋ। ਲੇਕਿਨ ਅਸੀਂ ਭਿੱਟ ਦਸ ਦਿੰਦੇ ਹਾਂ ਕਿ ਕਿਹੜਾ ਬੰਦਾ ਹੈ ਜਿਹੜਾ ਭਿੱਟ ਪਾਉਂਦਾ ਹੈ, ਕਹਿੰਦੇ ਜਿਹਦੇ ਅੰਦਰ ਕ੍ਰੋਧ ਹੋਵੇ –

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ ॥ ਅੰਗ – ੪੦*

ਨੇੜੇ ਦੀ ਵੀ ਨਾ ਲੰਘੋ, ਓਹਦੀ ਭਿੱਟ ਲਗ ਜਾਂਦੀ ਹੈ, ਜਿਹਦੇ ਅੰਦਰ ਕ੍ਰੋਧ ਚੰਡਾਲ ਵਸਦਾ ਹੈ। ਚਾਹੇ ਕਿੰਨਾ ਹੀ ਸੁੱਚਾ ਹੈ, ਕਿੰਨਾ ਹੀ ਨਾਹੁੰਦਾ ਹੈ, ਕਿੰਨੀਓਂ ਜਾਤੀ ਉੱਚੀ ਹੈ, ਉਹ ਤਾਂ ਸਾਰਾ ਲੰਗਰ ਭ੍ਰਿਸ਼ਟ ਕਰ ਦਏਗਾ, ਜੇ ਕ੍ਰੋਧੀ ਲਾਂਗਰੀ ਹੋਵੇ। ਸੋ ਮਹਾਰਾਜ ਖਬਰਦਾਰ ਕਰਦੇ ਨੇ ਸਾਨੂੰ ਹਰ ਪੁਆਇੰਟ 'ਤੇ ਕਿ ਬਾਹਰ-ਬਾਹਰ ਕਿਉਂ ਕਰਦੇ ਓਂ, ਨਾਹੁੰਣ ਤੇ ਨਹੀਂ ਸੁੱਚਾ ਹੁੰਦਾ। ਕਿਉਂਕਿ ਮਨ ਮੈਲਾ ਹੈ –

*ਪੂਜਿ ਸਿਲਾ ਤੀਰਥ ਬਨ ਵਾਸਾ ॥*
*ਭਰਮਤ ਡੋਲਤ ਭਏ ਉਦਾਸਾ ॥*
*ਮਨਿ ਮੈਲੈ ਸੂਚਾ ਕਿਉ ਹੋਇ ॥*
*ਸਾਚਿ ਮਿਲੈ ਪਾਵੈ ਪਤਿ ਸੋਇ ॥ ਅੰਗ – ੬੮੬*

ਸੁੱਚਾ ਤਾਂ, ਤਾਂ ਹੁੰਦਾ ਹੈ ਜੇ ਵਾਹਿਗੁਰੂ ਦਾ ਨਾਮ ਲਵੇ।

*ਅੰਤਰਿ ਜੂਠਾ ਕਿਉ ਸੁਚਿ ਹੋਇ ॥*
*ਸਬਦੀ ਧੋਵੈ ਵਿਰਲਾ ਕੋਇ ॥ ਅੰਗ – ੧੩੪੪*

ਅੰਦਰੋਂ ਤਾਂ ਜੂਠਾ ਚੱਲ ਰਿਹਾ ਹੈ, ਫੇਰ ਸੁੱਚ ਕਹਿੰਦੇ ਕਿਵੇਂ ਹੋਵੇ।

ਉਸ ਵੇਲੇ ਹੱਥ ਬੰਨ੍ਹ ਲਏ ਸਾਰਿਆਂ ਨੇ, ਕਹਿਣ ਲੱਗੇ, ਪਾਤਸ਼ਾਹ! ਆਹ ਗੱਲਾਂ ਦਾ ਸਾਨੂੰ ਨਹੀਂ ਸੀ ਪਤਾ ਹੁਣ ਆਪ ਕ੍ਰਿਪਾ ਕਰਕੇ ਦੱਸ ਦਿਓ, ਬਈ ਬੰਦੇ ਜੂਠੇ ਨੇ ਜਿਨ੍ਹਾਂ ਦੇ ਅੰਦਰ ਕਾਮ ਚਲਦਾ ਹੈ, ਕ੍ਰੋਧ ਦੀ ਲਹਿਰ ਚਲਦੀ ਹੈ, ਮੋਹ ਦੀ, ਹੰਕਾਰ ਦੀ, ਈਰਖਾ ਦੀ, ਨਿੰਦਿਆ, ਈਰਖਾ, ਵਖੀਲੀ, ਚੁਗਲੀ; ਕਪਟ, ਛਲ ਚਲਦਾ ਹੈ ਇਹ ਸਭ ਬੰਦੇ ਜੂਠੇ-ਜੂਠੇ ਨੇ, ਉਨ੍ਹਾਂ ਦੇ ਹੱਥ ਵੀ ਜੂਠੇ, ਉਨ੍ਹਾਂ ਦਾ ਤਨ ਵੀ ਜੂਠਾ, ਉਨ੍ਹਾਂ ਦਾ ਮਨ ਵੀ ਜੂਠਾ। ਕਹਿੰਦੇ, ਮਹਾਰਾਜ! ਫੇਰ ਸੁੱਚਾ ਕਿਵੇਂ ਹੋਵੇ? ਫੇਰ ਆਪ ਕ੍ਰਿਪਾ ਕਰਕੇ ਇਹ ਦੱਸੋ? ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ –

*ਧਾਰਨਾ – ਜਿਨ ਮਨ ਵਸਿਆ ਹਰਿ ਜੀ,*
*ਸੁੱਚੇ ਸੇਈ-ਸੁੱਚੇ ਸੇਈ।*
*ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥*
*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥*
*ਅੰਗ – ੪੭੨*

ਕਹਿਣ ਲੱਗੇ, ਸੰਤੋ! ਸੁੱਚਾ ਤਾਂ ਓਹੀ ਹੈ ਜਿਹਦੇ ਮਨ ਵਿੱਚ ਹਰ ਵਕਤ ਵਾਹਿਗੁਰੂ ਵਸਦਾ ਹੈ। ਜਿਹਦੇ ਨੇਤਰ ਹਰ ਥਾਂ ਦੇ ਉੱਤੇ ਪ੍ਰਮੇਸ਼ਰ ਨੂੰ ਦੇਖਦੇ ਹਨ। ਜਿਹਦੇ ਕੰਨ ਹਰ ਸ਼ਬਦ ਦੇ ਵਿੱਚੋਂ ਨਾਮ ਦੀ ਧੁਨ ਸੁਣਦੇ ਹਨ, ਕਹਿੰਦੇ ਉਹ ਸੁੱਚਾ ਹੈ –

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ – ੧੪੨੦*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ – ੧੨੬੫*

ਉਹ ਸੁੱਚੇ ਨੇ, ਬਾਕੀ ਤਾਂ ਸਾਰਾ ਜੂਠਾ ਹੈ ਸੰਸਾਰ, ਮਾਂ ਵੀ ਜੂਠੀ, ਪਿਓ ਵੀ ਜੂਠਾ, ਭਰਾ ਵੀ ਜੂਠਾ, ਦੁਨੀਆਂ ਵੀ ਜੂਠੀ, ਜੂਠਿਆਂ ਵਿੱਚ ਜੂਠਾ ਰਹਿੰਦਾ ਹੈ। ਇਹਦਾ ਮਨ ਵੀ ਜੂਠਾ ਰਹਿੰਦਾ ਹੈ।

*ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥*
*ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥*
*ਅੰਗ – ੯੧*

ਸੋ ਇਸ ਦੇ ਨਾਲ ਅਖੀਰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ, ਸਾਨੂੰ ਗੁਰਮਤਿ ਮਾਰਗ ਦੇ ਉੱਤੇ ਪ੍ਰਕਾਸ਼ ਪਾਓ। ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਹਰ ਬੰਦੇ ਦੇ ਅੰਦਰ ਸ਼ਬਦ ਦੀ ਧੁਨ ਚਲਦੀ ਹੈ। ਕਿਉਂਕਿ ਸ਼ਬਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਨੇ –

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋਹ ਰਹਾ।*

ਸ਼ਬਦ ਦੀ ਧੁਨ ਦੀ ਸ਼ਕਤੀ ਜਿਹੜੀ ਹੈ ਉਹ ਸਾਰੇ ਸੰਸਾਰ 'ਚ ਪ੍ਰੀਪੂਰਨ ਹੈ। ਹੁਣ ਇੱਥੇ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਸ਼ਬਦ ਜਿਹੜਾ ਪ੍ਰਾਕ੍ਰਿਤਕ ਹੈ ਜਾਂ ਪ੍ਰਾਕ੍ਰਿਤੀ ਤੋਂ ਬਾਹਰ ਹੈ। ਜੇ ਤਾਂ ਪ੍ਰਾਕ੍ਰਿਤੀ ਤੋਂ ਬਾਹਰ ਹੈ ਫੇਰ ਤਾਂ ਓਹਦੀ ਕੋਈ ਅਵਾਜ਼ ਨਹੀਂ ਹੈ। ਉਹ ਅਸੀਂ ਉਸੇ ਮੰਡਲ ਵਿੱਚ ਜਾ ਕੇ ਜਦ ਸਾਨੂੰ ਦਿਬਯ ਕੰਨਾਂ ਦੀ ਪ੍ਰਾਪਤੀ ਹੋ ਜਾਵੇ, ਫੇਰ ਉਹ ਸਾਨੂੰ ਸ਼ਬਦ ਸੁਣਦਾ ਹੈ। ਜਦ ਦਿਬਯ ਨੇਤਰਾਂ ਦੀ ਪ੍ਰਾਪਤੀ ਹੋ ਜਾਵੇ, ਫੇਰ ਸਾਨੂੰ ਪ੍ਰਕਾਸ਼ ਦਿਸਦਾ ਹੈ। ਮਹਾਰਾਜ ਕਹਿੰਦੇ, ਉਸ ਸ਼ਬਦ ਤੋਂ ਬਗੈਰ ਹਨ੍ਹੇਰਾ ਛਾਇਆ ਪਿਆ ਹੈ ਸੰਸਾਰ ਦੇ ਅੰਦਰ। ਕਿਉਂਕਿ ਨਿਰੰਕਾਰ ਨੇ ਉਤਪਤੀ ਸ਼ਬਦ ਤੋਂ ਕੀਤੀ ਹੈ।

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਨਾਉਂ ਹੋਇਆ ਜਦ ਉਹਨੇ ਸ੍ਰਿਸ਼ਟੀ ਦੀ ਰਚਨਾ ਅਰੰਭੀ। ਏਕੰਕਾਰ ਤੋਂ ਸ਼ਬਦ ਦੀ ਧੁਨੀ ਹੋਈ, ਸ਼ਬਦ ਦਾ ਨਾਉਂ ਰੱਖਿਆ ਓਅੰਕਾਰ। ਓਅੰਕਾਰ ਦੀ ਧੁਨੀ ਹੋਈ। ਜਿੰਨੇ ਅਕਾਰ ਨਜ਼ਰ ਆਉਂਦੇ ਨੇ ਧਰਤੀ ਵਗੈਰਾ, ਸੂਰਜ, ਚੰਦ, ਤਾਰੇ, ਪਾਣੀ, ਜੋ ਕੁਛ ਵੀ ਨਜ਼ਰ ਆਉਂਦਾ ਹੈ ਸਭ ਸ਼ਬਦ ਤੋਂ ਹੋਇਆ ਹੈ। ਸਭ ਕੁਛ ਓਅੰਕਾਰ ਤੋਂ ਹੋਇਆ ਹੈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ – ੯੨੯*

ਜਿਹੜੀ ਸੰਸਾਰ 'ਚ ਜਾਗਰਤ ਆਈ ਹੈ, ਜੇ ਇਹ ਨਿਕਲ ਜਾਵੇ, ਆਦਮੀ ਨੂੰ ਅਸੀਂ ਕਹਿੰਦੇ ਹਾਂ ਮੁਰਦਾ ਹੈ। ਆਹ ਜਿਹੜੀ ਮੁਰਦੇ ਤੋਂ ਬਚਾਉਣ ਵਾਲੇ ਸਾਡੇ ਅੰਦਰ ਜਾਗ ਜਿਹੀ ਹੈ, ਸੋਝੀ ਜਿਹੀ ਹੈ, ਮਹਾਰਾਜ ਕਹਿੰਦੇ ਇਹਨੂੰ ਚਿੱਤ ਕਹਿੰਦੇ ਨੇ, ਚੇਤਨਾ

ਜਿਹੜੀ ਹੈ ਇਹ ਓਅੰਕਾਰ ਸ਼ਬਦ ਤੋਂ ਹੋਈ ਹੈ। ਓਅੰਕਾਰ ਤੋਂ ਹੀ ਗਿਆਨ ਸ੍ਰਿਸ਼ਟੀ ਨੂੰ ਰਚਣ ਵਾਲਾ ਬ੍ਰਹਮਾ ਹੋਇਆ ਹੈ।

***ਓਅੰਕਾਰਿ ਸੈਲ ਜੁਗ ਭਏ ॥ ਅੰਗ - ੯੨੯***

Time & space ਦੋਵੇਂ ਚੀਜ਼ਾਂ ਇਹ ਸਾਰੀਆਂ ਓਅੰਕਾਰ ਸ਼ਬਦ ਤੋਂ ਹੋਈਆਂ।

***ਓਅੰਕਾਰਿ ਬੇਦ ਨਿਰਮਏ ॥ ਅੰਗ - ੯੨੯***

ਜਿੰਨਾ ਗਿਆਨ ਸੰਸਾਰ 'ਚ ਆਇਆ ਸਾਰਾ ਓਅੰਕਾਰ ਸ਼ਬਦ 'ਚੋਂ ਆਇਆ। ਓਅੰਕਾਰ ਸ਼ਬਦ ਨੇ ਤ੍ਰਿਭਵਣਾਂ ਨੂੰ ਧਾਰਨ ਕੀਤਾ ਹੋਇਆ ਹੈ।

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਓਸ ਨਾਮ ਤੱਕ ਜੇ ਸਾਡੀ ਸੁਰਤੀ ਨਹੀਂ ਜਾਂਦੀ, ਉਹ ਸ਼ਬਦ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਾਂ ਕਹਿੰਦੇ ਅੰਦਰ ਹਨ੍ਹੇਰਾ ਰਹਿੰਦਾ ਹੈ। ਇਸ ਤਰ੍ਹਾਂ ਸਮਝ ਲਓ ਕਿ ਸਾਡੇ ਅੰਦਰ ਬਜਰ ਕਪਾਟ ਜੁੜੇ ਹੋਏ ਰਹਿੰਦੇ ਨੇ। ਹਨ੍ਹੇਰਾ ਰਹਿੰਦਾ ਹੈ ਉਨ੍ਹਾਂ ਦਾ। ਜਿੰਨਾਂ ਚਿਰ ਤੱਕ ਕੁੰਜੀ ਨਹੀਂ ਮਿਲਦੀ ਓਨਾਂ ਚਿਰ ਤੱਕ ਉਹਦਾ ਪ੍ਰਕਾਸ਼ ਨਹੀਂ ਹੁੰਦਾ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ - ੧੨੪***

ਨਾ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ, ਨਾ ਜੰਮਣ ਮਰਨ ਦਾ ਸਾਡਾ ਚੱਕਰ ਛੁਟਦਾ ਹੈ ਕਿਉਂਕਿ ਆਤਮ ਵਸਤ ਦੀ ਪ੍ਰਾਪਤੀ ਹੋਏਗੀ, ਓਸ ਵੇਲੇ ਸਾਡਾ ਜੰਮਣਾ ਮਰਨਾ ਖਤਮ ਹੋਏਗਾ, ਨਹੀਂ ਤਾਂ ਸਾਧਸੰਗਤ ਜੀ! ਖਬਰਦਾਰ ਰਹਿਣਾ ਚਾਹੀਦਾ ਹੈ। ਆਪਾਂ ਜੰਮਦੇ ਰਹਿਣਾ ਹੈ, ਮਰਦੇ ਰਹਿਣਾ ਹੈ, ਪਤਾ ਨਹੀਂ ਵਾਹਿਗੁਰੂ ਕਿੱਥੇ ਭੇਜੇ ਕੀ ਸਾਡਾ ਹਾਲ ਹੋਵੇ। ਮਹਾਰਾਜ ਕਹਿੰਦੇ, ਐਉਂ ਨਾ ਘਬਰਾਓ ਤੁਸੀਂ, ਤੁਸੀਂ ਪੂਰੇ ਸਤਿਗੁਰੂ ਦੀ ਸ਼ਰਨ ਲਵੋ। ਸਤਿਗੁਰੂ ਦੀ ਸ਼ਰਨ ਲੈ ਕੇ ਇਹ ਜਿਹੜਾ ਗੋਰਖ ਧੰਦਾ ਹੈ ਇਹ ਹੱਲ ਹੋ ਜਾਂਦਾ ਹੈ।

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪***

ਕੁੰਜੀ ਸਤਿਗੁਰੂ ਕੋਲ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫***

ਜਦ ਗੁਰੂ ਦੀ ਸ਼ਰਨ ਆਵਾਂਗੇ, ਉਥੋਂ ਕੁੰਜੀ ਮਿਲ ਜਾਂਦੀ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ ॥ ਅੰਗ - ੯੫੪***

ਚਾਬੀ ਮਿਲ ਗਈ ਗੁਰੂ ਦੇ ਸ਼ਬਦ ਦੀ।

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ ਅੰਗ - ੯੫੪***

ਫੇਰ ਕੀ ਹੁੰਦਾ ਹੈ ਜਦ ਖੁਲ੍ਹ ਗਿਆ ਤਾਲਾ, ਫੇਰ ਨਿਸ਼ਾਨੀਆਂ ਨੇ ਉਥੇ, ਕਹਿੰਦੇ ਅਨਹਦ ਵਾਜਿਆਂ ਦੀ ਧੁਨ ਵਜਦੀ ਹੈ। ਫੇਰ ਜਿਹੜਾ ਏਸ ਧੁਨ ਤੱਕ ਪਹੁੰਚਾ ਦੇਵੇ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਉਹ ਸਤਿਗੁਰੂ ਹੋਇਆ ਕਰਦਾ ਹੈ ਜਿਹੜਾ ਆਹ ਘਰ ਦੇ ਵਿੱਚ ਅਸਲੀ ਘਰ ਦਿਖਾ ਦੇਵੇ। ਵਾਹਿਗੁਰੂ ਆਪਣੇ ਏਸ ਸਰੀਰ ਰੂਪੀ ਘਰ ਵਿੱਚ ਹੀ ਰਹਿੰਦਾ ਹੈ। ਇਹਦੇ ਵਿੱਚ ਜਿਹੜਾ ਮੈਂ ਬੋਲਦਾ ਹੈ ਨਾ, ਇਹ ਹੈ ਨਹੀਂ ਇਹ ਇੱਕ ਪਰਛਾਵਾਂ ਹੈ ਵਾਧੂ ਦਾ। ਮਨੌਤ ਹੈ ਇਹ ਜਦ ਮਿਟ ਜਾਂਦਾ ਹੈ ਤਾਂ ਪ੍ਰਮੇਸ਼ਰ ਹੀ ਹੁੰਦਾ ਹੈ, ਦੂਜਾ ਨਹੀਂ ਹੁੰਦਾ।

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ***
***ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧***

ਕਹਿੰਦੇ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ। ਅੰਦਰ ਹੀ ਵਜਦੇ ਨੇ ਤੇ ਸੱਚੇ ਤਖਤ ਦੇ ਉੱਤੇ ਵਾਹਿਗੁਰੂ ਵੀ ਅੰਦਰ ਹੀ ਹੈ।

***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧***

ਦਸਵੇਂ ਦੁਆਰ, ਅਫੁਰ ਅਵਸਥਾ ਦੇ ਵਿੱਚ ਲਾ ਕੇ ਲਿਵ ਆਤਮਕ ਸੰਗੀਤ ਨੂੰ ਸੁਣ ਤੂੰ।

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥ ਅੰਗ - ੧੨੯੧***

ਜਦੋਂ ਇਹ ਅਕਥ ਕਥਾ ਦਾ ਗਿਆਨ, ਪ੍ਰਗਟ ਹੋਏਗਾ ਅੰਦਰ, ਜਿਹੜੀ ਕਹੀ ਨਹੀਂ ਜਾਂਦੀ, ਉਹ ਗੱਲ ਨੂੰ ਅਸੀਂ ਵਿਚਾਰਨ ਲੱਗਾਂਗੇ, ਤਾਂ ਜਿਹੜਾ ਮਨ ਹੈ ਇਹਦੀਆਂ ਵਾਸ਼ਨਾਵਾਂ ਖਤਮ ਹੋ ਕੇ ਅ-ਮਨ ਬਣ ਜਾਏਗਾ। ਇੱਕ ਮਨ ਹੈ, ਮਨ ਜੇ ਹੈਗਾ ਤਾਂ ਸੰਸਾਰ ਹੈ; ਜਦ ਅ-ਮਨ ਹੋ ਜਾਂਦਾ ਹੈ, ਫੇਰ ਵਾਹਿਗੁਰੂ ਹੋ ਜਾਂਦਾ ਹੈ। ਆਹੀ ਸੰਸਾਰ ਖਿੜ ਕੇ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ, ਕਿਉਂਕਿ ਮਨ ਦਾ ਫਤੂਰ ਅੰਦਰੋਂ ਨਿਕਲ ਕੇ ਅ-ਮਨ ਦੀ ਅਵਸਥਾ ਆ ਗਈ -

***ਕਹਿ ਕਬੀਰ ਬੁਧਿ ਹਰਿ ਲਈ***
***ਮੇਰੀ ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯***
***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ - ੮***

ਵਾਹਿਗੁਰੂ ਨੂੰ ਦੇਖਣ ਵਾਲੀ ਅੱਖ ਘਟ ਜਾਂਦੀ ਹੈ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧***

ਫੇਰ ਜਿਹੜਾ ਕਮਲ ਉਲਟਾ ਸੀ ਉਹ ਸਿੱਧਾ ਹੋ ਗਿਆ, ਅੰਮ੍ਰਿਤ ਨਾਮ ਨਾਲ ਭਰ ਗਿਆ।

***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥ ਅੰਗ - ੧੨੯੧***

ਫੇਰ ਨਹੀਂ ਵਿਸਰਦਾ ਵਾਹਿਗੁਰੂ। ਜਿੱਥੋਂ ਅਸੀਂ ਆਏ ਸੀ, ਜਿਹਦੇ ਨਾਲੋਂ ਵਿਛੜੇ ਸੀ ਉਹਦੇ ਵਿੱਚ ਸਮਾਅ ਜਾਵਾਂਗੇ ਤੇ ਜਿਹੜੇ ਇਹਦੇ ਵਿੱਚ -

***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ ॥ ਅੰਗ - ੧੨੯੧***

ਨਿਜ ਘਰ ਜਿਹੜਾ ਸਾਡਾ ਹੈ ਨਾ, ਜਿੱਥੇ ਜਾ ਕੇ ਅਸੀਂ ਰਹਿਣਾ ਹੈ। ਘਰ ਨੂੰ ਭੁੱਲੇ ਹੋਏ, ਕਰੋੜਾਂ ਅਰਬਾਂ ਖਰਬਾਂ ਸਾਲਾਂ ਦੇ ਭਟਕਦੇ ਫਿਰਦੇ ਹਾਂ। ਉਹਦੇ ਵਿੱਚ ਸਾਡਾ ਵਾਸਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ -

***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧***

ਲੇਕਿਨ ਸ਼ਬਦ ਦੀ ਖੋਜ ਕਰਨੀ ਪੈਂਦੀ ਹੈ। ਸ਼ਬਦ ਦੀ ਖੋਜ ਕਰਕੇ ਫੇਰ ਇਹਦੇ ਵਿੱਚ ਇਹ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ ਮੈ ਉਹਦਾ ਦਾਸ ਹਾਂ ਜਿਹੜਾ ਸ਼ਬਦ ਦੀ ਖੋਜ ਕਰ ਲਵੇ। ਸੋ ਮਹਾਰਾਜ ਕਹਿੰਦੇ ਆਹ ਗੱਲ ਨੂੰ ਪਛਾਣੋ ਤੁਸੀਂ। ਕਿਹੜਿਆਂ ਚੱਕਰਾਂ ਵਿੱਚ ਪੈ ਗਏ, ਤੀਰਥਾਂ 'ਤੇ, ਨਾਹੁੰਣ 'ਚ, ਸੁੱਚ-ਸੱਚ, ਸੁਆਹ ਖੇਹ ਤੁਸੀਂ ਪਤਾ ਨਹੀਂ ਕਿੰਨਾ ਕੁ ਚੰਬੇੜ ਲਿਆ ਆਪਣੇ ਆਪ ਨੂੰ। ਸਮਾਂ ਸੀ ਪ੍ਰਮੇਸ਼ਰ ਦਾ ਨਾਮ ਜਪਣ ਦਾ, ਗੁਰੂ ਤੋਂ ਗਿਆਨ ਹਾਸਲ ਕਰਨ ਦਾ, ਗੁਰੂ ਦੇ ਬਚਨ ਨੂੰ ਕਮਾਉਣ ਦਾ। ਇਹ ਬਜਰ ਕਪਾਟ ਨਹੀਂ ਪਿਆਰਿਓ ਖੁਲ੍ਹਣੇ ਜਦ ਤੱਕ ਚਾਬੀ ਨਹੀਂ ਮਿਲਦੀ।

***ਧਾਰਨਾ - ਨਹੀਓਂ ਖੁਲ੍ਹਣੇ ਜੰਗਾਲੇ ਹੋਏ ਜੰਦਰੇ,***
***ਕੁੰਜੀ ਹੱਥ ਸਤਿਗੁਰ ਦੇ।***

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ - ੧੨੪***

ਜਦ ਤੱਕ ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ, ਜੰਮਣ ਮਰਨਾ ਨਹੀਂ ਖਤਮ ਹੋਇਆ ਕਰਦਾ ਤੇ ਸਤਿਗੁਰੂ ਦੇ ਹੱਥ ਕੂੰਜੀ ਹੈ -

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪***

ਪੂਰੇ ਸਤਿਗੁਰੂ ਦੇ ਕੋਲ ਕੂੰਜੀ ਹੈ, ਜਦ ਤੱਕ ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ ਚਾਬੀ ਨਹੀਂ ਮਿਲਦੀ। ਚਾਬੀ ਨਹੀਂ ਮਿਲਦੀ ਤਾਂ ਤਾਲਾ ਨਹੀਂ ਖੁਲ੍ਹਦਾ ਤੇ ਹਨ੍ਹੇਰੇ ਦੇ ਵਿੱਚ ਇਹ ਜੰਮਦਾ ਹੈ ਤੇ ਹਨ੍ਹੇਰੇ ਵਿੱਚ ਹੀ ਮਰ ਜਾਂਦਾ ਹੈ। ਖਰਬਾਂ-ਖਰਬਾਂ ਸਾਲ ਹੋ ਗਏ। ਮਹਾਰਾਜ ਕਹਿੰਦੇ, ਰੱਬ ਨੂੰ ਟੋਲ੍ਹਦਾ ਫਿਰਦਾ ਹੈ।

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ***
***ਤੋਹੀ ਸੰਗਿ ਸਮਾਈ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ ॥ ਅੰਗ - ੬੮੪***

ਜਿਵੇਂ ਫੁੱਲ ਵਿੱਚ ਵਾਸ਼ਨਾ ਹੈ, ਐਉਂ ਤੇਰੇ ਅੰਦਰ ਵਾਹਿਗੁਰੂ ਹੈ। ਜਿਵੇਂ ਸ਼ੀਸ਼ੇ ਵਿੱਚ ਪਰਛਾਵਾਂ ਹੁੰਦਾ ਹੈ। ਖੋਜ ਕਰੋ, ਸਿੱਖੋ ਕਿ ਕਿਵੇਂ ਖੋਜ ਕਰੀਦੀ ਹੈ। ਪੰਜ ਵੱਡੇ-ਵੱਡੇ, ਸਮਝ ਲਓ ਕਿ ਹਨ੍ਹੇਰੇ ਦੇ ਮੰਡਲ ਨੇ ਜਿਨ੍ਹਾਂ ਨੇ ਆਤਮ ਜੋਤ ਨੂੰ ਅੰਦਰ ਢਕਿਆ ਹੋਇਆ ਹੈ। ਪਹਿਲਾਂ ਤਾਂ ਇਹਦੇ ਅੰਦਰ 'ਮੈਂ' ਜਦ ਆਪਣੇ ਆਪ ਨੂੰ ਇਹਨੇ ਜਦ ਗਿਣਿਆ ਨਾ, ਪ੍ਰਾਕ੍ਰਿਤੀ ਦੇ ਨਾਲ ਜੋਤ ਦਾ ਸੰਪਰਕ ਹੋਇਆ। ਉਸ ਵੇਲੇ ਇਹਦੇ ਅੰਦਰ ਜਾਗਰਤ ਆਈ, ਜਾਗਰਤ ਆਉਂਦੇ ਸਾਰ ਮਾਇਆ ਦਾ ਚੱਕਰ ਦੁਆਲੇ ਪੈ ਗਿਆ, ਜਿਵੇਂ ਗਲੋਬ ਦੇ ਉੱਤੇ ਕਾਗਜ਼ ਚਾੜ੍ਹ ਦੇਈਏ। ਜਿਵੇਂ ਲਾਈਟ ਜਗਦੀ ਹੈ, ਉਪਰ ਗਲੋਬ ਦੇ ਦੇਈਏ, ਐਉਂ ਮਾਇਆ ਦਾ ਗਲੋਬ ਸਾਡੇ ਉਤੇ ਆ ਗਿਆ। ਦੋ ਕਿਸਮ ਦੀ ਮਾਇਆ ਆ ਗਈ, ਇੱਕ ਤਾਂ ਮਾਇਆ ਆ ਗਈ ਸ਼ੁੱਧ, ਜਿਹੜੀ ਸਤੋ ਗੁਣ ਦੇ ਵਿੱਚੋਂ ਪੈਦਾ ਹੋਈ ਸੀ। ਦੂਸਰੀ ਮਾਇਆ ਆ ਗਈ ਤਮੋ ਗੁਣ ਤੇ ਸਤੋ ਗੁਣ ਦੇ ਮਿਲਾਪ ਦੇ ਨਾਲ, ਉਹਨੂੰ ਅਵਿਦਿਆ ਕਹਿੰਦੇ ਨੇ, ignorance, ਭੁੱਲ, ਅਗਿਆਨ; ਇਹ ਦੋ ਚੱਕਰ ਇੱਕ ਦਮ ਚੜ੍ਹ ਗਏ। ਜੋਤ ਦੇ ਉੱਤੇ ਹਨ੍ਹੇਰਾ ਛਾ ਗਿਆ ਤੇ ਅੱਡ ਹੋ ਗਈ ਉਹ। ਅੱਡ ਹੋਣ ਦੇ ਨਾਲ ਆਪਣਾ ਆਪ ਉਹਨੂੰ ਮਹਿਸੂਸ ਹੋਇਆ। ਉਸ ਤੋਂ ਬਾਅਦ ਉਹਦੇ ਅੰਦਰ ਸ਼ਕਤੀ ਗਿਆਨ ਦੀ ਆ ਗਈ, ਆਪਣੀ ਹੋਂਦ ਦਾ ਪਤਾ ਲਗ ਗਿਆ ਕਿ ਮੈਂ ਹਾਂ। ਉਹ ਮੈਂ ਆਇਆ ਤਾਂ ਇਹਦੇ ਉੱਤੇ ਵਿਗਿਆਨ ਦਾ ਪੜਦਾ ਪੈ ਗਿਆ, ਪਹਿਲਾਂ ਅਨੰਦ ਦਾ ਪੈ ਗਿਆ, ਦੂਜਾ ਵਿਗਿਆਨ ਦਾ ਪੈ ਗਿਆ। ਬੁੱਧੀ ਦਾ ਪੜਦਾ ਪੈਣ ਦੇ ਨਾਲ ਫੇਰ ਇਹਦੇ ਅੰਦਰ ਹਰਕਤ ਹੋਈ ਮਨ ਦੀ ਕਿ ਮੈਂ ਕੁਛ ਕਰਾਂ, ਆਹ ਕਰਾਂ, ਔਹ ਕਰਾਂ। ਮਨ ਦਾ ਪੜਦਾ ਪੈ ਗਿਆ, ਸਰੀਰ ਬਦਲ ਗਿਆ, ਪਹਿਲਾ ਸਰੀਰ ਕਾਰਨ ਸੀ, ਜਦ ਇਹ ਪੜਦਾ ਸ਼ੁਰੂ ਹੋ ਗਿਆ ਉਸ ਵੇਲੇ ਸੂਖਸ਼ਮ ਸਰੀਰ ਸ਼ੁਰੂ ਹੋ ਗਿਆ। ਉਸ ਦੇ ਬਾਅਦ ਸ਼ਕਤੀ ਆਈ, ਹਿੱਲਣ-ਜੁੱਲਣ ਦੀ ਸ਼ਕਤੀ ਆਈ ਤੇ ਉਹਦੇ ਨਾਲ ਪ੍ਰਾਣਾਂ ਦਾ ਪੜਦਾ ਪੈ ਗਿਆ, vital forces ਦਾ, ਇਹ ਸੂਖਸ਼ਮ ਸਰੀਰ ਬਣ ਗਿਆ ਇਨ੍ਹਾਂ ਦਾ ਨਾਲ, ਤਿੰਨ ਪੜਦੇ ਸੂਖਸ਼ਮ ਸਰੀਰ 'ਚ, ਇੱਕ ਕਾਰਨ ਸਰੀਰ 'ਚ। ਫੇਰ ਆਹ ਜਿਹੜੀ ਦੇ ਹੈ ਪੰਜਾਂ ਤੱਤਾਂ ਦੀ ਇਹ ਮਿਲ ਗਈ ਸਾਨੂੰ ਤੇ ਐਉਂ ਸਮਝ ਲਓ ਕਿ ਅੰਨ ਦਾ ਪੜਦਾ ਪੈ ਗਿਆ। ਪੰਜ ਪੜਦੇ ਪੈ ਗਏ ਉਨ੍ਹਾਂ ਦੇ ਨਾਉਂ ਸਿਆਣੇ ਬੰਦਿਆਂ ਨੇ ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼ ਤੇ ਅਨੰਦਮਈ ਕੋਸ਼ ਰੱਖੇ ਨੇ। ਪੰਜ ਕੋਸ਼ ਕਹਿੰਦੇ ਨੇ ਕਿ ਢੱਕਣ ਦੇ ਦਿੱਤੇ ਗਏ ਨੇ, ਅਖੀਰ ਦੇ ਉੱਤੇ ਆ ਕੇ ਤਾਂ ਐਉਂ ਸਮਝ ਲਓ ਕਿ ਲੋਹੇ ਦਾ ਕੜਾਹਾ ਮੂਧਾ ਮਾਰ ਦਿੱਤਾ, ਹੁਣ ਜੋਤ ਨਜ਼ਰ ਨਹੀਂ ਆਉਂਦੀ। ਹੈਗੀ ਵਿੱਚ ਹੀ, ਹਨ੍ਹੇਰਾ ਛਾ ਗਿਆ, ਜੋਤ ਖਤਮ ਹੋਣ ਨਾਲ। ਸੋ ਕਹਿੰਦੇ ਇਹ ਸ਼ਬਦ ਹੈ,

ਜਿੰਨਾ ਚਿਰ ਤੱਕ ਸ਼ਬਦ ਤੱਕ ਅਸੀਂ ਨਹੀਂ ਪਹੁੰਚਦੇ ਹਨ੍ਹੇਰਾ ਰਹਿੰਦਾ ਹੈ। ਸਾਨੂੰ ਆਤਮ ਵਸਤੂ ਦੀ ਸੋਝੀ ਨਹੀਂ ਆਉਂਦੀ। ਮਹਾਰਾਜ ਕਹਿੰਦੇ, ਤੇਰੇ ਅੰਦਰ ਵਸ ਰਿਹਾ ਹੈ ਵਾਹਿਗੁਰੂ, ਤੈਨੂੰ ਨਹੀਂ ਵਿਸ਼ਵਾਸ਼ ਹੈ ਕਿ ਮੇਰੇ ਅੰਦਰ ਵਸਦਾ ਹੈ, ਜੇ ਅੰਦਰ ਵਸਦੇ ਦਾ ਵਿਸ਼ਵਾਸ਼ ਹੋਵੇ ਤਾਂ ਘਬਰਾਹਟ ਕਿਹੜੀ ਗੱਲ ਦੀ। ਜਦੋਂ ਸਾਰਿਆਂ ਨਾਲੋਂ ਵੱਡਾ ਸ਼ਕਤੀਸ਼ਾਲ ਸਾਡੇ ਅੰਦਰ ਵਸਦਾ ਹੈ ਫੇਰ ਕੀਹਦੇ ਉੱਤੇ ਗੁੱਸਾ, ਕੀਹਦੇ ਉੱਤੇ ਕ੍ਰੋਧ, ਕੀਹਦੇ ਨਾਲ ਵੈਰ, ਕੀਹਦੇ ਨਾਲ ਦੂਜਾਇਗੀ; ਫੇਰ ਤਾਂ ਉਹ ਸਾਰਿਆਂ ਦੇ ਅੰਦਰ ਦਿਸਦਾ ਹੈ-

***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ ॥ ਅੰਗ - ੬੮੪***

ਗੁਰੂ ਨੇ ਦੱਸ ਦਿੱਤਾ ਕਿ ਅੰਦਰ ਵੀ ਤੇ ਬਾਹਰ ਵੀ ਓਹੀ ਹੈ ਇੱਕੋ ਹੀ ਜੋਤ -

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪***

ਪਰ ਆਪਾ ਚੀਨਣਾ ਪੈਂਦਾ ਹੈ, ਚਾਬੀ ਲੈਣੀ ਪੈਂਦੀ ਹੈ ਗੁਰੂ ਤੋਂ ਆਪਾ ਚੀਨਣ ਦੀ ਤਾਂ ਜਾ ਕੇ ਮਿਲਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਤੁਸੀਂ ਜਦ ਤੱਕ ਗੁਰੂ ਨਹੀਂ ਹੁੰਦਾ, ਗੁਰੂ ਨਹੀਂ ਮੰਨਦੇ ਜਿੰਨਾ ਚਿਰ ਓਨਾਂ ਚਿਰ ਰੌਸ਼ਨੀ ਨਹੀਂ ਆਇਆ ਕਰਦੀ। ਸਾਰਾ ਜਿੰਨਾ ਮੇਲਾ ਸੀ pin drop silence ਹੋਈ ਹੋਈ ਹੈ, ਕੋਈ ਬੰਦਾ ਸਾਹ ਵੀ ਨਹੀਂ ਲੈਂਦਾ, ਕਿਤੇ ਬਚਨ ਨਾ ਗੁਰੂ ਨਾਨਕ ਦਾ ਲੰਘ ਜਾਏ। ਨਾਹੁੰਣਾ ਬੰਦ ਹੋ ਗਿਆ, ਪੌੜ ਸੁੰਨੇ ਪਏ ਨੇ। ਗੁਰੂ ਨਾਨਕ ਦੇ ਦੁਆਲੇ ਹਜ਼ਾਰਾਂ ਬੰਦਿਆਂ ਦੀ ਭੀੜ ਲੱਗੀ ਹੋਈ ਹੈ, ਬਚਨ ਸੁਣ ਰਹੇ ਨੇ ਪੂਰੇ ਧਿਆਨ ਦੇ ਨਾਲ; ਉਸ ਵੇਲੇ ਬੰਦੇ ਉੱਠ ਕੇ ਖੜ੍ਹੇ ਹੋ ਗਏ, ਕਹਿਣ ਲੱਗੇ ਪਾਤਸ਼ਾਹ! ਸਾਨੂੰ ਆਪਣੀ ਸਿੱਖੀ ਵਿੱਚ ਲੈ ਲੈ, ਅਸੀਂ ਸਿੱਖੀ ਧਾਰਨ ਕਰਨੀ ਹੈ। ਕ੍ਰਿਪਾ ਕਰ, ਸਾਡੇ ਉੱਤੇ ਰਹਿਮ ਕਰ। ਅਸੀਂ ਤਾਂ ਅੰਨ੍ਹੇ ਹੋਏ ਜਾਂਦੇ ਸੀ, ਭਰਮਾਂ 'ਚ ਪਏ ਹੋਏ। ਸਾਡੇ ਵਿੱਚ ਬੜੇ ਜਾਤਾਂ ਪਾਤਾਂ, ਤੀਰਥਾਂ ਦੇ ਭਰਮ, ਸੁੱਚ-ਜੂਠ ਦੇ ਭਰਮ ਪਏ ਸੀ, ਅਸੀਂ ਤਾਂ ਭਰਮਾਂ ਨੇ ਹੀ ਘੇਰ ਲਏ ਸੀ। ਮਹਾਰਾਜ ਕਹਿੰਦੇ, ਭਰਮ ਤਾਂ ਪੰਜ ਪਏ ਹੋਏ ਨੇ ਬੰਦੇ ਨੂੰ। ਬਾਕੀ ਭਰਮਾਂ ਨੂੰ ਤਾਂ ਛੱਡੋ ਜਿਹੜੇ ਸੋਝੀਵਾਨ ਨੇ ਉਨ੍ਹਾਂ ਨੂੰ ਵੀ ਪੰਜ ਭਰਮ ਜਿਹੜੇ ਨੇ ਦੁੱਖ ਦੇ ਰਹੇ ਨੇ। ਭੇਦ ਭਰਮ ਹੈ, ਸੰਗ ਭਰਮ ਹੈ, ਕਰਤਤ੍ਰ ਭਰਮ ਹੈ, ਵਿਕਾਰ ਭਰਮ ਹੈ; ਵਾਹਿਗੁਰੂ ਹੋਰ ਤੇ ਸੰਸਾਰ ਹੋਰ, ਇਹ ਭਰਮ ਪਿਆ ਹੋਇਆ ਹੈ ਜ਼ਬਰਦਸਤ। ਇਹ ਜਦ ਭਰਮ ਨਹੀਂ ਦੂਰ ਹੁੰਦੇ, ਭਰਮ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ, ਵਾਹਿਗੁਰੂ ਨਹੀਂ ਦਿਸਦਾ, ਅੰਦਰ ਰਹਿੰਦਾ ਹੈ, ਕੋਲ ਰਹਿੰਦਾ ਹੈ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ ॥ ਅੰਗ - ੮੭੭***

ਆਸਾ ਤੇ ਅੰਦੇਸਾ ਦੇ ਦਰਵਾਜੇ ਲੱਗੇ ਹੋਏ ਨੇ -

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - ੮੭੭***

ਇਹਦੇ ਵਿੱਚ ਪੁਰਖ ਵਸਦਾ ਹੈ, ਬਾਹਰ ਵੀ ਵਾਹਿਗੁਰੂ ਵਸਦਾ ਹੈ। ਸੋ ਉਸ ਵੇਲੇ ਗੁਰੂ ਨਾਨਕ ਨੇ ਕ੍ਰਿਪਾ ਕੀਤੀ, ਸਾਰਿਆਂ ਨੂੰ ਨਾਮ ਧਰੀਕ ਸਿੱਖੀ ਦਾ ਦਾਨ ਦਿੱਤਾ, ਨਾਲ ਦੱਸਿਆ ਕਿ ਦੇਖੋ ਪਿਆਰਿਓ! ਕਹੁ ਸਾਰੇ ਵਾਹਿਗੁਰੂ, ਸਾਰਿਆਂ ਤੋਂ ਵਾਹਿਗੁਰੂ ਕਹਾਇਆ। ਕਹਿੰਦੇ, ਇਹ ਵਾਹਿਗੁਰੂ ਹੈ, ਵਿਸ਼ਵਾਸ਼ ਵਿੱਚ ਆਓ, ਤੁਹਾਡੇ ਅੰਦਰ ਬਾਹਰ ਇੱਕੋ ਹੀ ਜੋਤ ਹੈ। ਵਾਹਿਗੁਰੂ ਜਦ ਕਹਿਣਾ ਹੈ ਉਹਦੇ ਉੱਤੇ ਧਿਆਨ ਰੱਖਣਾ ਹੈ, ਸ਼ੇਰ ਵਾਲੀ ਦ੍ਰਿਸ਼ਟੀ ਰੱਖਣੀ ਹੈ, ਕੁੱਤੇ ਵਾਲੀ ਨਹੀਂ ਰੱਖਣੀ। ਕੁੱਤਾ ਦ੍ਰਿਸ਼ਟੀ objects ਨੂੰ ਦੇਖਦੀ ਹੈ, ਸ਼ੇਰ ਦ੍ਰਿਸ਼ਟੀ ਅਖੀਰ ਨੂੰ ਦੇਖਦੀ ਹੈ। ਗੋਲੀ ਚਲਦੀ ਹੈ ਦਰਖਤ ਤੋਂ, ਸ਼ੇਰ ਉੱਥੇ ਦੇਖਦਾ ਹੈ, ਹੇਠਾਂ ਨਹੀਂ ਦੇਖਦਾ। ਤੀਰ ਮਾਰਦਾ ਹੈ, ਬਰਛਾ ਮਾਰਦਾ ਹੈ ਵਗਾਹ ਕੇ, ਬਰਛੇ ਵਲ ਨੂੰ ਨਹੀਂ ਸ਼ੇਰ ਜਾਂਦਾ, ਮਾਰਨ ਵਾਲੇ ਵਲ ਜਾਂਦਾ ਹੈ। ਕੁੱਤਾ ਨੂੰ ਇੱਟ ਮਾਰੋ, ਨੱਠ ਕੇ ਜਾ ਕੇ ਇੱਟ ਨੂੰ ਪਏਗਾ। ਡੰਡਾ ਸੁੱਟ ਦਿਓ ਕੁੱਤੇ ਅੱਗੇ ਨੱਠ ਕੇ ਜਾ ਕੇ ਡੰਡੇ ਨੂੰ ਚੱਕ ਮਾਰੇਗਾ। ਜਿਹੜਾ ਸੰਸਾਰ ਦਿਸਦਾ ਹੈ ਇਸ ਦਿਸਦੇ ਦੇ ਉੱਤੇ ਦ੍ਰਿਸ਼ਟੀ ਲਿਆਉਣੀ ਹੈ, ਇਹ ਕੁੱਤਾ ਦ੍ਰਿਸ਼ਟੀ ਹੋਇਆ ਕਰਦੀ ਹੈ। ਇਹਦੇ ਪਿੱਛੇ ਜਿਹੜੇ ਵਾਹਿਗੁਰੂ ਜੀ ਹਨ, ਸਾਰੇ ਕੰਮ ਕਰਦੇ ਨੇ ਪੜਦੇ ਦੇ ਓਹਲੇ। ਤ੍ਰਿਗੁਣੀ ਮਾਇਆ ਦਾ ਓਹਲਾ ਪਾ ਕੇ ਪਿੱਛੇ ਪਰਮ ਜੋਤ ਜਗ ਰਹੀ ਹੈ -

***ਜਿਮੀ ਜਮਾਨ ਕੇ ਬਿਖੇ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ।***
***ਅਕਾਲ ਉਸਤਤਿ***

ਕਹਿੰਦੇ, ਉਹਦੇ ਉੱਤੇ ਜਿਹੜਾ ਧਿਆਨ ਰੱਖ ਕੇ ਵਾਹਿਗੁਰੂ ਕਹਿੰਦਾ ਹੈ, ਕਹਿੰਦੇ ਉਹ ਸਿੱਧਾ ਹੀ ਗੁਲਜ਼ਰੀ 'ਚ ਮਾਰਦਾ ਹੈ ਗੋਲੀ। ਕਾਰੋਬਾਰ ਕਰੋ, ਕੰਮ ਨਹੀਂ ਛੱਡਣੇ, ਬੱਚਿਆਂ ਨੂੰ ਸੰਭਾਲੋ, ਪਿਆਰ ਕਰੋ, ਇਨ੍ਹਾਂ ਨੂੰ ਮਾਇਆ ਨਹੀਂ ਕਹਿਣਾ, ਮਿਥਿਆ ਨਹੀਂ ਕਹਿਣਾ, ਧੀਆਂ ਪੁੱਤਰ ਇਹ ਵਾਹਿਗੁਰੂ ਨੇ ਤੁਹਾਨੂੰ ਦਿੱਤੇ ਨੇ, ਆਪਣੀ ਜ਼ਿੰਮੇਵਾਰੀਆਂ ਪੂਰੀਆਂ ਕਰੋ, ਇਨ੍ਹਾਂ ਨੂੰ ਸੋਹਣੇ ਸ਼ਹਿਰੀ ਬਣਾਓ, ਸੁੱਖ ਦੇਣ ਵਾਲੇ ਬਣਾਓ, ਗਿਆਨ ਦੇਣ ਵਾਲੇ ਬਣਾਓ, ਸਮਾਜ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੋ। ਖੇਤੀ ਕਰਨ ਵਾਲਾ, ਪੂਰੀ ਤਰ੍ਹਾਂ ਖੇਤੀ ਕਰੇ, ਵਪਾਰ ਕਰਨ ਵਾਲਾ ਸੁੱਚਾ ਵਪਾਰ ਕਰੇ, ਨੌਕਰੀ ਕਰਨ ਵਾਲਾ ਪੂਰੀ ਤਰ੍ਹਾਂ ਦੇ ਨਾਲ ਡਿਊਟੀ ਦੇਵੇ ਤੇ ਜਾਂਚ ਸਿੱਖੋ ਕਿ ਭਜਨ ਕਿਵੇਂ ਹੁੰਦਾ ਹੈ। ਪਹਿਲਾਂ ਡਿਊਟੀ ਕਰੋ, ਆਪਣਾ ਕਰਮ ਕਰੋ, ਕਰਮ ਕਰਦੇ ਹੋਏ, ਨਿਗ੍ਹਾ ਪ੍ਰਮੇਸ਼ਰ 'ਤੇ ਰੱਖੋ। ਰਸਨਾ ਦੇ ਨਾਲ ਕਹੋ ਵਾਹਿਗੁਰੂ-ਵਾਹਿਗੁਰੂ।

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ-੨੮੬***

ਰਸਨਾ ਥੱਕ ਗਈ ਸਵਾਸ ਨਾਲ ਜਪੋ, ਮਨ ਦੇ ਨਾਲ ਜਪੋ, ਆਗਿਆ ਚੱਕਰ 'ਚ ਜਪੋ, ਤ੍ਰਿਕੁਟੀ 'ਚ ਜਪੋ। ਸਿੱਖ ਲਓ ਜੁਗਤ ਕਿਵੇਂ ਜਪੀਦਾ ਹੈ ਸਵਾਸ ਦੇ ਨਾਲ। ਨਿਗ੍ਹਾ ਰੱਖੋ ਉਸ 'ਤੇ, ਤੇ ਕੰਮ ਕਰੋ ਸਾਰੇ। ਕੰਮ ਤੋਂ ਪਿੱਠ ਨਹੀਂ ਮੋੜਨੀ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀਂ ਪੈਰੀਂ ਕੰਮ ਕਰੀਏ।***

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥***
***ਹਾਥ ਪਾਉ ਕਰਿ ਕਾਮੁ***

***ਸਭੁ ਚੀਤੁ ਨਿਰੰਜਨੁ ਨਾਲਿ ॥   ਅੰਗ - ੧੩੭੬***

ਦੁਨੀਆਂ ਛੱਡ ਕੇ ਨਹੀਂ ਨੱਠ ਜਾਣਾ, ਦੁਨੀਆਂ ਦੇ ਵਿੱਚ ਰਹਿਣਾ ਹੈ। ਦੁਨੀਆਂ ਦੇ ਵਿੱਚ ਰਹਿ ਕੇ ਮਾਣ-ਅਪਮਾਨ ਦੀਆਂ ਲਹਿਰਾਂ ਨੂੰ ਸਹਿ ਕੇ, ਜਿਵੇਂ ਪਹਿਲਵਾਨ, ਭਲਵਾਨ ਤਕੜਾ ਹੁੰਦਾ ਹੈ। ਕਦੇ ਢਹਿ ਜਾਂਦਾ ਹੈ, ਕਦੇ ਢਾਹ ਲੈਂਦਾ ਹੈ, ਦੁਨੀਆਂ ਦੀਆਂ ਇਨ੍ਹਾਂ ਲਹਿਰਾਂ ਨੂੰ, ਦੁੱਖ ਨੂੰ, ਸੁੱਖ ਨੂੰ, ਮਿਲਾਪ ਨੂੰ, ਵਿਛੋੜੇ ਨੂੰ, ਮਾਣ ਨੂੰ, ਅਪਮਾਨ ਨੂੰ, ਆਦਰ ਨੂੰ, ਨਿਰਾਦਰ ਨੂੰ ਸਭ ਨੂੰ ਇੱਕ ਕਰਕੇ ਵੈਰੀ ਮਿੱਤਰ ਨੂੰ ਇਕ ਜੋਤ ਸਮਝ ਕੇ ਜਦ ਤੁਸੀਂ ਇਸ ਸੰਸਾਰ ਦੇ ਅੰਦਰ ਘੋਲ ਕਰੋਂਗੇ ਤਾਂ ਫੇਰ ਪ੍ਰਮੇਸ਼ਰ ਦੇ ਨਾਲ ਬਿਰਤੀ ਲੱਗੇਗੀ। ਸੋ ਨਾਮ ਤੁਸੀਂ ਇਸ ਤਰ੍ਹਾਂ ਜਪਣਾ ਹੈ। ਸੋ ਮਹਾਰਾਜ ਜੀ ਉਪਦੇਸ਼ ਦਿੱਤਾ ਧੰਨ-ਧੰਨ ਹੋ ਗਈ ਸਾਰੇ ਮੇਲੇ ਦੇ ਅੰਦਰ। ਬਾਰ-ਬਾਰ ਆ ਰਹੇ ਨੇ ਗੁਰੂ ਦੇ ਦਰਸ਼ਨ ਕਰਨ। ਵੱਡੇ-ਵੱਡੇ ਵਿਦਵਾਨ, ਸੰਨਿਆਸੀ, ਜੋਗੀ, ਬੇਅੰਤ ਭੇਖਾਂ ਦੇ ਸੰਤ ਆ ਰਹੇ ਨੇ ਤੇ ਗੁਰੂ ਨਾਨਕ ਤੋਂ ਲਾਭ ਲੈ-ਲੈ ਕੇ ਤੁਰੇ ਜਾਂਦੇ ਨੇ, ਸ਼ਾਮ ਹੋ ਗਈ। ਉਸ ਵੇਲੇ ਹਰੀ ਦਾ ਜਸ ਮਰਦਾਨੇ ਨੇ ਕਰਿਆ, ਸਾਰੇ ਬਿਰਾਜ ਗਏ, ਅੰਮ੍ਰਿਤ ਵੇਲਾ ਹੋਇਆ -

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥   ਅੰਗ - ੧੪੬***

ਉਸ ਵੇਲੇ ਚਾਉ ਜਾਗਦਾ ਹੈ ਜਿਨ੍ਹਾਂ ਦੀਆਂ ਸੁਰਤਾਂ ਪ੍ਰਮੇਸ਼ਰ ਨਾਲ ਜੁੜਦੀਆਂ ਹਨ।

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥***
***ਅੰਗ - ੪੫੯***

ਉਸ ਵੇਲੇ ਸੰਤ ਪਿਆਰਿਆਂ ਦੇ ਮਨ ਦੇ ਅੰਦਰ ਉਤਸ਼ਾਹ ਉਠਦਾ ਹੈ ਬਈ ਪ੍ਰਮੇਸ਼ਰ ਦੇ ਨਾਲ ਜੁੜੀਏ। ਜਾਗਦੇ ਨੇ।

ਗੁਰੂ ਨਾਨਕ ਪਾਤਸ਼ਾਹ ਉੱਠੇ ਇਸ਼ਨਾਨ ਕਰਿਆ ਤੇ ਆਸਣ 'ਤੇ ਆ ਕੇ ਬਿਰਾਜਮਾਨ ਹੋ ਰਹੇ ਨੇ ਤੇ ਐਨੇ ਨੂੰ ਕੀ ਦੇਖਦੇ ਨੇ ਕਿ ਗੰਗਾ ਦਰਿਆ ਦੇ ਅੰਦਰ ਇੱਕ ਪ੍ਰਕਾਸ਼ ਹੋਇਆ। ਦੇਖਦੇ-ਦੇਖਦੇ ਜਲ ਦੇ ਅੰਦਰੋਂ ਇੱਕ ਮੂਰਤੀ ਬਾਹਰ ਆਈ, ਬਹੁਤ ਸੁੰਦਰ ਤੇ ਹੱਥ ਦੇ ਉੱਤੇ ਸੋਨੇ ਦਾ ਥਾਲ ਰੱਖਿਆ ਹੋਇਆ ਹੈ। ਹੀਰੇ ਜਵਾਹਰਾਤ ਝਿਲਮਿਲ-ਝਿਲਮਿਲ ਕਰਦੇ ਨੇ, ਰਾਤ ਦੇ ਹਨ੍ਹੇਰੇ ਵਿੱਚ ਵੀ ਰੌਸ਼ਨੀ ਦੇ ਰਹੇ ਨੇ। ਸੋਨੇ ਦਾ ਥਾਲ ਹੱਥ 'ਤੇ ਧਰਿਆ ਹੋਇਆ ਹੈ। ਆ ਕੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਥਾਲ ਦੀ ਭੇਟਾ ਰੱਖ ਦਿੱਤੀ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਬੇਨਤੀ ਕੀਤੀ, ਮਹਾਰਾਜ ਨੇ ਪੁਛਿਆ ਆਪਣਾ ਪਰੀਚਾ ਦਓ। ਕਹਿਣ ਲੱਗੀ, ਮਹਾਰਾਜ! ਤੁਸੀਂ ਤਾਂ ਘਟ-ਘਟ ਦੇ ਅੰਤਰਜਾਮੀ ਓਂ, ਸਭ ਕੁਛ ਜਾਣਦੇ ਓਂ। ਪਰ ਫੇਰ ਵੀ ਮੈਂ ਬੇਨਤੀ ਕਰਦੀ ਹਾਂ ਕਿ ਮੈਂ ਇਸ ਤੀਰਥ ਦੀ ਅਭਿਮਾਨੀ ਦੇਵੀ ਮੈਂ ਗੰਗਾ ਹਾਂ ਤੇ ਅੱਜ ਮੇਰੇ ਭਾਗ ਜਾਗ ਪਏ ਕਿ ਕਲਜੁਗ ਦੇ ਅੰਦਰ ਆਪ ਨਿਰੰਕਾਰ, ਮਨੁੱਖ ਦਾ ਜਾਮਾ ਧਾਰ ਕੇ ਮੇਰੇ ਕੰਢੇ 'ਤੇ ਆ ਕੇ ਬਿਰਾਜਮਾਨ ਹੋਏ ਨੇ ਤੇ ਲੱਖਾਂ ਭੁੱਲੜਾਂ ਨੂੰ ਆਪ ਨੇ ਸਿੱਧੇ ਰਾਹ ਪਾ ਕੇ, ਪ੍ਰਮੇਸ਼ਰ ਦੇ ਨਾਮ ਦੀ ਦਾਤ ਦਿੱਤੀ ਹੈ ਤੇ ਹੁਣ ਮੇਰੀ ਕਲਿਆਣ ਕਰੋ, ਕਿਉਂਕਿ ਮੇਰੇ ਵਿੱਚ ਐਨੇ ਪਾਪ ਭਰ ਗਏ ਨੇ ਕਿ ਮੈਂ ਹੁਣ ਸਹਿ ਨਹੀਂ ਸਕਦੀ। ਮੇਰੀ ਤਾਕਤ ਤੋਂ ਬਾਹਰ ਹੋ ਗਏ ਨੇ ਪਾਪ ਤੇ ਮੇਰੇ ਤੋਂ ਝੱਲੇ ਨਹੀਂ ਜਾਂਦੇ। ਆਪ ਕ੍ਰਿਪਾ ਕਰੋ ਤੇ ਕੋਈ ਜੁਗਤ ਦੱਸੋ। ਕਲਜੁਗ ਦੇ ਅੰਦਰ ਪਾਪੀ ਬੰਦੇ ਵਧ ਗਏ ਨੇ। ਇਨ੍ਹਾਂ ਪਾਪੀਆਂ ਨੇ ਭੇਖ ਧਾਰ ਕੇ, ਰਸਮ ਕਰਕੇ ਮੇਰੇ ਵਿੱਚ ਇਸ਼ਨਾਨ ਕਰਨਾ ਹੈ ਤੇ ਐਨੀ ਮੈਲ ਇਨ੍ਹਾਂ ਦੀ ਕੌਣ ਸਾਂਭੇਗਾ? ਕਿਸ ਤਰ੍ਹਾਂ ਨਾਲ ਇਸ ਤੀਰਥ ਦਾ ਪ੍ਰਤਾਪ ਕਾਇਮ ਰਹੇਗਾ। ਆਪ ਕ੍ਰਿਪਾ ਕਰੋ, ਮੈਂ ਆਪ ਦੇ ਦਰ ਆਈ ਹਾਂ। ਓਸ ਵੇਲੇ ਦੇ ਸਮੇਂ ਨੂੰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ -ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਈਂ।***
***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥***
***ਅੰਗ - ੧੨੬੩***

ਪਾਤਸ਼ਾਹ! ਆਪ ਨਿਰੰਕਾਰ ਸਾਖਸ਼ਾਤ -

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ ॥   ਅੰਗ - ੧੩੯੫***

ਤੁਸੀਂ ਆਪ ਸੰਸਾਰ ਦੇ ਅੰਦਰ ਕਲਜੁਗ ਨੂੰ ਤਾਰਨ ਵਾਸਤੇ ਮਨੁੱਖ ਦੇ ਜਾਮੇ 'ਚ ਪ੍ਰਵੇਸ਼ ਕੀਤਾ ਹੈ, ਸਤਿਗੁਰੂ ਗੁਰੂ ਪ੍ਰਮੇਸ਼ਰ ਹੋ ਕੇ ਆਪ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਓਂ। ਆਪ ਕ੍ਰਿਪਾ ਕਰੋ ਤੇ ਮੇਰੀ ਭੇਟਾ ਅੰਗੀਕਾਰ ਕਰੋ। ਜਿਸ ਵਕਤ ਚਰਨ ਸਪਰਸ਼ ਕਰੇ। ਕੀ ਕੌਤਕ ਵਰਤਿਆ? ਕਿ ਜੋ ਕਾਲਾ ਰੰਗ ਹੋਇਆ ਹੋਇਆ ਸੀ ਸਿਆਹ ਇੱਕ ਦਮ ਪ੍ਰਕਾਸ਼ ਵਾਲਾ ਰੰਗ ਹੋ ਗਿਆ। ਕਹਿਣ ਲੱਗੀ, ਮਹਾਰਾਜ! ਮੈਂ ਭਗਤ ਰਵੀਦਾਸ ਜੀ ਨੂੰ ਤਾਂ ਇੱਕ ਕੰਗਣ ਭੇਜਿਆ ਸੀ, ਪਰ ਅੱਜ ਤੁਹਾਡੀ ਚਰਨ ਸ਼ਰਨ ਵਿੱਚ ਮੈਂ ਸ਼ਾਖਸ਼ਾਤ ਰੂਪ ਧਾਰ ਕੇ ਤੁਹਾਡੇ ਦਰ 'ਤੇ ਹਾਜ਼ਰ ਹੋਈ ਹਾਂ। ਆਦਿ ਸ਼ਕਤੀ ਜਿਨ੍ਹਾਂ ਨੂੰ ਦੇਵੀਆਂ ਕਹਿੰਦੇ ਨੇ, ਉਹ ਤੁਹਾਡੇ ਦਰ 'ਤੇ ਝਾੜੂ ਬਰਦਾਰ ਨੇ। ਮੇਰੇ ਧੰਨ ਭਾਗ ਤੁਸੀਂ ਆ ਕੇ ਦਰਸ਼ਨ ਦਿੱਤੇ। ਹੁਣ ਕ੍ਰਿਪਾ ਕਰੋ। ਕਿਉਂਕਿ ਗੁਰੂ ਤੇ ਗੋਬਿੰਦ ਵਿੱਚ ਕੋਈ ਭੇਦ ਨਹੀਂ ਹੋਇਆ ਕਰਦਾ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥   ਅੰਗ - ੪੪੨***

ਐਸੇ ਮਹਾਂਵਾਕਾਂ ਦੇ ਹੁੰਦਿਆਂ, ਕੋਈ ਕਿੰਤੂ ਨਹੀਂ ਹੋ ਸਕਿਆ ਕਰਦਾ, ਅਣਜਾਣਪੁਣਾ ਹੁੰਦਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ ਮਾਇਆ ਤਾਂ ਸਾਡੇ ਕਿਸੇ ਕੰਮ ਨਹੀਂ, ਨਾ ਸਾਨੂੰ ਚਾਹੀਦੀ ਹੈ, ਇੱਕ ਕੰਮ ਇਹ ਕਰੋ ਇਕ ਏਸ ਮਾਇਆ ਦੇ ਨਾਲ ਕੱਲ੍ਹ ਨੂੰ ਵੱਡਾ ਲੰਗਰ ਚਲਾਓ, ਸਾਰਾ ਮੇਲਾ ਇਥੇ ਪ੍ਰਸ਼ਾਦ ਛਕੇ। ਸੋ ਹੁਕਮ ਦੀ ਤਾਮੀਲ ਹੋ ਗਈ। ਦੂਸਰਾ ਦਿਨ ਆ ਗਿਆ, ਸਾਰੇ ਮੇਲੇ 'ਚ ਹੋ ਗਿਆ ਕਿ ਭੰਡਾਰਾ ਹੋਏਗਾ। ਕਿਸੇ ਨੇ ਆਪਣੇ ਲੰਗਰਾਂ 'ਚੋਂ ਪ੍ਰਸ਼ਾਦ ਨਹੀਂ ਛਕਣਾ। ਭੰਡਾਰਾ ਹੋਣਾ ਸ਼ੁਰੂ ਹੋ ਗਿਆ, ਵੱਡੇ ਦੇਵਤੇ ਜੋ ਬੈਕੁੰਠ ਵਾਸੀ ਵਿਸ਼ਨੂੰ ਜੀ, ਬ੍ਰਹਮਾ ਜੀ, ਸ਼ਿਵ ਜੀ ਮਹਾਰਾਜ, ਸਾਰੇ ਸਵਰਗਾਂ ਦੇ ਵੱਡੇ ਦੇਵਤੇ ਇੰਦਰ ਸਮੇਤ, ਵਰੁਣ, ਕੁਬੇਰ ਜਿੰਨੇ ਵੀ ਦੇਵਤੇ ਸੀ, ਉਹ ਸਾਰੇ ਦੇ ਸਾਰੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗੇ ਕਿ ਮਹਾਰਾਜ! ਆਪ ਸੇਵਾ ਦੀ ਵੰਡ ਕਰੋ। ਉਸ ਵੇਲੇ ਗਰੀਬ ਨਿਵਾਜ ਨੇ ਸਾਨੂੰ ਸੇਵਾ ਦਾ ਮਹਾਤਮ ਦੱਸਣ ਵਾਸਤੇ ਇੱਕ ਐਸਾ ਕੌਤਕ ਵਰਤਾਇਆ ਕਿ ਕਹਿਣ ਲੱਗੇ ਕਿ ਤੁਸੀਂ ਆਹ ਸੇਵਾ ਕਰਨੀ ਹੈ, ਤੁਸੀਂ ਆਹ ਕਰਨੀ ਹੈ। ਸਾਰੇ ਦੇਵਤਿਆਂ ਨੂੰ ਸੇਵਾ ਲਾ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਕਾਹਦੀ ਸੇਵਾ ਲਈ।

ਗੁਰੂ ਨਾਨਕ ਕਹਿਨ ਲੱਗੇ, ਦੇਖੋ, ਜਿੰਨੇ ਅਤਿੱਥੀ ਆਉਣਗੇ, ਸਾਧੂ ਮਹਾਤਮਾ ਆਉਣਗੇ, ਅਸੀਂ ਉਨ੍ਹਾਂ ਦੇ ਚਰਨ ਧੋਵਾਂਗੇ ਤੇ ਨਾਲੇ ਅਸੀਂ ਉਨ੍ਹਾਂ ਦੀਆਂ ਜਿੰਨੀਆਂ ਜੂਠੀਆਂ ਪੱਤਲਾਂ ਹੋਣਗੀਆਂ, ਅਸੀਂ ਆਪਣੇ ਹੱਥ ਨਾਲ ਚੁੱਕਾਂਗੇ ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰੇ ਜਿਹੜੇ ਨੇ ਹੱਦ ਤੋਂ ਜ਼ਿਆਦਾ ਪਿਆਰੇ ਹੋਇਆ ਕਰਦੇ ਨੇ। ਭਗਤ ਪਿਆਰੇ ਹੁੰਦੇ ਨੇ ਜਿਵੇਂ ਮਾਂ ਨੂੰ ਪੁੱਤਰ ਪਿਆਰਾ ਹੁੰਦਾ ਹੈ। ਸੋ ਉਸ ਵੇਲੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ -

***ਧਾਰਨਾ - ਤੇਰਾ ਅੰਤ ਨਾ ਕਿਸੇ ਨੇ ਪਾਇਆ***
***ਜਸ ਗਾਉਂਦੇ ਸਾਰੇ ਦੇਵਤੇ।***
***ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥***
***ਸੇਸ਼ ਨਾਗ ਵੀ ਜਸ ਗਾ ਰਿਹਾ ਹੈ, ਪਾਤਾਲ ਦੇ ਵਿੱਚ ਵੀ ਜਸ ਗਾ ਰਹੇ ਨੇ -***
***ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ***
***ਭੁਯੰਗਮ ॥ ਮਹਾਦੇਉ ਗੁਣ ਰਵੈ ਸਦਾ ਜੋਗੀ***
***ਜਤਿ ਜੰਗਮ ॥***
***ਅੰਗ - ੧੩੯੦***

ਜੋਗੀ, ਜਤੀ, ਮਹਾਦੇਵ, ਸ਼ਿਵ ਜੀ, ਜੰਗਮ ਸਾਰੇ ਗੁਰੂ ਨਾਨਕ ਦਾ ਜਸ ਗਾ ਰਹੇ ਹਨ।

***ਗੁਣ ਗਾਵੈ ਮੁਨਿ ਬ੍ਯਾਸੁ***
***ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥***
***ਬ੍ਰਹਮਾ ਗੁਣ ਉਚਰੈ***
***ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥***
***ਅੰਗ - ੧੩੯੦***

ਬ੍ਰਹਮਾ ਵੀ ਗੁਣ ਗਾਉਂਦਾ ਹੈ, ਜਿਹਨੇ ਵਾਹਿਗੁਰੂ ਦੇ ਹੁਕਮ ਵਿੱਚ ਹੋ ਕੇ ਸ੍ਰਿਸ਼ਟੀ ਨੂੰ ਸੰਵਾਰਿਆ।

***ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ***
***ਨਿਰਗੁਣ ਸਮ ਜਾਣਿਓ ॥***
***ਜਪੁ ਕਲ ਸੁਜਸੁ ਨਾਨਕ ਗੁਰੁ ਸਹਜੁ***
***ਜੋਗੁ ਜਿਨਿ ਮਾਣਿਓ ॥ ਅੰਗ - ੧੩੯੦***

ਕਹਿੰਦੇ ਸਾਰੇ ਦੇਵਤੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ, ਪੂਰੇ ਦਾ ਪੂਰਾ ਜਿੰਨਾ ਕੁੰਭ ਦਾ ਮੇਲਾ ਸੀ ਉਸ ਭੰਡਾਰੇ ਦੇ ਵਿੱਚ ਜਿਸ ਵਿੱਚ ਅਣਗਿਣਤ ਕਿਸਮ ਦੀਆਂ, ਛੱਤੀ ਪ੍ਰਕਾਰ ਦੇ ਭੋਜਨ ਖੁੱਲ੍ਹੇ ਵਰਤ ਰਹੇ ਸੀ। ਦੱਛਣਾ ਵਾਲਿਆਂ ਨੂੰ ਦੱਛਣਾ ਮਿਲ ਰਹੀਆਂ ਸੀ, ਵਸਤਰਾਂ ਵਾਲਿਆਂ ਨੂੰ ਵਸਤਰ ਮਿਲ ਰਹੇ ਸੀ, ਲੋੜਵੰਦਾਂ ਦੀ ਲੋੜ ਪੂਰੀ ਹੋ ਰਹੀ ਸੀ। ਬੜਾ ਭਾਰਾ ਯੱਗ ਹੋਣ ਤੋਂ ਬਾਅਦ ਜਦੋਂ ਸਮਾਪਤੀ ਹੋਈ, ਸਾਰੇ ਹੈਰਾਨ ਹੋ ਗਏ ਕਿ ਆਹ ਥੋੜ੍ਹੀ ਦੇਰ ਪਹਿਲਾਂ ਜਿਹੜਾ ਯੱਗ ਹੋ ਰਿਹਾ ਸੀ, ਬੇਅੰਤ ਪਸਾਰਾ ਸੀ, ਤੰਬੂ ਲੱਗੇ ਹੋਏ ਸੀ, ਬਰਤਨ ਆਏ ਹੋਏ ਸੀ, ਉਹ ਚਲੇ ਕਿੱਥੇ ਗਏ, ਅੱਖ ਦੇ ਫੋਰੇ 'ਚ ਅਲੋਪ ਹੋ ਗਏ। ਕਿਸੇ ਨੂੰ ਸੋਝੀ ਨਹੀਂ ਪਈ। ਸੋ ਉਹ ਗੁਰੂ ਨਾਨਕ ਦਾ ਪ੍ਰਤਾਪ ਕਿਵੇਂ ਭਰਮਾਂ 'ਚ ਪਈ ਹੋਈ ਦੁਨੀਆਂ, ਕਿਵੇਂ ਗਲਤ ਧਾਰਨਾਵਾਂ ਮਨਾਂ ਵਿੱਚ ਧਾਰੀਆਂ ਹੋਈਆਂ, ਹਨ੍ਹੇਰੇ 'ਚ ਟੱਕਰਾਂ ਮਾਰਦੇ ਸੰਸਾਰ ਨੂੰ ਰੋਸ਼ਨੀ ਗੁਰੂ ਨਾਨਕ ਪਾਤਸ਼ਾਹ ਨੇ ਦਿੱਤੀ।

ਸਾਡੇ ਕੋਲ ਐਡਾ ਵੱਡਾ ਖਜ਼ਾਨਾ ਹੈ ਗੁਰਬਾਣੀ ਦਾ ਸਾਧਸੰਗਤ ਜੀ! ਬਾਣੀ ਨੂੰ ਵਿਚਾਰੋ, ਬਾਣੀ ਦੇ ਵਿੱਚੋਂ ਹੀ ਸਭ ਕੁਛ ਨਿਕਲਣਾ ਹੈ। ਜਿਹੜੇ ਤਾਂ ਸਬੁੱਧੀ ਹੁੰਦੀ ਨੇ ਬਹੁਤ ਉੱਚੀ ਬੁੱਧੀ ਵਾਲੇ ਹੁੰਦੇ ਨੇ, ਉਨ੍ਹਾਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਮਝ ਪੈ ਜਾਇਆਂ ਕਰਦੀ ਹੈ ਕਿਸੇ-ਕਿਸੇ ਨੂੰ। ਸਾਰਿਆਂ ਨੂੰ ਨਹੀਂ ਪੈਂਦੀ। ਸਾਡੇ ਅੰਦਰ ਦੋ ਪੱਧਰ ਹਨ, ਇੱਕ ਬੁੱਧੀ ਮੰਡਲ ਦਾ ਤੇ ਦੂਜਾ ਆਤਮ ਮੰਡਲ ਦਾ ਪੱਧਰ ਹੈ। ਬੁੱਧੀ ਮੰਡਲ ਦੇ ਵਿੱਚ ਜਾਣੀ ਹੋਈ ਗੱਲ ਕੋਈ ਫਾਇਦਾ ਨਹੀਂ ਦਿੰਦੀ। ਜੇ ਬੁੱਧੀ ਮੰਡਲ ਨੇ ਜਾਣ ਲਿਆ ਕਿ ਧਰਤੀ ਵਿੱਚ ਪਾਣੀ ਹੈ ਤੇ ਪਿਆਸੇ ਮਰ ਰਹੇ ਹਾਂ ਉਹ ਪਾਣੀ ਸਾਡੇ ਕਿਸੇ ਮਤਲਬ ਦਾ ਨਹੀਂ ਹੈ। ਜੇ ਖੂਹ ਦੇ ਵਿੱਚੋਂ ਕੱਢ ਲਿਆ ਤਾਂ ਯਤਨ ਕਰਨਾ ਪੈਂਦਾ ਹੈ। ਜੇ ਚਸ਼ਮਾ ਹੋਵੇ ਤਾਂ ਆਪੇ ਹੀ ਫੁੱਟ-ਫੁੱਟ ਨਿਕਲਦਾ ਹੈ। ਬ੍ਰਹਮਗਿਆਨੀਆਂ ਦੇ ਹਿਰਦੇ ਵਿੱਚ ਪ੍ਰਮੇਸ਼ਰ ਚਸ਼ਮੇ ਵਾਂਗੂੰ ਹੁੰਦਾ ਹੈ। ਜਿਹੜੇ ਮਿਹਨਤਾਂ ਕਰਦੇ ਨੇ, ਕਰਮਕਾਂਡੀ ਨੇ ਉਨ੍ਹਾਂ ਦੇ ਕੋਲ ਪ੍ਰਮੇਸ਼ਰ, ਖੂਹ ਵਾਂਗੂੰ ਪਾਣੀ ਕੱਢਣਾ ਪੈਂਦਾ ਹੈ। ਡੋਲ ਹੋਵੇ ਸਭ ਕੁਛ ਹੋਵੇ ਤਾਂ ਖੂਹ ਵਿੱਚੋਂ ਮਾੜਾ ਮੋਟਾ ਕੱਢ ਲਿਆ ਤਾਂ ਕੱਢ ਲਿਆ, ਪਿਆਸ ਬੁਝਾਂ ਲੈਂਦਾ ਹੈ ਥੋੜ੍ਹੀ ਦੇ ਵਾਸਤੇ। ਸਦਾ ਵਾਸਤੇ ਨਹੀਂ ਉਸਨੂੰ ਪਾਣੀ ਦੀ ਪ੍ਰਾਪਤੀ ਹੁੰਦੀ। ਇੱਕ ਮਨਮੁਖ ਹੁੰਦੇ ਨੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਪਾਣੀ ਤਾਂ ਧਰਤੀ 'ਚ ਹੈਗਾ। ਇਹ ਬੁੱਧੀ ਮੰਡਲ ਦਾ ਗਿਆਨ ਹੋਇਆ ਕਰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਜਿੱਥੇ ਸਾਨੂੰ ਲਿਜਾਣਾ ਚਾਹੁੰਦੇ ਨੇ। ਪਹੁੰਚਣ ਦਾ ਯਤਨ ਕਰੋ ਸਾਧਸੰਗਤ ਜੀ! ਕੋਈ ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਕਿਸ ਉਪਰ ਵੱਜ ਜਾਵੇ, ਸਮਾਂ ਬੜਾ ਮਾੜਾ ਚੱਲ ਰਿਹਾ ਹੈ ਇਸ ਕਰਕੇ ਛੇਤੀ ਤੋਂ ਛੇਤੀ ਆਪਣੇ ਜਿਸ ਆਤਮ ਪਦਾਰਥ ਨੂੰ ਲੈਣ ਵਾਸਤੇ ਅਸੀਂ ਸੰਸਾਰ 'ਤੇ ਆਏ ਹਾਂ ਉਹਦੇ ਵਲ ਸਾਨੂੰ ਤਰੱਕੀ ਕਰਨੀ ਚਾਹੀਦੀ ਹੈ। ਗੱਲ ਸਮਝੋ, ਸਮਝ ਕੇ ਕਮਾਓ, ਮਿੱਟੀ ਨਾਲ ਪਿਆਰ ਨਾ ਕਰੋ, ਮਿੱਟੀ 'ਚ ਵਸੋ ਨਾ, ਮਿੱਟੀ ਨੂੰ ਕਮਾਓ, ਮਿੱਟੀ ਨਾਲ ਨਾ ਖੇਡੋ। ਇਹਦੇ ਅੰਦਰ ਜਿਹੜੀ ਜੋਤ ਹੈ -

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ***
***ਰਖੀ ਤਾ ਤੂ ਜਗ ਮਹਿ ਆਇਆ ॥***
***ਹਰਿ ਜੋਤਿ ਰਖੀ ਤੁਧੁ ਵਿਚਿ***
***ਤਾ ਤੂ ਜਗ ਮਹਿ ਆਇਆ ॥ ਅੰਗ - ੯੨੧***

ਆਪਣੇ ਆਪ ਨੂੰ ਜੋਤ ਸਮਝੋ, ਜੋਤ ਦਾ ਵਾਸਾ ਜੋਤ 'ਚ ਹੋਇਆ ਕਰਦਾ ਹੈ। ਮਿੱਟੀ 'ਚ ਨਹੀਂ ਹੋਇਆ ਕਰਦਾ। ਸੋ ਪਰਮ ਜੋਤੀ ਜੋ ਘਟ-ਘਟ 'ਚ ਵਿਆਪਕ ਹੈ ਉਹਦੇ ਵਿੱਚ ਅਸੀਂ ਜਦ ਤੱਕ ਅਭੇਦ ਨਹੀਂ ਹੁੰਦੇ ਸਾਡਾ ਆਉਣਾ-ਜਾਣਾ ਨਹੀਂ ਮੁੱਕਦਾ ਤੇ ਸਾਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਵਾਹਿਗੁਰੂ ਨਾਲ ਸਾਡਾ ਮੇਲ ਨਹੀਂ ਹੁੰਦਾ, ਇਹ ਗੱਲਾਂ ਬਹੁਤ ਗਹਿਰੀਆਂ ਨੇ ਤੇ ਬਹੁਤ ਵਿਚਾਰ ਵਾਲੀਆਂ ਨੇ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ
ਗੁਰ ਸਤੋਤਰ
ਹੁਕਮਨਾਮਾ
ਅਰਦਾਸ

☬☬☬☬☬

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਕਾਂਡ ਤੀਜਾ

ਹੁਣ ਤਾਂ ਮਾਂ ਬੇਵੱਸ ਹੋ ਫੇਰ ਪੁੱਤਰ ਨੂੰ ਗਲ ਨਾਲ ਲਾ ਘਰ ਬੜੇ ਪ੍ਰੇਮ ਨਾਲ ਘੁੱਟ ਕੇ ਸਾਵਣ ਦੇ ਮੀਂਹ ਵਾਂਗੂੰ ਐਸਾ ਰੋਈ ਕਿ ਇਕਤਾਰ ਬੱਝ ਗਈ। ਪਿਆਰੇ ਪੁੱਤਰ! ਬੁੱਢੀ ਮਾਂ ਤੇ ਤਰਸ ਕਰ। ਬੱਚਾ! ਤਰਸ ਕਰ।

ਐਤਕੀ ਸਿੰਘ ਸਾਹਿਬ ਬੀ ਨਾ ਰੁਕ ਸਕੇ, ਅੱਖਾਂ ਵਿੱਚ ਜਲ ਭਰ ਆਇਆ ਤੇ ਬੋਲੇ -

ਮਾਂ ਜੀ! ਤੁਹਾਡੀ ਖਾਤਰ ਮੈਂ ਇੰਨਾ ਕਰ ਸਕਦਾ ਹਾਂ ਕਿ ਇਸ ਘਰ ਵਿੱਚ ਚੁਬਾਰਾ ਮੈਨੂੰ ਦੇ ਛੱਡੋ, ਮੈਂ ਜੀਵਨ ਦੇ ਦਿਨ ਉਥੇ ਕੱਟ ਲਵਾਂਗਾ। ਬਾਹਰ ਨਿਕਲਣਾ, ਕਿਸੇ ਦੇ ਮੱਥੇ ਲੱਗਣਾ ਸਭ ਤਿਆਗ ਦਿਆਂਗਾ। ਨਾ ਕਿਸੇ ਨੂੰ ਪਤਾ ਲੱਗੇ ਨਾ ਆਪ ਨੂੰ ਲੱਗਣਾ ਸਭ ਤਿਆਗ ਦਿਆਂਗਾ। ਨਾ ਕਿਸੇ ਨੂੰ ਪਤਾ ਲੱਗੇ ਨਾ ਆਪ ਨੂੰ ਔਖ ਹੋਵੇ, ਪਰ ਮੈਂ ਇਹ ਨਹੀਂ ਕਰ ਸਕਦਾ ਕਿ ਥੋੜ੍ਹੇ ਦਿਨਾਂ ਦੇ ਜੀਵਨ ਖਾਤਰ ਸਦਾ ਅੰਗ ਸੰਗ ਰਹਿਣੇ ਵਾਲੇ ਧਰਮ ਦਾ ਤਿਆਗ ਕਰ ਦਿਆਂ।

ਮਾਂ - ਬੱਚਾ! ਜੇ ਇੰਨਾ ਬੀ ਮੰਨ ਲਵੇਂ ਤਾਂ ਲੱਖ ਸ਼ੁਕਰ ਹੈ ਪਰ ਤੇਰਾ ਜੀ ਨਾ ਅਕੁਲਾਵੇਗਾ?

ਪੁੱਤਰ - ਨਹੀਂ ਮਾਂ ਜੀ! ਮੈਨੂੰ ਏਕਾਂਤ ਸੁਖਦਾਈ ਹੈ। ਮੇਰੇ ਸਤਿਗੁਰ ਹਰ ਵੇਲੇ ਅੰਗ ਸੰਗ ਹਨ।

ਇਸ ਨਬੜ ਨਾਲ ਸਭ ਨੂੰ ਤਸੱਲੀ ਹੋ ਗਈ। ਏਨੇ ਪਰ ਦੀਵਾਨ ਸਾਹਿਬ, ਪੰਡਤ ਸਾਹਿਬ ਤੇ ਵੱਡਾ ਪੁੱਤਰ ਆ ਗਏ, ਆਉਂਦੇ ਸਾਰ ਹੀ ਦੀਵਾਨ ਸਾਹਿਬ ਬੋਲੇ -

"ਦੁਸ਼ਟ ਰਾਮ ਲਾਲ! ਨਿਕਲ ਜਾਓ, ਮੇਰੀ ਹਵੇਲੀਓਂ ਬਾਹਰ ਅਰ ਜੀਉਂਦੇ ਜੀ ਮੇਰੇ ਕਦੀ ਮੱਥੇ ਨਾ ਲੱਗੋ।

ਪੰਡਤ - ਰਾਮ ਲਾਲ! ਤੇਰੀ ਬੁੱਧੀ ਕੋ ਕਿਆ ਹੋ ਗਿਆ? ਮਲੇਛ। ਰਾਜ ਘਰਾਣੇ ਮੇਂ ਹੋ ਕੇ ਕਿਆ ਕੀਆ? ਅਬ ਬੀ ਸਮਝ।

ਮਾਂ - ਪੰਡਤ ਜੀ, ਲਹੂ ਨਾਲ ਲਹੂ ਧੋਤਿਆਂ ਪੂਰੀ ਨਹੀਂ ਪੈਂਦੀ, ਕੁਝ ਨਰਮੀ ਤੇ ਪਿਆਰ ਤੋਂ ਕੰਮ ਲੈਣਾ ਚੰਗਾ ਹੁੰਦਾ ਹੈ। ਰਾਮ ਲਾਲ ਘਰ ਵਿੱਚ ਗੁਪ ਛੁਪ ਰਹਿਣਾ ਮੰਨਦਾ ਹੈ, ਇਹ ਪ੍ਰਬੰਧ ਮੈਂ ਕਰ ਲਵਾਂਗੀ ਕਿ ਘਰੋਂ ਬਾਹਰ ਸੋ ਨਾ ਨਿਕਲੇ। ਘਰੋਂ ਕੱਢ ਕੇ ਤਾਂ ਆਪ ਮੌਤ ਦੇ ਮੂੰਹ ਪਾ ਦੇਣਾ ਹੋਵੇਗਾ, ਕੁਛ ਸੋਚ ਕਰ ਲਓ।

ਪੰਡਤ - ਮਾਈ! ਸੱਚ ਹੈ, ਹੁਣ ਲੁਕਾਉ ਦਾ ਵੇਲਾ ਲੰਘ ਗਿਆ। ਨਵਾਬ ਨੂੰ ਮਲੂਮ ਹੋ ਗਿਆ ਹੈ, ਹੁਣ ਦੀਵਾਨ ਸਾਹਿਬ ਓਥੋਂ ਹੋ ਕੇ ਆਏ ਹਨ। ਨਵਾਬ ਸਾਹਿਬ ਕਹਿੰਦੇ ਹਨ ਸਿੱਖ ਨਾ ਰਹੇ ਜਾ ਨਾ ਮੰਨੇ ਤਾਂ ਸਾਡੇ ਹਵਾਲੇ ਕਰੋ। ਬੜੀ ਮੁਸ਼ਕਲ ਨਾਲ ਇਹ ਮਨਾਇਆ ਹੈ ਕਿ ਜੇ ਸਾਡੇ ਆਖੇ ਨਾ ਲੱਗਾ ਤਾਂ ਘਰੋਂ ਕੱਢ ਦਿਆਂਗੇ।

ਮਾਂ - ਹਾਇ ਮੈਂ ਮਰ ਗਈ! ਪੰਡਤ ਜੀ! ਤੁਸੀਂ ਹੀ ਕੁਝ ਦਯਾ ਕਰਦੇ। ਮੇਰਾ ਲਾਲ! ਹਾਇ ਹਾਇ, ਮੇਰਾ ਬਾਲ, ਦਰ-ਬਦਰ ਰੁਲੇਗਾ। ਹਾਇ ਰੱਬਾ! ਮੈਂ ਕੀ ਕਰਾਂ?

ਦੀਵਾਨ - ਬਾਉਲੀ ਹੋ ਗਈ ਏ! ਸਿਆਣੇ ਕਹਿੰਦੇ ਹਨ ਕਿ ਜੋ ਉਂਗਲ ਸੱਪ ਥੀਂ ਡੰਗੀ ਜਾਏ ਸੋ ਵੱਢ ਦਿਓ, ਜੋ ਕਿਵੇਂ ਬਾਕੀ ਦਾ ਸਰੀਰ ਬਚ ਜਾਏ। ਸਾਰੇ ਟੱਬਰ ਨੂੰ, ਪਿਉ ਦਾਦੇ ਦੀ ਇੱਜ਼ਤ ਨੂੰ ਤੇ ਇਸ ਮਾਲ ਦੌਲਤ ਨੂੰ ਬਚਾਉਣ ਲਈ ਰਾਮ ਲਾਲ ਨੂੰ ਗੰਦੀ ਉਂਗਲ ਜਾਣ ਕੇ ਵੱਢ ਦੇਣਾ ਭਲੀ ਗੱਲ ਹੈ।

ਮਾਂ - ਹਾਇ ਰਾਮ! ਪਵਿੱਤਰ ਆਤਮਾ ਪੁੱਤਰ ਗੰਦੀ ਉਂਗਲ!! ਪ੍ਰਲੋਕ ਵਿੱਚ ਸਹਾਈ ਹੋਣ ਵਾਲਾ ਦੁਲਾਰਾ ਜ਼ਹਿਰ ਦੇ ਸਮਾਨ!! ਸਾਰੇ ਟੱਬਰ ਦਾ ਚੰਦ! ਹੈਂ, ਮੇਰਾ ਲਾਡਲਾ ਬਾਲ!

ਦੀਵਾਨ - ਤੂੰ ਨਾਲ ਪੱਟੀ ਗਈ, ਸਿਰ ਮੁੰਨ ਕੇ ਏਸੇ ਨਾਲ ਹੀ ਕੱਢ ਦਿਆਂਗਾ।

ਪੁੱਤਰ (ਮਾਂ ਦੇ ਪੈਰ ਫੜ ਕੇ) - ਪਿਆਰੀ ਮਾਂ! ਮੇਰੇ ਪਿੱਛੇ ਆਪਣੀ ਪਤ ਨਾ ਗੁਆ, ਮੇਰੇ ਭਾਗ ਮੇਰੇ ਨਾਲ ਹਨ, ਤੂੰ ਫਿਕਰ ਨਾ ਕਰ, ਦੋ ਪੁੱਤ ਤੇਰੇ ਘਰ ਹੋਰ ਹਨ, ਉਨ੍ਹਾਂ ਵੱਲ ਚਿੱਤ ਲਾ, ਮੈਨੂੰ ਸਮਝ ਕਿ ਮਰ ਗਿਆ ਹੈ, ਜਿਨ੍ਹਾਂ ਦੇ ਪੁਤਰ ਮਰ ਜਾਂਦੇ ਹਨ, ਉਹ ਮਾਵਾਂ ਬੀ ਸਬਰ ਕਰਦੀਆਂ ਹੀ ਹਨ ਨਾ!

ਮਾਂ - ਬੱਚਾ! ਜੀਉਣ ਉਹ ਬੀ, ਪਰ ਤੇਰੇ ਬਿਨਾਂ ਜੀਉ ਕਿਵੇਂ ਪਰਚਾਵਾਂ? ਬੱਚਾ! ਮੈਂ ਕੀਕੁਰ ਜੀਵਾਂਗੀ? ਤੂੰ ਮੇਰੀ ਜਿੰਦ ਦਾ ਟੁਕੜਾ, ਮੇਰਾ ਲਾਲ, ਮੇਰੇ ਲਾਡਲੇ ਦੁਲਾਰੇ!

ਵੱਡਾ ਪੁੱਤਰ - ਮਾਂ! ਹੋਸ਼ ਕਰ, ਸੱਚਮੁੱਚ ਤੀਵੀਂ ਦੀ ਅਕਲ ਗੁੱਤ ਪਿੱਛੇ। ਸਮਾਂ ਵੇਖ ਤੇ ਬਾਕੀ ਟੱਬਰ ਦੀ ਸੁੱਖ ਮੰਗ।

ਮਾਂ - ਵੇ ਰਾਮ ਲਾਲ! ਮੈਨੂੰ ਤਿੰਨ ਪੁੱਤ ਹੁੰਦਿਆਂ ਨਿਪੁੱਤੀ ਕਰ ਚੱਲਿਓਂ! ਮੈਨੂੰ ਨਿੱਤ ਦੀ ਚਿਖਾ ਵਿੱਚ ਪਾ ਚੱਲਿਓਂ। ਨਾ ਮਰਾਂਗੀ, ਨਾ ਜੀਵਾਂਗੀ, ਬੱਚਾ! ਦਿਨ ਰਾਤ ਵੈਣ ਕਰਾਂਗੀ।

ਦੀਵਾਨ - ਬਾ ਮਾਰੀ.........ਹੋਈ, ਅਕਲ, ਹੋਸ਼ ਕਰ, ਕਿਤੇ ਇਸ ਦੇ ਨਾਲ ਨਾ ਸੂਲੀ ਚੜ੍ਹੀਂ ਤੂੰ ਬੀ!

ਸਿੰਘ ਜੀ ਦੀਆਂ ਭੈਣਾਂ ਬਿਹਬਲ ਹੋਈਆਂ ਜ਼ਾਰੋ ਜ਼ਾਰ ਰੋਂਦੀਆਂ ਤੇ ਵੀਰ ਦੇ ਹੱਥ ਫੜ ਫੜ ਕਹਿੰਦੀਆਂ ਸਨ, ਵੇ ਵੀਰ! ਅਸਾਂ ਗਊਆਂ ਤੇ ਦਇਆ ਕਰ, ਵੀਰ ਵੇ! ਗਊਆਂ ਨੂੰ ਘਾ ਪਾ,

ਲਾਲੇ ਜੀ ਦਾ ਕਿਹਾ ਮੰਨ ਵੀਰ ਵੇ! ਸਦਾ ਦੇ ਸੱਲ ਨਾ ਦੇਹ। ਬਾਕੀ ਸਾਰਾ ਟੱਬਰ ਰੋ ਰੋ ਕੇ ਫਾਹਵਾ ਹੋ ਰਿਹਾ ਸੀ, ਬਾਂਦੀਆਂ ਗੋਲੀਆਂ ਟਹਿਲਣਾ, ਜੋ ਸਭ ਸਿੰਘਾਂ ਜੀ ਦੀ ਦਇਆ ਦਾ ਪਾਤਰ ਸਨ, ਰੋਂਦੀਆਂ ਸਨ, ਦੀਵਾਨ ਸਾਹਿਬ ਲੋਹੇ ਲਾਖੇ ਹੋ ਰਹੇ ਸਨ ਪੰਡਤ ਜੀ ਉਤੋਂ ਕੋਮਲ ਅੱਖਾਂ ਜਲ ਨਾਲ ਪੂਰਤ ਤੇ ਅੰਦਰੋਂ ਥਿੰਧੇ ਘੜੇ ਹੋ ਰਹੇ ਸੇ। ਵੱਡਾ ਭਿਰਾਉ ਹੈਰਾਨੀ ਤੇ ਗੁੱਸੇ ਵਿੱਚ ਘੁੱਟਿਆ ਹੋਇਆ ਘੂਰ ਰਿਹਾ ਸੀ। ਮਾਂ - ਬੱਚਾ! ਉਸ ਕਲਗੀਆਂ ਵਾਲੇ ਗੁਰੂ ਦੇ ਬਚਨਾਂ ਦੀ ਖਰੈਤ ਮੇਰਾ ਬਚਨ ਮੰਨ, ਤੈਨੂੰ ਉਸੇ ਦਾ ਵਾਸਤਾ ਹਈ।

ਕਲਗੀਆਂ ਵਾਲੇ ਦਾ ਵਾਸਤਾ ਸੁਣਦੇ ਹੀ ਸਿੰਘ ਜੀ ਨੇ ਇੱਕ ਘੇਰਨੀ ਖਾਧੀ। ਹਾਇ! ਕੈਸੀ ਕੋਮਲ ਦਸ਼ਾ ਹੈ, ਜੇ ਗੁਰੂ ਦਾ ਵਾਸਤਾ ਮੋੜੇ ਤਦ ਬੇਮੁਖ, ਜੇ ਮੰਨੇ ਤਦ ਸਿੱਖੀ ਹਾਰ ਕੇ, ਬੇਮੁਖ, ਕਰੇ ਤਾਂ ਕੀ ਕਰੇ? ਮਾਂ ਦੇ ਅਤਿ ਪਿਆਰ, ਭੈਣਾਂ ਦੇ ਅਤਿ ਸਨੇਹ ਆਦਿ ਨੇ ਦਿਮਾਗ ਨੂੰ ਚੱਕ੍ਰਾ ਦਿੱਤਾ ਅਰ ਮੂਰਛਾ ਜੇਹੀ ਹੋ ਗਈ।

ਐਸੀਆਂ ਕਸ਼ਟ ਭਰੀਆਂ ਦਸ਼ਾ ਵਿਚ ਸਾਡੇ ਬਜ਼ੁਰਗਾਂ ਨੇ ਖਾਲਸਾ ਧਰਮ ਗ੍ਰਹਿਣ ਕੀਤਾ ਸੀ, ਜੋ ਅੱਜ ਕੱਲ ਮਾਇਆ ਦੇ ਝਲਕੇ ਤੇ ਵਿਸ਼ਿਆਂ ਦੇ ਮੋਹ ਅੱਗੇ ਮੁਫਤ ਦਿੱਤਾ ਜਾ ਰਿਹਾ ਹੈ, ਗੁਰੂ ਰੱਖਿਆ ਕਰੇ।

ਗੋਲੀਆਂ ਦੌੜੀਆਂ, ਗੁਲਾਬ ਕਿਉੜੇ ਦੇ ਛੱਟੇ ਮਾਰ ਕੇ ਹੋਸ਼ ਲਿਆਂਦੀ। ਮਾਂ, ਮਮਤਾ ਦੀ ਮਾਰੀ ਮਾਂ, ਪੁੱਤ ਦਾ ਹੱਥ ਹੱਥਾਂ ਵਿੱਚ ਲੈ ਕੇ ਤੇ ਪਲੋਸ ਕੇ ਬੋਲੀ, ਮੇਰੇ ਲਾਲ! ਹੋਸ਼ ਕਰ, ਮੈਂ ਗੁਰੂ ਦਾ ਵਾਸਤਾ ਛੱਡਿਆ, ਤੂੰ ਤਕੜਾ ਹੋ। ਜਦੋਂ ਰਾਮ ਲਾਲ ਉਠਿਆ, ਦੀਵਾਨ ਨੇ ਬਾਂਹ ਫੜ ਕੇ ਕਿਹਾ, ਜਾਓ ਨਿਕਲੋ, ਢਿੱਲ ਨਾ ਕਰੋ।

ਰਾਮ ਲਾਲ ਨੇ ਕਦਮ ਚੁੱਕਿਆ ਤਾਂ ਉਸ ਦੀ ਸਿੱਖਣੀ ਤੇ ਪੁੱਤਰ ਬੀ ਮਗਰ। ਦੀਵਾਨ ਨੇ ਕਿਹਾ ਨੂੰਹ ਦੀ ਬਾਂਹ ਫੜ ਕੇ ਕਿਹਾ ਕਿ ਤੈਂ ਨਹੀਂ ਜਾਣਾ। ਪਰ ਬਾਂਹ ਛੁਡਾ ਕੇ ਪਤਿਬ੍ਰਤਾ ਪਤੀ ਦੇ ਮਗਰ। ਤਦ ਮਾਂ ਨੇ ਕਿਹਾ, ਬੱਚਾ ਜ਼ਰਾ ਠਹਿਰ ਜਾ। ਬਾਂਹੋਂ ਫੜ ਕੇ ਪੁੱਤਰ ਨੂੰ ਪਾਸ ਬਹਾਲ ਲਿਆ ਤੇ ਰੋ ਰੋ ਕੇ ਬੋਲੀ, ਕਾਕਾ! ਮੈਨੂੰ ਮਾਰ ਕੇ ਜਾਂਦੋਂ, ਤੇਰਾ ਹੱਥ ਲਗਦਾ ਤਾਂ ਮੇਰਾ ਅੱਗਾ ਸੌਰਦਾ ਤੇ ਤੂੰ ਤਾਂ ਹੁਣ ਵਹੁਟੀ ਬੀ ਨਾਲ ਲੈ ਚੱਲਿਓਂ। ਮੇਰੇ ਪੋਤਰੇ ਤੇ ਨੂੰਹ ਨੂੰ ਤਾਂ ਛੱਡ ਜਾ।

ਪੁੱਤਰ - ਮਾਂ ਜੀ ਇਹ ਸਭ ਤੁਹਾਡੀ ਦੌਲਤ ਹਨ, ਇਨ੍ਹਾਂ ਨੂੰ ਰੱਖੋ, ਮੈਂ ਨਾਲ ਨਹੀਂ ਲਿਜਾਂਦਾ।

ਸਿੱਖਣੀ (ਸੱਸ ਅੱਗੇ ਹੱਥ ਜੋੜ ਕੇ) - ਮਾਂ ਜੀ! ਬਖਸ਼ੋ, ਮੈਨੂੰ ਆਗਿਆ ਦਿਓ! ਜਿਥੇ ਇਹ ਜਾਣਗੇ ਉਥੇ ਹੀ ਮੈਂ ਜਾਵਾਂਗੀ! ਇਨ੍ਹਾਂ ਨਾਲੋਂ ਮੈਂ ਅੱਡ ਨਹੀਂ ਰਹਿ ਸਕਦੀ।

ਮਾਂ - ਧੀਏ! ਮੇਰਾ ਕੌਣ?

ਨੂੰਹ - ਤੇ ਮਾਂ ਜੀ ਸਵਾਮੀ ਬਾਝ ਮੇਰਾ ਕੌਣ ਹੈ? ਆਪ ਵੱਡੇ ਸਿਰ ਮੱਥੇ ਤੇ; ਪਰ ਸਵਾਮੀ ਦੇ ਚਰਨਾਂ ਦੀ ਦਾਸੀ ਹੋਣ ਕਰਕੇ ਉਨ੍ਹਾਂ ਦੀ ਸੇਵਾ ਤੋਂ ਕਿੱਕੁਰ ਮੂੰ ਮੋੜਾਂ? ਘਰ ਦੇ ਸੁਖ ਭੋਗਾਂ ਤੇ ਪਤੀ ਦੇ ਦੁੱਖਾਂ ਦਾ ਹਿੱਸਾ ਨਾ ਵੰਡਾਵਾਂ? ਅੱਧਾ ਅੰਗ ਸਾਰੇ ਤੋਂ ਕੀਕੂੰ ਵਿਛੜੇ? ਲੋਕ ਪ੍ਰਲੋਕ, ਦੁੱਖ, ਸੁੱਖ ਇਹ ਮੇਰਾ ਹਰ ਥਾਂ, ਹਰ ਹਾਲ, ਆਸਰਾ ਪਰਨਾ, ਮੇਰਾ ਆਪਣਾ ਆਪ, ਮੈਂ ਆਪਣੇ ਆਸਰੇ ਤੋਂ ਆਪਣੇ ਆਪੇ ਤੋਂ ਕੀਕੂੰ ਵਿਛੁੜਾਂ?

ਦੀਵਾਨ - ਬਈ, ਸਿੱਖਾਂ ਦੀ ਸੰਗਤ ਭੀ ਖੁਰੀ ਇੱਕ ਛੁਰੀ ਹੈ। ਇਤ ਕੁੜੀ ਭੀ ਗਿਆਨ ਸਾੜਨ ਲੱਗੀ ਜੇ। ਹੱਛਾ ਪਰਾਲਬਧ! ਇਸ ਕੋ ਭੀ ਨਿਕਾਲ ਦਿਓ। ਲੜਕੇ ਨੂੰ ਰੱਖ ਲਓ।

ਬਾਲਕ - ਨਾ ਨਾ ਬਾਬਾ! ਮੈਂ ਨਹੀਂ ਰਹਿੰਦਾ, ਜਿੱਥੇ ਮਰੇ ਬਾਪੂ ਹੀ ਤੇ ਮਾਂ ਜੀ ਰਹਿਣਗੇ, ਓਥੇ ਹੀ ਮੈਂ ਰਹਾਂਗਾ।

ਦੀਵਾਨ - ਕਿਉਂ ਬੱਚੂ?

ਪੰਡਤ - ਮੂਰਖ! ਦੀਵਾਨ ਸਾਹਿਬ ਦੇ ਘਰ ਰੋਟੀ ਨਹੀਂ ਹੈ?

ਬਾਲਕ - ਇਨ੍ਹਾਂ ਦੇ ਪਿੱਛੋਂ ਮੈਂ ਰੋਟੀ ਕਿੱਥੋਂ ਖਾਊਂ?

ਪੰਡਤ - ਮੂਰਖ! ਦੀਵਾਨ ਸਾਹਿਬ ਦੇ ਘਰ ਰੋਟੀ ਕੀਕੂੰ ਖਾਊਂ? ਮੈਨੂੰ ਸ਼ਬਦ ਕੌਣ ਸੁਣਾਊ? ਮੈਨੂੰ ਕਲਗੀਆਂ ਵਾਲੇ ਦੇ ਪਿਆਰ ਦੀਆਂ ਗੱਲਾਂ ਕੌਣ ਸਮਝਾਊ?

ਦੀਵਾਨ (ਮੱਥੇ ਤੇ ਹੱਥ ਮਾਰ ਕੇ) - ਇੱਕ ਨੂੰ ਕੀ ਰੋਨੀਏਂ ਊਤ ਗਿਆ ਈ ਆਵਾ।

ਦੀਵਾਨਣੀ (ਪੋਤਰੇ ਨੂੰ ਕੁੱਛੜ ਲੈ ਕੇ ਤੇ ਪਿਆਰ ਦੇ ਕੇ) - ਮੇਰੇ ਅੱਖਾਂ ਦੇ ਤਾਰੇ! ਰੋਟੀ ਮੈਂ ਪਕਾਊਂ, ਵੱਖਰਾ ਚਫੰਕਾ ਬਣਾਊਂ, ਤੂੰ ਤਾਂ ਮੇਰੇ ਪਾਸ ਰਹੁ, ਲਾਲ!

ਬਾਲਕ! ਪਰ ਫੇਰ ਮੈਨੂੰ ਵੀ ਆਖੋਗੇ ਕੇਸ ਨਾ ਰੱਖੀਂ। ਮੈਂ ਕੇਸ ਰੱਖਣੇ ਹੋਏ ਨਾਲੇ ਬਾਪੂ ਜੀ ਤੋਂ ਕੌਣ ਛੁਡਾਵੇ, ਇਹ ਕਲਗੀਆਂ ਵਾਲੇ ਦੇ ਪਿਆਰੇ ਹਨ। ਮਾਂ ਜੀ ਨੂੰ ਕੌਣ ਛੱਡੇ, ਨਿੱਤ ਗੁਰੂ ਜੀ ਦੇ ਪ੍ਰੇਮ ਦੀ ਕਥਾ ਕਰਦੇ ਹਨ।

ਦੀਵਾਨਣੀ - ਵੇ ਦੇਵਤਿਆਂ ਦੇ ਉਤਾਰੇ! ਸੈਂ ਔਗੁਣਹਾਰੀ ਨੂੰ ਨਾਲ ਲੈ ਚਲੋ, ਵੇ ਪਰਮੇਸ਼ੁਰ ਦੇ ਸਵਾਰਿਓ! ਦਯਾ ਕਰੋ, ਵੇ ਮੈਨੂੰ ਵੀ ਨਾਲ ਲੈ ਚੱਲੋ।

ਦੀਵਾਨ (ਦੀਵਾਨਣੀ ਦਾ ਹੱਥ ਹੁਜਕ ਕੇ ਤੇ ਪਰੇ ਪਟਕਾ ਕੇ) ਚੱਲ ਸੁਸਰੀ! (ਪੁਤ ਨੂੰਹ ਵੱਲ) ਨਿਕਲ ਜਾਓ।

ਦੀਵਾਨਣੀ (ਪਾਸ ਪਈ ਕਟਾਰ ਚੁੱਕ ਕੇ) - ਵੇ ਬੱਚਾ! ਮੈਨੂੰ ਮੁਕਾ ਕੇ ਜਾਵੀਂ (ਦੌੜ ਕੇ ਸਿੰਘ ਜੀ ਨੂੰ ਬੂਹੇ ਵਿਚੋਂ ਫੜ ਲਿਆ) ਬੱਚਾ! ਮੇਰਾ ਕੰਮ ਪੂਰਾ ਕਰ ਜਾਹ (ਕਟਾਰ ਉਸ ਦੇ ਹੱਥ ਵਿੱਚ ਦੇਵੇ) ਮੈਨੂੰ ਮਾਰ ਜਾਹ, ਮੈਂ ਕਿੱਕੁਰ ਜੀਵਾਂਗੀ? ਹਾਇ ਵੇ ਲੋਕੋ, ਮੇਰਾ ਸਰਬੰਸ ਲੁਟ ਗਿਆ। ਕੋਈ ਬਚਾਓ ਵੇ, ਕੋਈ ਰੁੜ੍ਹਦੀ ਬੇੜੀ ਬੰਨੇ ਲਾਓ ਵੇ! ਇਉਂ ਬਿਹਬਲ ਹੋਈ ਨੇ ਕਟਾਰ ਆਪਣੇ ਪੇਟ ਵਿਚ ਮਾਰੀ, ਲਹੂ ਚੱਲ ਪਿਆ ਤੇ ਭੁਆਟਣੀ ਖਾ ਕੇ ਡਿੱਗ ਪਈ। ਵੱਡੇ ਭਰਾ ਨੇ ਧੱਕਾ ਮਾਰ ਕੇ ਸਿੰਘ, ਸਿੰਘਣੀ ਤੇ ਭੁਜੰਗੀ ਨੂੰ ਬਾਹਰ ਕੱਢ ਦਿੱਤਾ ਤੇ ਬੂਹਾ ਅੰਦਰੋਂ ਭੀੜ ਲਿਆ।

ਕਾਂਡ ਚੌਥਾ

ਮਾਪਿਆਂ ਦੇ ਰਾਮ ਲਾਲ ਤੇ ਖਾਲਸੇ ਜੀ ਦੇ ਬਿਜੈ ਸਿੰਘ ਜੀ ਘਰ ਤੋਂ ਨਿਕਲ ਕੇ ਆਪਣੀ ਸਿੰਘਣੀ ਅਰ ਭੁਜੰਗੀ ਸਮੇਤ ਲਾਹੌਰ ਸ਼ਹਿਰ ਦੇ ਉਜਾੜ ਬਜ਼ਾਰਾਂ ਥਾਣੀ ਹੁੰਦੇ ਹੋਏ ਇੱਕ ਐਸੇ ਆਦਮੀ ਦੇ ਘਰ ਪਹੁੰਚੇ, ਜੋ ਸਿੰਘ ਤਾਂ ਨਹੀਂ ਸੀ, ਪਰ ਜਿਸ ਦੇ ਜੀਵਨ ਦਾ ਸਾਰਾ ਵਤੀਰਾ ਸਿੱਖਾਂ ਵਾਲਾ ਸੀ, ਕੇਵਲ ਕੇਸ਼ਾਧਾਰੀ ਨਹੀਂ ਸੀ। ਇਸ ਪੁਰਖ ਨੇ ਆਪਣਾ ਧਰਮ ਇਹ ਬਣਾਇਆ ਹੋਇਆ ਸੀ ਕਿ ਵੇਲੇ ਕੁਵੇਲੇ ਸਿੰਘਾਂ ਨੂੰ ਘਰ ਵਿੱਚ ਲੁਕਾ ਛੁਪਾ ਕੇ ਆਸਰਾ ਦੇਵੇ। ਭਾਵੇਂ ਇਸ ਦਾ ਜੀ ਤਾਂ ਬਹੁਤ ਚਾਹੁੰਦਾ ਸੀ ਕਿ ਕੇਸਾਧਾਰੀ ਸਿੰਘ ਸਜੇ; ਪਰੰਤੂ ਪਰਉਪਕਾਰ ਦੀ ਖਾਤਰ ਤਕਲੀਫ ਝੱਲ ਕੇ ਬੀ ਤੇ ਇਹ ਖਯਾਲ ਕਰ ਕੇ ਕਿ ਭਾਵੇਂ ਹੋਰ ਜਨਮ ਵੀ ਧਾਰਨਾ ਪਵੇ, ਪਰ ਸਿੰਘਾਂ ਦੀ ਸਹਾਇਤਾ ਜ਼ਰੂਰ ਕਰਨੀ ਹੈ, ਇਸ ਨੇ ਆਪਣੇ ਆਪ ਨੂੰ ਸਹਿਜਧਾਰੀਆਂ ਦੀ ਸ਼ਕਲ ਵਿਚ ਰਖਿਆ ਹੋਇਆ ਸੀ। ਉਸ ਸਮੇਂ ਐਸੇ ਕਈ ਹੋਰ ਪਰ ਉਪਕਾਰੀ ਭੀ ਸਨ ਜੋ ਆਪਣੇ ਅਸੂਲਾਂ ਕਰ ਕੇ ਤਾਂ ਸਿੱਖ ਸਨ, ਪਰ ਸ਼ਕਲ ਸੂਰਤ ਸਿੱਖਾਂ ਵਾਲੀ ਨਹੀਂ ਰੱਖਦੇ ਸਨ, ਸਗੋਂ ਬਾਹਰਲੀ ਵਰਤੋਂ ਭੀ ਐਸੀ ਰੱਖਦੇ ਸਨ ਕਿ ਜਿਸ ਤੋਂ ਪੱਕੇ ਹਿੰਦੂ ਜਾਪਣ, ਸਿੱਖਾਂ ਨੂੰ ਬਿਪਤਾ ਪਈ ਪਰ ਇਹ ਲੋਕ ਬਹੁਤ ਮਦਦ ਕਰਦੇ ਹੁੰਦੇ ਸਨ। ਪੰਥ ਦੇ ਦੀਵਾਨਾਂ ਵਿੱਚ ਭੁੱਲਾਂ ਦੀਆਂ ਤਨਖਾਹਾਂ ਭੀ ਬਖਸ਼ਿਸ਼ਾਂ ਕਰਦੇ ਸਨ।

ਬਿਜੈ ਸਿੰਘ ਜੀ ਜਦ ਇਸ ਘਰ ਪਹੁੰਚੇ, ਤਦ ਲਾਲਾ ਲੀਲਾ ਰਾਮ ਨੇ ਜੋ ਘਰ ਦਾ ਮਾਲਕ ਸੀ - ਇਨ੍ਹਾਂ ਦੀ ਖਾਤਰ ਕੀਤੀ ਅਰ ਆਪਣੀ ਹਵੇਲੀ ਦੇ ਉਸ ਅਸਥਾਨ ਵਿੱਚ ਉਤਾਰਾ ਦਿੱਤਾ ਕਿ ਜਿੱਥੇ ਕੋਈ ਨਹੀਂ ਪਹੁੰਚ ਸਕਦਾ ਸੀ ਅਰ ਨਾ ਢੂੰਡ ਕਰਨ ਤੇ ਹੀ ਪਤਾ ਲੱਗ ਸਕਦਾ ਸੀ। ਇਸ਼ਨਾਨ ਪਾਣੀ ਕਰਕੇ ਸਭ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ ਤੇ ਫੇਰ ਪ੍ਰਸ਼ਾਦ ਛਕਿਆ। ਰਾਤ ਦੇ ਵੇਲੇ ਇਸ ਹਵੇਲੀ ਵਿੱਚ ਪੰਜਾਹ ਸੱਠ ਸਿੰਘ ਹੋਰ ਇਕੱਠੇ ਹੋਏ। ਇਸ ਵੇਲੇ ਪੰਥ ਦੀ ਉਖਿਆਈ ਦਾ ਵਰਣਨ ਚੱਲ ਪਿਆ ਕਿ ਅੰਮ੍ਰਿਤਸਰ ਵਿਚੋਂ ਸਿੰਘ ਕੱਢ ਦਿੱਤੇ ਜਾਣ ਦਾ ਹੁਕਮ ਚਲਾ ਗਿਆ ਹੈ, ਗੁਰਦਾਸਪੁਰ ਤੀਕ, ਜਿਥੇ ਸਿੰਘਾਂ ਨੇ ਕਬਜ਼ੇ ਕੀਤੇ ਸਨ, ਸਭ ਖੋਹੇ ਜਾ ਰਹੇ ਹਨ। ਗਸ਼ਤੀ ਫੌਜ ਸਾਰੇ ਪੰਜਾਬ ਵਿਚ ਫਿਰ ਰਹੀ ਹੈ ਅਰ ਥਾਂ ਥਾਂ ਪੁਰ ਕੱਚੇ ਕੋਠੇ ਪਾ ਕੇ ਚੌਂਕੀਆਂ ਪਹਿਰੇ ਬੈਠ ਰਹੇ ਹਨ। ਖਾਲਸੇ ਦੇ ਸਾਰੇ ਜੱਥੇ, ਜਿਨ੍ਹਾਂ ਨੇ ਸਿਰ ਕੱਢੇ ਸਨ, ਕਿਤੇ ਕਿਤੇ ਕੁਝ ਡਟੇ ਹਨ, ਪਰ ਕਈ ਬਾਰਾਂ, ਬਣਾਂ, ਪਹਾੜਾਂ ਦੀਆਂ ਕੁੱਖਾਂ ਵਿੱਚ ਜਾ ਲੁਕੇ ਹਨ, ਪਰ ਵਿਚਾਰੇ ਗਰੀਬ ਗ੍ਰਹਿਸਤੀ ਕੀ ਕਰਨ, ਮਾਰੇ ਜਾ ਰਹੇ ਹਨ।

ਗੱਜਣ ਸਿੰਘ - ਖਾਲਸਾ ਜੀ! ਆਪ ਨੇ ਅੱਜ ਦਾ ਸਾਕਾ ਨਹੀਂ ਸੁਣਿਆ?

ਮੱਜਾ ਸਿੰਘ - ਨਹੀਂ ਜੀ, ਕੀ ਹੋਇਆ?

ਗੱਜਣ ਸਿੰਘ - ਸ੍ਰੀ ਵਾਹਿਗੁਰੂ! ਸੱਜਣ ਸਿੰਘ ਜੀ ਸ਼ਹੀਦ ਹੋ ਗਏ।

ਸਾਰੇ ਸਿੰਘ - ਹੈਂ! ਕੀ ਭਾਈ ਸਾਹਿਬ ਸਾਨੂੰ ਛੱਡ ਗਏ?

ਗੱਜਣ ਸਿੰਘ - ਮੈਂ ਤੁਹਾਨੂੰ ਉਨ੍ਹਾਂ ਦੀ ਵਿਥਿਆ ਸੁਣਾਵਾਂ। ਪੰਜ ਦਿਨ ਤੀਕ ਭਾਈ ਹੁਰੀਂ ਸਿੰਘਣੀ ਤੇ ਪੁੱਤਰਾਂ ਸਮੇਤ ਕੈਦ ਰਹੇ ਹਨ, ਅੰਨ ਤਕ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ।

ਪੰਜ ਦਿਨ ਉਨ੍ਹਾਂ ਨੇ ਭੁੱਖ ਦੇ ਕਸ਼ਟ ਵਿੱਚ ਸਹਾਰੇ, ਉਨ੍ਹਾਂ ਦੇ ਨਿਆਣੇ ਬਾਲ ਭੀ, ਹਾਏ! ਭੁੱਖ ਦੇ ਦੁਖ ਕਿਸ ਤਰ੍ਹਾਂ ਬਿਤਾਉਂਦੇ ਰਹੇ ਹਨ, ਅਡੋਲ ਤੇ ਜੇਰ ਵਿੱਚ ਰਹੇ ਹਨ। ਬੰਦੀਖਾਵੇ ਦਾ ਦਰੋਗਾ ਮਹਿੰਮਾ ਕਰਦਾ ਨਹੀਂ ਰੱਜਦਾ।

ਅੱਜ ਸਵੇਰੇ ਸਭਨਾਂ ਨੂੰ ਮੰਡੀ ਵਿੱਚ ਲਿਆ ਕੇ ਪਹਿਲੇ ਤਾਂ ਉਨ੍ਹਾਂ ਦੇ ਦੁਹਾਂ ਪੁਤਰਾਂ ਨੂੰ ਉਨ੍ਹਾਂ ਦੇ ਸਾਮ੍ਹਣੇ ਮਾਰਿਆ, ਫੇਰ ਉਨ੍ਹਾਂ ਦੀ ਸਿੰਘਣੀ ਨੂੰ ਸ਼ਹੀਦ ਕੀਤਾ, ਅਰ ਸਭ ਤੋਂ ਮਗਰੋਂ ਸਿੰਘ ਹੁਰਾਂ ਨੂੰ ਅਤਿ ਬੇਦਰਦੀ ਨਾਲ ਸ਼ਹੀਦ ਕੀਤਾ, ਹੱਥ ਪੈਰ ਉਨ੍ਹਾਂ ਦੇ ਰੱਸੀ ਨਾਲ ਕੱਸ ਦਿਤੇ ਸਨ, ਹਿੱਲਣ ਜੋਗੇ ਤਾਂ ਸਨ ਹੀ ਨਹੀਂ। ਹੇ ਕਰਤਾਰ! ਖਲਕਤ ਤ੍ਰਾਸ ਤ੍ਰਾਸ ਕਰ ਉਠੀ ਅਰ ਜਣਾ ਖਣਾ ਇਹੋ ਕਹਿ ਰਿਹਾ ਸੀ ਕਿ ਹੁਣ ਮੁਗਲਾਂ ਦਾ ਰਾਜ ਕੋਈ ਦਿਨ ਦਾ ਪਰ ਹੁਣਾ ਹੈ। ਬਹੁਤ ਸਾਰੇ ਲੋਕ ਤਾਂ ਵੇਖ ਨਹੀਂ ਸਕੇ, ਨੱਸ ਗਏ, ਪਰ ਭਾਈ ਜੀ ਕਿਸ ਪ੍ਰੇਮ ਨਾਲ ਪਾਠ ਕਰਦੇ ਸਨ? ਛੇਕੜ ਨੂੰ ਅਵਾਜ਼ ਚੁੱਪ ਹੋ ਗਈ, ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭ ਗਿਆ।

ਇਹ ਦਰਦਨਾਕ ਸਮਾਚਾਰ ਸੁਣ ਕੇ ਸਭ ਦੇ ਕਲੇਜੇ ਕੰਬ ਗਏ, ਅੱਖਾਂ ਵਿੱਚ ਜਲ ਤੇ ਦਿਲਾਂ ਵਿੱਚ ਰੋਹ ਭਰ ਗਿਆ, ਆ ਬਣੀ ਦਾ ਕੀ ਦਾਰੂ?

ਮੱਜਾ ਸਿੰਘ - ਸਿੰਘ ਜੀ! ਭਾਈ ਸਾਹਿਬ ਫੜੇ ਕਿੱਕੁਰ ਗਏ?

ਗੱਜਣ ਸਿੰਘ - ਉਹ ਸੁਕੜੀ ਪ੍ਰੇਤ, ਉਸ ਨੇ ਵਿਸਵਾਸ਼ਘਾਤ ਕੀਤਾ ਹੈ।

ਬਿਜੈ ਸਿੰਘ - ਉਹੋ! ਕੀ ਉਹ ਐਸਾ ਦੁਸ਼ਟ ਹੈ? ਮੈਨੂੰ ਸੰਸਾ ਤਾਂ ਫੁਰਿਆ ਕਰਦਾ ਸੀ ਕਿ ਇਹ ਕੋਈ ਸਾਫ ਦਿਲ ਪੁਰਖ ਨਹੀਂ ਹੈ, ਪਰ ਅੱਜ ਪੂਰਾ ਪਤਾ ਲੱਗਾ। ਹੇ ਕਰਤਾਰ! ਕਿਹੇ ਕਿਹੇ ਬਘਿਆੜ ਗਊਆਂ ਦੀ ਸੂਰਤ ਵਿਚ ਫਿਰ ਰਹੇ ਹਨ।

ਦਿੱਲੀ ਭੰਨ ਸਿੰਘ - ਖਾਲਸਾ ਜੀ! ਕੀ ਕਰੀਏ, ਗੁਰੂ ਦਾ ਭਾਣਾ ਹੀ ਐਸਾ ਹੈ? ਕਿਸੇ ਦਾ ਕਸੂਰ ਨਹੀਂ। ਮਹਾਰਾਜ ਨੂੰ ਇਹੋ ਮਨਜ਼ੂਰ ਹੈ ਕਿ ਮੇਰੇ ਪਿਆਰੇ ਸ਼ਹੀਦ ਹੋਣ, ਪਾਪ ਮੁਗਲਾਂ ਦੇ ਜ਼ਿੰਮੇ ਰਹੇ, ਉਨ੍ਹਾਂ ਦਾ ਬੇੜਾ ਗਰਕ ਹੋਵੇ, ਰਾਜ ਝਬਦੇ ਨਸ਼ਟ ਹੋਵੇ।

ਮੁਗਲ ਦਮਨ ਸਿੰਘ - ਜੀ ਸੱਚ ਹੈ, ਹੁਣ ਇਹ ਦੱਸੋ ਕਿ ਕੀ ਇਹ ਹਾਲ ਇੱਦਾਂ ਹੀ ਰਹੂ? ਲਾਹੌਰ ਵਿੱਚ ਸਿੰਘ ਸ਼ਹੀਦ ਹੁੰਦੇ ਹਨ, ਅਰ ਸਿੰਘਾਂ ਦੇ ਘਾਣ ਬੱਚੇ ਪੀੜੀਂਦੇ ਹਨ। ਖਾਲਸਾ ਤਾਂ ਬਨ ਵਿੱਚ ਲੁਕ ਰਿਹਾ ਹੈ ਤੇ ਇਨ੍ਹਾਂ ਪਿਛਲਿਆਂ ਦਾ ਕੀ ਹਾਲ?

ਬਿਜੈ ਸਿੰਘ - ਫੇਰ ਹੁਣ ਐਉਂ ਕਰੀਏ ਕਿ ਕੋਈ ਢੰਗ ਪੰਥ ਨੂੰ ਕੱਠੇ ਕਰਨ ਦਾ ਕੱਢੀਏ।

ਠੱਕ-ਠੱਕ-ਠੱਕ-ਠੱਕ!

ਹੈਂ ਇਹ ਕੀ ਹੋਇਆ? ਹਵੇਲੀ ਦੇ ਬੂਹੇ ਖੜਕੇ! ਪਲੋ ਪਲੀ ਵਿਚ ਲਾਲਾ ਲੀਲਾ ਰਾਮ ਦਮ ਚੜ੍ਹੇ ਹੋਏ ਆ ਪਹੁੰਚੇ ਤੇ ਬੋਲੇ - ਖਾਲਸਾ ਜੀ! ਕੂਚ ਕਰੋ, ਅੱਜ ਮਾਰੇ, ਗਏ, ਸਰਕਾਰੇ ਖਬਰ ਹੋ ਗਈ ਹੈ, ਪਿਆਦੇ ਸਵਾਰ ਬਾਹਰ ਆ ਰਹੇ ਹਨ।

ਰਾਘੋ - ਫੇਰ ਕੀ ਡਰ ਹੈ, ਹੁਣੇ ਜੰਗ ਕਰਦੇ ਹਾਂ।

ਲਾਲਾ ਜੀ - ਸੱਚ ਹੈ, ਪਰ ਇਸ ਠਾਹਰ ਨੂੰ ਬਣੀ ਰਹਿਣ ਦਿਓ। ਕਈ ਵੇਲੇ ਖਾਲਸੇ ਦੇ ਕੰਮ ਆਵੇਗੀ, ਨਹੀਂ ਤਾਂ ਤੁਸੀ ਲਾਹੌਰ ਵਿੱਚ ਇਕ ਆਸਰਾ ਗੁਆ ਬੈਠੋਗੇ।

ਬਿਜੈ ਸਿੰਘ - ਫੇਰ ਪਰਉਪਕਾਰੀ ਮਹਾਰਾਜ ਜੀ! ਕੋਈ ਪਿਛਵਾੜੇ ਦਾ ਰਹ ਦੱਸੋ, ਹਰਨ ਹੋ ਜਾਈਏ।

ਲਾਲਾ ਜੀ ਇਹ ਗਹਿਰੀ ਸੋਚ ਅਰ ਧੀਰਜ ਨਾਲ ਪੌੜੀਆਂ ਦੀ ਬੁਖਾਰਚੀ ਵਲ ਗਏ। ਟੁੱਟਾ ਖੁੱਥਾ ਅਸਬਾਬ ਅਰ ਬੋਰੀਆਂ ਤੇ ਜੁੱਲੇ ਜੋ ਬਖਾਰਚੀ ਵਿੱਚ ਪਏ ਸਨ ਕੱਢੇ ਅਰ ਇੱਕ ਮਿੱਟੀ ਰੰਗੀ ਪੱਥਰ ਦੀ ਸਿਲ, ਜੋ ਬੁਖਾਰਚੀ ਦੇ ਲੰਬਾ ਚੁੜਾ ਦੇ ਬਰਾਬਰ ਵਿਛੀ ਪਈ ਧਰਤੀ ਨਾਲ ਇੱਕ ਜਿੰਦ ਹੋਈ ਪਈ ਜਾਪਦੀ ਸੀ, ਘੱਟੇ ਨਾਲੋਂ ਸਾਫ ਕੀਤੀ। ਕੰਧ ਦੇ ਵਿੱਚ ਇਕ ਨਿੱਕਾ ਜਿਹਾ ਛੇਕ ਸੀ, ਇਸ ਛੇਕ ਵਿਚ ਇੱਕ ਸੀਖ ਪਾ ਕੇ ਜੁ ਠੋਕੀ ਤਾਂ ਹੇਠਲੀ ਸਿਲ ਉੱਚੀ ਹੋ ਆਈ, ਦੋ ਸਰੀਰਾਂ ਨੇ ਹੱਥ ਪਾ ਕੇ ਸਿਲ ਚੁੱਕ ਲਈ। ਹੇਠਾਂ ਇੱਕ ਲੋਹੇ ਦੀ ਚੱਦਰ ਵਿਛੀ ਹੋਈ ਸੀ, ਇਸ ਦੇ ਵਿੱਚ ਫਿਰ ਇੱਕ ਨਿੱਕਾ ਜਿਹਾ ਛੇਕ ਸੀ ਜਿਸ ਵਿੱਚ ਸਲਾਈ ਫੇਰਨ ਨਾਲ ਲੋਹੇ ਦੀ ਚੱਦਰ ਵਿੱਚੋਂ ਦੋ ਤਖਤੇ ਹੋ ਗਏ। ਏ ਬੂਹਿਆਂ ਵਾਂਗ ਹੇਠਾਂ ਖਿਸਕ ਕੇ ਕੰਧ ਨਾਲ ਜਾ ਲੱਗੇ ਅਰ ਖੂਹ ਜਿਹਾ ਪ੍ਰਤੀਤ ਹੋਣ ਲੱਗਾ। ਬੜੀ ਫੁਰਤੀ ਨਾਲ ਖਾਲਸੇ ਜੀ ਨੂੰ ਸੈਨਤ ਕਰਕੇ ਲਾਲਾ ਜੀ ਨੇ ਹੇਠ ਉਤਾਰਿਆ ਅਰ ਇਹ ਸੁਗੰਦ ਦਿੱਤੀ ਕਿ ਕਦੀ ਜੀਉਂਦੇ ਜੀ ਇਸ ਸੁਰੰਗ ਦਾ ਨਾਮ ਨਹੀਂ ਲੈਣਾ। ਅਰ ਦੋ ਦੀਵੇ ਦੇ ਕੇ ਕਿਹਾ, ਸਿੱਧੇ ਤੁਰੀ ਜਾਇਓ। ਸੱਜੇ ਹੱਥ ਨਾ ਮੁੜਨਾ ਓਧਰ ਕਿਲ੍ਹੇ ਵਾਲੇ ਪਾਸੇ ਨੂੰ ਰਸਤਾ ਹੈ ਅਰ ਬਾਹਰੋਂ ਬੰਦ ਕੀਤਾ ਹੋਇਆ, ਪਰ ਸਿੱਧੇ ਤੁਰੇ ਜਾਣਾ, ਕੁਝ ਵਾਟ ਲੰਘ ਕੇ ਇੱਕ ਪੱਥਰ ਆਵੇਗਾ, ਉਸ ਦੇ ਅੱਧ ਵਿੱਚ ਇੱਕ ਛੇਕ ਹੋਵੇਗਾ, ਸੀਖ ਪਾ ਕੇ ਦੱਬੋਗੇ ਤਾਂ ਉਹ ਕੰਧ ਵਿੱਚ ਸਰਕ ਜਾਵੇਗਾ ਅਰ ਕੱਚੀ ਮਿੱਟੀ ਦਾ ਢੇਰ ਦਿੱਸੇਗਾ। ਇਸ ਨੂੰ ਧੱਕੇ ਨਾਲ ਡੇਗ ਕੇ ਬਾਹਰ ਨਿਕਲਕੇ ਸਾਰੇ ਜੀ ਸੰਭਾਲ ਲੈਣੇ। ਫੇਰ ਉਸ ਸਿਲ ਨੂੰ ਜੋ ਕੰਧ ਵਿੱਚ ਸਰਕੀ ਹੋਈ ਹੋਵੇਗੀ, ਉਸ ਦੇ ਬਾਹਰਲੇ ਉਭਾਰ ਨੂੰ ਫੜ ਕੇ ਖਿੱਚਣਾ, ਉਹ ਤੁਰ ਪਵੇਗੀ, ਜਦ ਕੰਧ ਨਾਲ ਮਿਲਕੇ ਇਕ 'ਪਟੱਕ' ਦੀ ਅਵਾਜ਼ ਆਵੇ ਤਾਂ ਸਮਝਣਾ ਕਿ ਬੂਹਾ ਮੀਟਿਆ ਗਿਆ ਹੈ। ਫੇਰ ਮਿੱਟੀ ਨਾਲ ਸਿਲਾਂ ਨੂੰ ਕੱਜ ਕੇ, ਜਿਧਰ ਰਾਹ ਮਿਲੇ ਪਧਾਰ ਜਾਣਾ ਹੈ। ਫਤੇ ਗਜਾ ਕੇ ਖਾਲਸਾ ਤਾਂ ਸੁਰੰਗ ਵਿੱਚ ਲੋਪ ਹੋ ਗਿਆ ਤੇ ਲਾਲਾ ਜੀ ਨੇ ਉਨ੍ਹਾਂ ਹਿਕਮਤਾਂ ਨਾਲ ਫੇਰ ਮੋਘਾ ਬੰਦ ਕੀਤਾ, ਮਾਨੋਂ ਏਥੇ ਕੁਝ ਹੈ ਨਹੀਂ ਸੀ ਅਰ ਮੈਲਾ ਕੁਚੈਲਾ ਅਸਬਾਬ ਉਤੇ ਸਿੱਟ ਕੇ ਆਪਣੇ ਕਮਰੇ ਵਿੱਚ ਅੰਦਰਲੇ ਰਸਤੇ ਜਾ ਕੇ ਲੇਟ ਗਏ। ਇਹ ਸਾਰਾ ਕੰਮ ਲਾਲਾ ਜੀ ਬੜੀ ਫੁਰਤੀ ਵਿੱਚ ਭੁਗਤਾ ਗਏ ਸਨ ਅਰ ਬਾਹਰਲੀ ਫੌਜ ਨੂੰ, ਜੋ ਇਸ ਹਵੇਲੀ ਦੀ ਇੱਟ ਇੱਟ ਖੜਕਾਉਣ ਨੂੰ ਆਈ ਸੀ। ਸ਼ੱਕ ਫੁਰਨੇ ਦਾ ਸਮਾਂ ਬੀ ਨਾ ਲੱਭਾ ਕਿ ਅੰਦਰ ਇੰਨੇ ਚਿਰ ਵਿੱਚ ਕੀ ਸਿਤਮ ਹੋ ਗਿਆ ਹੈ? ਪਰ ਤਦ ਬੀ ਬਾਹਰਲਾ ਬੂਹਾ ਖੁੱਲ੍ਹ ਚੁੱਕਾ ਸੀ ਅਰ ਸਿਪਾਹੀ ਬਾਹਰਲੇ ਵਿਹੜੇ ਵਿੱਚ ਆ ਪਹੁੰਚੇ ਸਨ ਕਿਉਂਕਿ ਲਾਲਾ ਜੀ ਦੇ ਇੱਕ ਨਵੇਂ ਨੌਕਰ ਨੇ ਜੋ ਇਸ ਦੁਸ਼ਟ ਮਨਸੂਬੇ ਵਿੱਚ ਮੁਖਬਰੀ ਦਾ ਇੱਕ ਚਲਦਾ ਪੁਰਜਾ ਅਰ ਇਸੇ ਕੰਮ ਲਈ ਨੌਕਰ ਰਖਾਇਆ ਗਿਆ ਸੀ, ਬੂਹਾ ਖੋਲ੍ਹ ਦਿੱਤਾ ਸੀ, ਪਰ ਲਾਲਾ ਜੀ ਬੀ ਇੱਕ ਭਾਰੇ ਅਕਲੱਯ ਤੇ ਜਾਣਕਾਰੀ ਸਨ। ਆਪ ਨੂੰ ਵੇਲੇ ਸਿਰ ਖਬਰ ਹੋ ਗਈ ਸੀ, ਪਰ ਪਹਿਲੀ ਅਵਾਜ਼ ਤੋਂ ਹੀ ਪਛਾਣ ਗਏ ਸਨ ਕਿ ਤੁਰਕਾਂ ਦੀ ਫੌਜ ਆ ਗਈ ਹੈ, ਇਸੇ ਲਈ ਤੁਰਤ ਫੁਰਤ ਬਾਨਣੂੰ ਬੰਨ੍ਹ ਲਿਆ। ਜੇ ਕਦੀ ਇਕ ਘੜੀ ਦੀ ਢਿੱਲ ਕਰਦੇ ਤਦ ਕੁਝ ਬੀ ਨਾ ਬਣਦਾ।

ਹੁਣ ਲੀਲ੍ਹਾ ਰਾਮ ਦਾ ਨੌਕਰ, ਜੋ ਬਾਹਰੋਂ ਸਿਪਾਹੀਆਂ ਦੇ ਨਾਲ ਆਯਾ ਸੀ ਤੇ ਦੋ ਸਿਪਾਹੀ ਲਾਲਾ ਜੀ ਦੇ ਸੌਣ ਦੇ ਕੋਠੇ ਦਾ ਬੂਹਾ ਭੰਨ ਰਹੇ ਸਨ ਅਰ ਟਾਹਰਾਂ ਮਾਰ ਰਹੇ ਸਨ : ਲਾਲਾ ਜੀ! ਬੂਹਾ ਖੋਲੋ। ਇਸ ਵੇਲੇ ਲਾਲਾ ਜੀ ਦਾ ਇੱਕ ਸੱਚਾ ਸੇਵਕ ਸਿਪਾਹੀਆਂ ਨੂੰ ਕਹਿੰਦਾ ਸੁਣਾਈ ਦਿੰਦਾ ਸੀ ਕਿ ਲਾਲਾ ਜੀ ਦਾ ਚਿੱਤ ਕੁਝ ਸੁਖਾਲਾ ਹੈ ਤੇ ਇਸ ਵੇਲੇ ਜ਼ਰਾ ਅੱਖ ਲੱਗ ਗਈ ਹੋਈ ਹੈ, ਪਰ ਉਨ੍ਹਾਂ ਦੇ ਜ਼ੋਰ ਦੇਣ ਤੇ ਇਸ ਨੇ ਵੀ ਅਵਾਜ਼ਾਂ ਮਾਰੀਆਂ ਤਾਂ ਲਾਲਾ ਜੀ ਨੇ ਅਵਾਜ਼ ਦਿੱਤੀ ਅਰ ਬੂਹਾ ਖੋਲ੍ਹ ਕੇ ਅੱਖਾਂ ਮਲ੍ਹਦੇ ਮਲ੍ਹਦੇ ਅੱਧੀ ਧੋਤੀ ਤੇੜ ਤੇ ਅੱਧੀ ਸਿਰ ਪੁਰ ਕੀਤੇ ਬਾਹਰ ਨਿਕਲੇ। ਸਿਪਾਹੀਆਂ ਨੂੰ ਦੇਖ ਕੇ ਅਚਰਜਤਾ ਵਿੱਚ ਪੁੱਛਣ ਲੱਗੇ ਕਿ ਕੀ ਹੋਯਾ? ਇੱਕ ਸਿਪਾਹੀ ਨੇ ਕਹਿ ਸੁਣਾਇਆ ਕਿ ਆਪ ਦੇ ਘਰ ਬਹੁਤ ਸਾਰੇ ਸਿੱਖਾਂ ਦੇ ਲੁਕਣੇ ਦੀ ਸੂੰਹ ਪਾ ਕੇ ਇਹ ਯਲਗਾਰ ਆਈ ਹੈ, ਸੋ ਚਲੋ ਬਾਹਰਲੇ ਵਿਹੜੇ ਵਿੱਚ ਕੁਤਵਾਲ ਸਾਹਿਬ ਬੈਠੇ ਯਾਦ ਕਰਦੇ ਹਨ।

ਲੀਲਾ - ਝੂਠ, ਝੂਠ, ਝੂਠ ਮੈਂ ਤੇ ਮੇਰੇ ਘਰ ਸਿੱਖ ਹੈਨ। ਪਰ ਹੱਛਾ ਸੱਚ ਨੂੰ ਕਾਹਦਾ ਡਰ ਹੈ। ਮੈਂ ਕਪੜੇ ਪਾ ਲਵਾਂ।

ਸਿਪਾਹੀ - ਨਹੀਂ ਇਸੇ ਤਰ੍ਹਾਂ ਹੀ ਹੁਕਮ ਹੈ ਚਲਣੇ ਦਾ।

ਲੀਲਾ - ਬਹੁਤ ਭਲਾ। ਅਰ ਚੁੱਪ ਕਰ ਕੇ ਉਸ ਦੇ ਨਾਲ ਹੋ ਟੁਰੇ। ਵਿਹੜੇ ਵਿੱਚ ਪਹੁੰਚੇ ਕਿ ਕੁਤਵਾਲ ਸਾਹਿਬ ਨੂੰ ਸਲਾਮ ਕਰਕੇ ਅਦਬ ਨਾਲ ਜਾ ਖੜੇ ਹੋਏ ਅਰ ਚਾਰ ਚੁਫੇਰੇ ਦੱਬੀ ਨਜ਼ਰ ਕਰਕੇ ਤਾੜ ਗਏ ਕਿ ਮੇਰੇ ਘਰ ਹਰ ਛੱਜੇ, ਹਰ ਅਟਾਰੀ, ਹਰ ਬੂਹੇ ਅੱਗੇ ਪਹਿਰਾ ਲੱਗ ਗਿਆ ਹੈ, ਕੁਤਵਾਲ ਸਾਹਿਬ ਭੀ ਪਛਾਣੇ, ਜੋ ਲੀਲਾ ਰਾਮ ਦੇ ਧਰਮ ਮਿੱਤ੍ਰ ਸਨ ਪਰ ਐਸ ਵੇਲੇ ਢਾਹ ਲਾਉਣ ਵਾਲੇ ਦਰਿਆ ਦੀ ਤਰ੍ਹਾਂ ਐਉਂ ਕਰੜ ਤੀਉੜ ਅਤੇ ਵੱਟ ਮੱਥੇ ਤੇ ਪਾਏ ਹੋਏ ਸਨ ਕਿ ਮਾਨੋਂ ਸਾਰੀ ਹਵੇਲੀ ਨੂੰ ਨਿਗਲ ਜਾਣਗੇ।

ਕੁਤਵਾਲ - ਆਪ ਮੇਰੇ ਮਿੱਤਰ ਹੋ, ਪਰ ਰਾਜਸੀ ਮਾਮਲੇ ਬੜੇ ਬੁਰੇ ਹਨ, ਹੁਣ ਮੈਂ ਸਖਤੀ ਕਰਨੇ ਲਈ ਪਰ-ਵੱਸ ਹਾਂ, ਆਪ ਝਬਦੇ ਸਿੱਖਾਂ ਨੂੰ ਫੜਾ ਦਿਓ।

ਲੀਲਾ - ਆਪ ਪਾਤਸ਼ਾਹ! ਮੈਂ ਪਰਜਾ ਹਾਂ ਅਰ ਮੇਰਾ ਘਰ ਆਪ ਦੇ ਹਾਜ਼ਰ ਹੈ, ਪੱਤਾ ਪੱਤਾ ਢੂੰਢ ਲਵੋ ਜੋ ਥਾਂ, ਜੋ ਜਗਾ

ਆਖੋ ਵਿਖਾ ਦਿੰਦਾ ਹਾਂ, ਜਿੱਥੇ ਸਿਖ ਮਿਲੇ, ਫੜ ਲਵੋ, ਜੋ ਮੇਰੀ ਹਵੇਲੀ ਵਿਚੋਂ ਇੱਕ ਵੀ ਸਿੱਖ ਨਿਕਲ ਪਵੇ ਤਦ ਮੇਰੇ ਨਾਲ ਜੋ ਚਾਹੋ ਕਰੋ, ਮੈਨੂੰ ਉਜ਼ਰ ਨਹੀਂ ਕਰ ਸਕਦਾ। ਕਿਸੇ ਦੁਸ਼ਟ ਨੇ ਮਲੂਮ ਹੁੰਦਾ ਹੈ ਕਿ ਮੈਨੂੰ ਦੁੱਖ ਦੇਣ ਲਈ ਇਹ ਖਬਰ ਦਿੱਤੀ ਹੈ, ਪਰ ਹੱਛਾ! ਖੁਦਾਵੰਦ ਕਰੀਮ ਜਿਸ ਦੀ ਰੱਖ ਉਸੇ ਦੀ ਰਹੇ।

ਕੁਤਵਾਲ - ਤਲਾਸ਼ੀ ਦੀ ਕੀ ਲੋੜ? ਆਪ ਹੀ ਕੱਢ ਦਿਓ। ਇਸ ਤਰ੍ਹਾਂ ਮੈਂ ਕੁਛ ਰਿਆਇਤ ਕਰ ਦੇਵਾਂਗਾ ਤੇ ਦੂਜੀ ਤਰ੍ਹਾਂ ਨਿਕਲੇ ਤਾਂ ਫੇਰ ਰਈ ਔਖੀ ਹੈ। ਸਾਨੂੰ ਖਬਰ ਬੜੀ ਪੱਕੀ ਮਿਲੀ ਹੈ।

ਲੀਲਾ - ਜੇ ਮੇਰੇ ਅੰਦਰ ਹੋਣ ਅਰ ਮੈਂ ਲੁਕਾਉ ਕਰਾਂ ਤਾਂ ਦੇਣਦਾਰ ਪਰ ਜਦ ਹਨ ਹੀ ਨਹੀਂ ਤਾਂ ਕੀ ਕਰਾਂ? ਆਪ ਦੇਖ ਲਵੋ, ਬਿਨਾਂ ਦੇਖੇ ਤਸੱਲੀ ਨਹੀਂ ਆਉਣੀ।

ਗੱਲ ਕੀ ਇਸ ਤਰ੍ਹਾਂ ਬਹਿਸ ਮਗਰੋਂ ਤਲਾਸ਼ੀ ਸ਼ੁਰੂ ਹੋਈ, ਘਰ ਦਾ ਪੱਤਾ ਪੱਤਾ ਡਿੱਠਾ ਗਿਆ, ਜ਼ਨਾਨੇ ਮਰਦਾਨੇ ਕਮਰੇ ਟਲ ਗਏ, ਭੋਰੇ ਤਹਿਖਾਨੇ ਸਰਦਖਾਨੇ ਸਭ ਤਲਾਸ਼ੇ ਗਏ, ਮੋਰੀਆਂ ਤੇ ਆਲੇ ਤਕ ਢੂੰਡੇ ਗਏ ਪਰ ਸਿੱਖ ਦਾ ਮੁਸ਼ਕ ਵੀ ਨਾ ਲੱਭਾ। ਕੁਤਵਾਲ ਸਾਹਿਬ ਦੀ ਪੂਰੀ ਤਸੱਲੀ ਹੋ ਗਈ ਪਰ ਐਸੇ ਅਮੀਰ ਘਰ ਵਿਚੋਂ ਖਾਲੀ ਹੱਥ ਕੌਣ ਜਾਵੇ? ਇੱਕ ਦਿੱਲੀ ਵੱਲ ਦੇ ਦਫੇਦਾਰ ਜੀ ਲੀਲਾ ਰਾਮ ਲਾਲ ਨੂੰ ਕਹਿਣ ਲੱਗੇ ਕਿ ਆਪ ਕੀ ਇੱਜ਼ਤ ਖੁਦਾ ਨੇ ਬਚਾਈ ਹੈ ਪਰ ਕੁਝ ਨਜ਼ਰਾਨਾ ਸਿਪਾਹੀਓਂ ਕੋ ਇਸ ਰਾਤ ਕੇ ਵਕਤ ਮੇਂ ਤਕਲੀਫ ਕਰਨੇ ਕਾ ਦੇ ਦੋ, ਤੁਮ ਕੋ ਫਿਰ ਕਭੀ ਤਕਲੀਫ ਨਾ ਹੋਗੀ, ਛੋਟੀ ਮੋਟੀ ਬਾਤ ਰਫਾ ਦਫਾ ਹੋ ਜਾਇਆ ਕਰੇਗੀ ਐ ਅਬ ਪੂਰੀ ਸਫਾਈ ਸਰਕਾਰ ਮੇਂ ਹੋ ਜਾਏਗੀ।

ਲੀਲਾ ਨੇ ਸੁਣਦੇ ਸਾਰ ਹੀ ਇੱਕ ਤਸ਼ਤਰੀ ਮੋਹਰਾਂ ਦੀ ਮੰਗਵਾ ਕੇ ਕੁਤਵਾਲ ਦੇ ਅੱਗੇ ਰੱਖੀ। ਕੁਤਵਾਲ ਸਾਹਿਬ ਲਾਹੌਲ ਲਾਹੌਲ ਕਰਨ ਲੱਗ ਗਏ ਕਿ ਮੈਂ ਔਰ ਰਿਸ਼ਵਤ, ਫਿਰ ਆਪ ਸੇ? ਆਪ ਮੇਰੇ ਦਿਲੀ ਦੋਸਤ ਹੈਂ।

ਲੀਲਾ - ਵੱਡੀ ਤਦ ਹੁੰਦੀ ਜੇ ਮੈਨੂੰ ਆਪ ਅਪਰਾਧੀ ਪਾ ਲੈਂਦੇ ਤਾਂ : ਇਹ ਕੇਵਲ ਆਪ ਦੇ ਸਿਪਾਹੀਆਂ ਦੇ ਦੁੱਧ ਪਾਣੀ ਲਈ ਹੈ। ਗੱਲ ਕੀ ਹਕੀਮਾਂ ਵਾਂਗ ਨਾਂਹ-ਨਾਂਹ ਕਰਦੇ ਕੁਤਵਾਲ ਜੀ ਨੇ ਮੋਹਰਾਂ ਸਿਪਾਹੀਆਂ ਦੇ ਜਲ-ਪਾਣੀ ਵਾਸਤੇ ਦਫੇਦਾਰ ਦੀ ਝੋਲੀ ਪਵਾਈਆਂ ਅਰ ਹਨ੍ਹੇਰੀ ਵਾਂਗ ਇਕ ਚਹਿਲ ਪਹਿਲ ਕਰਦੇ ਘਰ ਨੂੰ ਵਰਾਨੀ ਤੇ ਬੇਤਰਤੀਬੀ ਵਿੱਚ ਸਿੱਟ ਕੇ ਤੁਰਦੇ ਹੋਏ। ਸਰਕਾਰੇ ਇਤਲਾਹ ਕਰ ਦਿੱਤੀ ਕਿ ਲੀਲਾ ਰਾਮ ਦਾ ਘਰ ਸਾਫ ਹੈ ਅਰ ਕੋਈ ਸ਼ੱਕ ਵਾਲੀ ਗੱਲ ਨਹੀਂ, ਮੁਖਬਰ ਨੇ ਝੂਠੀ ਖਬਰ ਦਿੱਤੀ ਹੈ। ਹੁਣ ਮੁਖਬਰ ਨੂੰ ਸਜ਼ਾ ਦੇਣ ਦੀ ਥਾਂ ਸਰਕਾਰੋ ਥੋੜ੍ਹਾ ਜਿਹਾ ਇਨਾਮ ਮਿਲਿਆ, ਇਸ ਕਰਕੇ ਕਿ ਮਤਾਂ ਅੱਗੋਂ ਨੂੰ ਖਬਰ ਦੇਣੋਂ ਨਾ ਹਟ ਜਾਵੇ।

***'ਚਲਦਾ'***

☬☬☬☬☬

(ਪੰਨਾ 17 ਦੀ ਬਾਕੀ)

***ਭਾਗੁ ਹੋਆ ਗੁਰਿ ਸੰਤੁ ਮਿਲਾਇਆ॥***
***ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥***
***ਸੇਵ ਕਰੀ ਪਲੁ ਚਸਾ ਨ ਵਿਛੁੜਾ***
***ਜਨ ਨਾਨਕ ਦਾਸ ਤੁਮਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਜਨ ਨਾਨਕ ਦਾਸ ਤੁਮਾਰੇ ਜੀਉ॥ ਸ਼ਬਦ ਹਜ਼ਾਰੇ***

ਕਹਿਣ ਲੱਗੇ, ਕਿਉਂ ਪ੍ਰਿਥੀ ਚੰਦ! ਅਸਲ, ਅਸਲ ਰਹਿਣੀ ਹੈ; ਨਕਲ, ਨਕਲ ਰਹਿਣੀ ਹੈ। ਓਸ ਵੇਲੇ ਗੁਰੂ ਮਹਾਰਾਜ ਜੀ ਬਹੁਤ ਪ੍ਰਸੰਨ ਹੋਏ। ਦੂਸਰੇ ਦਿਨ ਆਪ ਗੋਇੰਦਵਾਲ ਸਾਹਿਬ ਚਲੇ ਗਏ, ਸੰਗਤਾਂ ਨੂੰ ਸਾਰੀਆਂ ਨੂੰ ਬੁਲਾ ਲਿਆ। ਓਸ ਥਾਂ 'ਤੇ ਆਪ ਨੇ ਆਪਣੇ ਸਾਮ੍ਹਣੇ ਗੁਰਿਆਈ ਗੁਰੂ ਮਹਾਰਾਜ ਜੀ ਨੂੰ ਗੱਦੀ 'ਤੇ ਬਿਠਾ ਕੇ ਦੇ ਦਿੱਤੀ ਤੇ ਪੰਜਵੇਂ ਨਾਨਕ ਦੇ ਰੂਪ ਵਿੱਚ ਆਪ ਪ੍ਰਗਟ ਹੋਏ। ਸੋ ਸੇਵਾ ਕਰਨ ਦੇ ਨਾਲ ਗਿਣਤੀ ਤੋਂ ਬਾਹਰ ਹੋ ਕੇ ਸੇਵਾ ਕਰਨ ਦਾ ਫਲ ਕਿੰਨਾ ਹੋਇਆ ਕਿ ਆਪ ਗੁਰੂ ਨਾਨਕ ਰੂਪ ਹੋ ਗਏ, ਪੰਜਵਾਂ ਸਰੂਪ ਧਾਰਨ ਕਰ ਲਿਆ ਗੁਰੂ ਨਾਨਕ ਦਾ। ਜੋਤ ਇੱਕੋ ਹੀ ਹੈ ਸਰੀਰ ਬਦਲੇ ਹੋਏ ਨੇ। ਸੋ ਇਸ ਤਰ੍ਹਾਂ ਸਾਵਣ ਦਾ ਜੋ ਮਹੀਨਾ ਹੈ, ਪਿਆਰ ਦਾ ਮਹੀਨਾ ਹੋਇਆ ਕਰਦਾ ਹੈ-

***ਸਾਵਣਿ ਸਰਸੀ ਕਾਮਣੀ***
***ਚਰਨ ਕਮਲ ਸਿਉ ਪਿਆਰੁ ॥***
***ਮਨੁ ਤਨੁ ਰਤਾ ਸਚ ਰੰਗਿ***
***ਇਕੋ ਨਾਮੁ ਅਧਾਰੁ ॥***
***ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥***
***ਹਰਿ ਅੰਮ੍ਰਿਤ ਬੂੰਦ ਸੁਹਾਵਣੀ***
***ਮਿਲਿ ਸਾਧੂ ਪੀਵਣਹਾਰੁ ॥***
***ਵਣੁ ਤਿਣੁ ਪ੍ਰਭ ਸੰਗਿ ਮਉਲਿਆ***
***ਸੰਮ੍ਰਥ ਪੁਰਖ ਅਪਾਰੁ ॥***
***ਹਰਿ ਮਿਲਣੈ ਨੋ ਮਨੁ ਲੋਚਦਾ***
***ਕਰਮਿ ਮਿਲਾਵਣਹਾਰੁ ॥***
***ਜਿਨੀ ਸਖੀਏ ਪ੍ਰਭੁ ਪਾਇਆ***
***ਹੰਉ ਤਿਨ ਕੈ ਸਦ ਬਲਿਹਾਰ ॥***
***ਨਾਨਕ ਹਰਿ ਜੀ ਮਇਆ ਕਰਿ***
***ਸਬਦਿ ਸਵਾਰਣਹਾਰੁ ॥***
***ਸਾਵਣੁ ਤਿਨਾ ਸੁਹਾਗਣੀ***
***ਜਿਨ ਰਾਮ ਨਾਮੁ ਉਰਿ ਹਾਰੁ ॥ ਅੰਗ - ੧੩੪***

ਜਿਨ੍ਹਾਂ ਦਾ ਚਿੱਤ ਪ੍ਰਮੇਸ਼ਰ ਦੇ ਪਿਆਰ ਨਾਲ ਲੱਗਿਆ ਹੋਇਆ ਹੈ, ਸਾਵਣਿ ਉਨ੍ਹਾਂ ਨੂੰ ਸਾਵਣਿ ਸੁਹਾਵਣਾ ਲਗਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿੱਚ ਬੋਲੋ।

ਗੁਰ ਸਤੋਤਰ, ਅਰਦਾਸ. ਹੁਕਮਨਾਮਾ

☬☬☬☬☬

# ਦਵੱਲੇ ਸੰਘਰਸ਼ ਦੀ ਪ੍ਰੇਰਣਾ ਦਾ ਸਰੋਤ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*ਪ੍ਰੋ: ਕਿਰਪਾਲ ਸਿੰਘ ਬਡੂੰਗਰ*
*ਸਾਬਕਾ ਪ੍ਰਧਾਨ,*
*ਸ਼੍ਰੋ: ਗੁ: ਪ੍ਰੰ: ਕਮੇਟੀ*
*ਸ੍ਰੀ ਅੰਮ੍ਰਿਤਸਰ।*

ਗੁਰਮਤਿ ਇੱਕ ਸੰਪੂਰਨ ਕ੍ਰਾਂਤੀ ਦੀ ਮੁਕੰਮਲ ਫਿਲਾਸਫੀ ਹੈਪ ਇਹ ਮਨੁੱਖਤਾ ਦੇ ਸਰਵਪੱਖੀ ਕਲਿਆਣ ਕਰਨ ਦਾ ਉਪਦੇਸ਼ ਹੈ। ਇਸ ਵਿੱਚ ਆਤਮਿਕ ਅਤੇ ਸੰਸਾਰਕ ਦੋਵੇਂ ਪੱਖਾਂ ਬਾਰੇ ਸੇਧ ਦਿੱਤੀ ਗਈ ਹੈ। ਆਤਮਿਕ ਪੱਖ ਵਿੱਚ ਬੌਧਿਕ, ਮਾਨਸਿਕ ਅਤੇ ਸਦਾਚਾਰਕ ਪੱਖ ਵੀ ਸ਼ਾਮਲ ਹਨ। ਇਸੇ ਤਰ੍ਹਾਂ ਸੰਸਾਰਕ ਪੱਖ ਵਿੱਚ ਰਾਜਨੀਤੀ, ਸਮਾਜ ਅਤੇ ਆਰਥਕਿਤਾ ਨਾਲ ਸਬੰਧਤ ਸਮੱਸਿਆਵਾਂ ਆਉਂਦੀਆਂ ਹਨ। ਮੋਟੇ ਤੌਰ ਉਤੇ ਇਕ ਦਾ ਸਬੰਧ ਆਤਮਾ ਨਾਲ ਹੈ, ਜਦੋਂ ਕਿ ਦੂਜੇ ਦਾ ਸਬੰਧ ਸਰੀਰ ਨਾਲ ਹੈ। ਇਹ ਦੋਵੇਂ ਇਕ-ਦੂਜੇ ਉੱਤੇ ਨਿਰਭਰ ਭੀ ਹਨ ਅਤੇ ਸਹਿਯੋਗੀ ਵੀ, ਅਰਥਾਤ ਇਕ-ਦੂਜੇ ਦੀਆਂ ਪੂਰਕ ਹਨ। ਇੱਕ ਦੀ ਪ੍ਰਗਤੀ ਅਤੇ ਦੂਜੇ ਨੂੰ ਅਣਗੌਲਿਆ ਕਰਨ ਨਾਲ ਆਸਾਵਾਂ ਵਿਕਾਸ ਹੁੰਦਾ ਹੈ, ਜੋ ਉਪਯੋਗੀ ਨਹੀਂ ਹੁੰਦਾ ਪਰ ਇਸ ਲਈ ਦੋਹਾਂ ਦਾ ਬਰਾਬਰ ਅਤੇ ਸੰਤੁਲਿਤ ਵਿਕਾਸ ਹੀ ਸੁੱਖਦ ਅਤੇ ਸਫਲ ਜੀਵਨ ਲਈ ਸਹੀ ਅਤੇ ਸਾਰਥਕ ਸਿੱਧ ਹੋ ਸਕਦਾ ਹੈ। ਗੁਰਬਾਣੀ ਦਾ ਉਦੇਸ਼ ਮਨੁੱਖ ਨੂੰ ਆਤਮਿਕ ਅਤੇ ਸੰਸਾਰਕ ਦੋਵੇਂ ਤੌਰ ਤੇ ਸੂਰਬੀਰ-ਯੋਧਾ ਅਤੇ ਜੰਤੂ ਤਥਾ ਜੀਵਨ ਮੁਕਤਿ ਬਣਾਉਣਾ ਹੈ। ਗੁਰਬਾਣੀ ਦੇ ਉਪਦੇਸ਼ ਤੇ ਚਲਦਿਆਂ ਮਨੁੱਖ ਦਾ, 'ਲੋਕ ਸੁਖੀਏ ਪਰਲੋਕ ਸੁਹੇਲੇ' ਅਰਥਾਤ ਇਹ ਲੋਕ ਵੀ ਸੁਖੀਆ ਹੁੰਦਾ ਹੈ ਅਤੇ ਪਰਲੋਕ ਵੀ ਸੁਹੇਲਾ ਹੁੰਦਾ ਹੈ। ਮਨੁੱਖ ਦਾ ਆਤਮਿਕ ਅਤੇ ਸੰਸਾਰਿਕ ਜੀਵਨ ਅਨੇਕ ਪ੍ਰਕਾਰ ਦੀਆ ਚੁਣੌਤੀਆਂ ਅਤੇ ਸਮੱਸਿਆਵਾਂ ਨਾਲ ਘਿਰਿਆ ਹੁੰਦਾ ਹੈ। ਜਿਹੜਾ ਵਿਅਕਤੀ ਆਤਮਿਕ ਅਤੇ ਸੰਸਾਰਕ ਦੋਵੇਂ ਪ੍ਰਕਾਰ ਦੀਆ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਹੱਲ ਕਰ ਸਕਦਾ ਹੋਵੇ, ਉਹ ਹੀ ਇਸ ਜੀਵਨ ਦਾ ਅਨੰਦ ਮਾਣ ਸਕਦਾ ਹੈ ਅਤੇ ਉਹੀ ਜ਼ਿੰਦਗੀ ਸਫਲ ਗਿਣੀ ਜਾਂਦੀ ਹੈ 'ਸਫਲ ਸਫਲ ਭਈ ਸਫਲ ਜਾਤ੍ਰਾ ਹੈ' ਹੋ ਨਿਬੜਦੀ ਹੈ ਪ੍ਰੰਤੂ ਅਜਿਹਾ ਵਿਅਕਤੀ ਕੋਈ ਸੂਰਮਾ ਹੀ ਹੋ ਸਕਦਾ ਹੈ। ਅਸਲ ਵਿੱਚ ਇਹ ਮਾਰਗ ਅਤੀ ਕਠਨ ਹੈ। ਇਸ ਉੱਤੇ ਚੱਲਣ ਲਈ ਦ੍ਰਿੜ੍ਹਤਾ ਅਤੇ ਦਲੇਰੀ ਦੀ ਲੋੜ ਹੁੰਦੀ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਸ਼ਰਨ ਵਿੱਚ ਆਉਣ ਵਾਲੇ ਸਿੱਖਾਂ ਲਈ ਸਿਰ ਤਲੀ ਤੇ ਧਰ ਕੇ ਆਉਣ ਦੀ ਸ਼ਰਤ ਰੱਖੀ ਸੀ ਅਤੇ ਫੁਰਮਾਇਆ ਸੀ-

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*
*ਸਾਧੋ ਮਨ ਕਾ ਮਾਨੁ ਤਿਆਗਉ ॥*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ*
*ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥*
*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ*
*ਅਉਰੁ ਮਾਨੁ ਅਪਮਾਨਾ ॥*
*ਹਰਖ ਸੋਗ ਤੇ ਰਹੈ ਅਤੀਤਾ*
*ਤਿਨਿ ਜਗਿ ਤਤੁ ਪਛਾਨਾ ॥੧॥*
*ਉਸਤਤਿ ਨਿੰਦਾ ਦੋਊ ਤਿਆਗੈ*
*ਖੋਜੈ ਪਦੁ ਨਿਰਬਾਨਾ ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ*
*ਕਿਨਹੂੰ ਗੁਰਮੁਖਿ ਜਾਨਾ ॥ ਅੰਗ - ੨੧੯*

ਜੀਵਨ ਇੱਕ ਸੰਘਰਸ਼ ਹੈ। ਜਦੋ-ਜਹਿਦ ਹੈ। ਮਨੁੱਖ ਨੇ ਅਧਿਆਤਮਕ ਖੇਤਰ ਵਿੱਚ ਮਨ ਦੇ ਵਿਸ਼ੇ-ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਅਮੁੱਕ ਤ੍ਰਿਸ਼ਨਾਵਾਂ ਅਤੇ ਲਾਲਸਾਵਾਂ ਵਿਰੁੱਧ ਸੰਘਰਸ਼ ਕਰਕੇ ਇਨ੍ਹਾਂ ਉੱਤੇ ਜਿੱਤ ਪ੍ਰਾਪਤ ਕਰਨੀ ਹੈ। ਆਪਣਾ ਮਨ ਜਿੱਤ ਕੇ ਅੰਤਹਕਰਣ ਨੂੰ ਸ਼ੁੱਧ ਅਤੇ ਬਲਵਾਨ ਬਣਾਉਣਾ ਹੈ ਅਤੇ ਬਾਹਰੀ ਦੁਨੀਆਵੀ ਖੇਤਰ ਵਿੱਚ ਸਮਾਜਿਕ, ਰਾਜਨਿਤਕ ਅਤੇ ਆਰਥਿਕ ਖੇਤਰ ਵਿੱਚ ਸੰਘਰਸ਼ਸ਼ੀਲ ਹੋ ਕੇ ਸਫਲਤਾ ਪ੍ਰਾਪਤ ਕਰਨੀ ਹੈ ਅਤੇ ਜੀਵਨ ਸੁੱਖਦ ਬਣਾਉਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਚਣੌਤੀਆਂ ਨੂੰ ਸਰ ਕਰਕੇ ਮਨੁੱਖੀ ਜੀਵਨ ਨੂੰ ਅਨੰਦਮਈ ਤਾਂ ਸਫਲ ਜੀਵਨ ਬਣਾਉਣ ਦਾ ਮੁਕੰਮਲ ਅਤੇ ਸ੍ਰੇਸ਼ਟ ਫਲਸਫਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਦੀ ਨਿੱਕੀ ਤੋਂ ਨਿਕੀ ਅਤੇ ਵੱਡੀ ਤੋਂ ਵੱਡੀ ਸਮੱਸਿਆ ਦਾ ਹੱਲ ਹੈ। ਇਹ ਜੀਵਨ-ਜੁਗਤ ਮਨੁੱਖ ਨੂੰ ਸੰਪੂਰਨ ਮਨੁੱਖ ਤਥਾ ਯੋਧਾ-ਸੂਰਮਾ ਤਥਾ ਹਰ ਮੈਦਾਨ ਫਤਹਿ ਪਾਉਣ ਦੇ ਸਮੱਰਥ ਬਣਾਉਣ ਦੇ ਯੋਗ ਹੈ। ਸੰਪੂਰਨ ਮਨੁੱਖ ਅਤੇ ਸੂਰਮਾ ਵਿਅਕਤੀ ਉਹ ਹੀ ਹੋ ਸਕਦਾ ਹੈ ਜਿਹੜਾ ਅੰਦਰੋਂ-ਬਾਹਰੋਂ ਮਜ਼ਬੂਤ ਹੋਵੇ। ਪੂਰੀ ਤਰ੍ਹਾਂ ਵਿਕਸਤ ਹੋਵੇ ਜੋ ਵਿਅਕਤੀ ਆਪਣਾ ਹਿਰਦਾ ਸ਼ੁੱਧ ਕਰਨ ਲਈ ਤਾਂ ਯਤਨਸ਼ੀਲ ਹੈ ਪਰ ਬਾਹਰੀ ਰੁਕਾਵਟਾਂ ਤੋਂ ਆਪਣੀ ਰੱਖਿਆ ਨਹੀਂ ਕਰ ਸਕਦਾ। ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰ ਸਕਦਾ, ਅਜਿਹਾ ਵਿਅਕਤੀ ਅਧੂਰਾ ਹੁੰਦਾ ਹੈ। ਕਠਨ ਤੋਂ ਕਠਨ ਤਪਸਿਆ ਵੀ ਉਸ ਨੂੰ ਪੂਰਨ ਮਨੁੱਖ ਨਹੀਂ ਬਣਾ ਸਕਦੀ। ਉਸ ਨੂੰ ਆਪਣੀ ਰੱਖਿਆ ਲਈ ਦੂਜਿਆਂ ਦੀ ਸਹਾਇਤਾ ਦੀ ਲੋੜ ਰਹਿੰਦੀ ਹੈ। ਉਹ ਬਾਹਰੀ ਦੁਨੀਆਵੀ ਸ਼ਕਤੀਆਂ ਤੇ ਨਿਰਭਰ ਹੁੰਦਾ ਹੈ। ਅਕਾਲ-ਪੁਰਖ ਦੀ ਸ਼ਕਤੀ ਤੇ ਉਸਦਾ ਪੂਰਨ ਵਿਸ਼ਵਾਸ਼ ਨਹੀਂ ਬਣਦਾ। ਹਿੰਦੀ ਮਤ ਦੇ ਮਿਥਿਹਾਸਕ ਪ੍ਰਸੰਗਾਂ ਅਨੁਸਾਰ ਰਿਸ਼ੀ-ਮੁਨੀ ਜਦੋਂ ਯੱਗ ਆਦਿ ਕਰਦੇ ਸਨ ਤਾਂ ਰਾਕਸ਼ ਉਨ੍ਹਾਂ ਦੀ ਪੂਜਾ ਵਿੱਚ ਵਿਘਨ ਪਾ ਦਿੰਦੇ ਸਨ। ਰਿਸ਼ੀਆਂ-ਮੁਨੀਆਂ ਨੂੰ ਕਤਲ ਕਰ ਦਿੰਦੇ ਸਨ। ਉਹ ਆਪਣੀ ਰੱਖਿਆ ਲਈ ਕਸ਼ਤਰੀਆਂ ਦੀ

ਸਹਾਇਤਾ ਲੈਂਦੇ ਸਨ। ਅਜਿਹੇ ਵਿਅਕਤੀ ਸੰਸਾਰਕ ਪੱਖ ਤੋਂ ਡਰਪੋਕ ਅਤੇ ਕਮਜ਼ੋਰ ਹੋ ਜਾਂਦੇ ਹਨ। ਉਨ੍ਹਾਂ ਨੂੰ ਕੋਈ ਸੂਰਮੇ ਨਹੀਂ ਮੰਨ ਸਕਦਾ। ਅਜਿਹੇ ਲੋਕਾਂ ਦਾ ਜੀਵਨ ਇਕ ਸਰਾਪ ਹੁੰਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ – ੧੪੨***

ਇਸ ਦੇ ਉਲਟ ਜਿਹੜੇ ਵਿਅਕਤੀ ਆਪਣੇ ਮਨ ਦੇ ਔਗੁਣ ਦੂਰ ਨਹੀਂ ਕਰਦੇ, ਅਰਥਾਤ ਹਿਰਦਾ ਸ਼ੁੱਧ ਕਰਕੇ ਆਤਮਿਕ ਤੌਰ ਉੱਤੇ ਬਲਵਾਨ ਨਹੀਂ ਬਣਦੇ, ਪਰ ਦੂਜੇ ਬੰਦਿਆ ਉੱਤੇ ਦਰਿੰਦਿਆਂ ਵਾਂਗ ਅਤਿਆਚਾਰ ਕਰਦੇ ਹਨ। ਉਨ੍ਹਾਂ ਨੂੰ ਜ਼ਬਰੀ ਧਰਮ ਬਦਲੀ ਲਈ ਮਜ਼ਬੂਰ ਕਰਦੇ ਹਨ। ਦੂਜਿਆਂ ਦੀ ਲੁੱਟ-ਖਸੁੱਟ ਕਰਦੇ ਹਨ, ਸ਼ਕਤੀ ਦਾ ਦੁਰਉਪਯੋਗ ਕਰਦਿਆਂ ਉਨ੍ਹਾਂ ਨਾਲ ਜ਼ੋਰ-ਜ਼ਬਰ ਕਰਦੇ ਹਨ, ਉਹ ਵਿਅਕਤੀ ਵੀ ਸੂਰਬੀਰ ਨਹੀਂ ਹੁੰਦੇ। ਉਹ ਭਾਵੇਂ ਧਰਮ ਦੇ ਨਾਂ ਤੇ ਹੀ ਜ਼ੁਲਮ ਕਰਦੇ ਹੋਣ, ਉਨ੍ਹਾਂ ਨੂੰ ਕੋਈ ਧਾਰਮਿਕ ਹਸਤੀ ਨਹੀਂ ਕਹਿ ਸਕਦਾ। ਉਨ੍ਹਾਂ ਨੂੰ ਜ਼ਾਲਮ ਹੀ ਸਮਝਿਆ ਜਾਂਦਾ ਹੈ। ਹਿੰਦੁਸਤਾਨ ਵਿੱਚ ਪਹਿਲੀ ਕਿਸਮ ਦੇ ਵਿਅਕਤੀਆਂ ਦੀ ਵਧੇਰੇ ਗਿਣਤੀ ਸੀ। ਇਹ ਰਿਸ਼ੀਆਂ-ਮੁਨੀਆਂ-ਜੋਗੀਆਂ ਦਾ ਦੇਸ਼ ਸੀ। ਜੋ ਧਾਰਮਿਕ ਸਾਧਨਾ ਤਾਂ ਕਰ ਸਕਦੇ ਸਨ ਪਰ ਆਪਣੀ ਰੱਖਿਆ ਨਹੀਂ ਸਨ ਕਰ ਸਕੇ। ਇਸ ਲਈ ਹਿੰਦੁਸਤਾਨ ਉੱਤੇ ਸਦੀਆਂ ਤੋਂ ਹਮਲਾਵਰ ਆ ਕੇ ਲੋਕਾਂ ਦਾ ਕਤਲਾਮ, ਉਨ੍ਹਾਂ ਦੀਆ ਧੀਆਂ-ਭੈਣਾਂ ਦੀ ਬੇਪਤੀ ਕਰਦੇ ਸਨ ਅਤੇ ਲੁੱਟ-ਖਸੁੱਟ ਕਰਦੇ ਆਏ ਸਨ। ਇਸਲਾਮ ਧਰਮ ਦੇ ਪੈਦਾ ਹੋਣ ਨਾਲ ਦੂਜੀ ਕਿਸਮ ਦੇ ਵਿਅਕਤੀ ਪੈਦਾ ਹੋਏ। ਇਹ ਧਰਮ ਦੇ ਨਾਂ ਤੇ ਜਹਾਦ ਕਰਨਾ ਧਰਮ ਦਾ ਕੰਮ ਸਮਝਦੇ ਸਨ। ਹਿੰਦੁਸਤਾਨੀ ਸੂਰਬੀਰਤਾ ਨਾਲ ਇਨ੍ਹਾਂ ਦਾ ਟਾਕਰਾ ਕਰਨ ਤੋਂ ਅਸਮਰਥ ਸਨ, ਕਿਉਂਕਿ ਜਿਹੜੇ ਭਗਤੀ ਕਰਦੇ ਸਨ, ਉਨ੍ਹਾਂ ਪਾਸ ਸ਼ਕਤੀ ਨਹੀਂ ਸੀ। ਜਿਨ੍ਹਾਂ ਪਾਸ ਸ਼ਕਤੀ ਸੀ, ਉਨ੍ਹਾਂ ਪਾਸ ਭਗਤੀ ਨਹੀਂ ਸੀ, ਅਰਥਾਤ ਭਗਤੀ ਅਤੇ ਸ਼ਕਤੀ ਤਥਾ ਸ਼ਾਸਤਰ ਅਤੇ ਸ਼ਸਤਰ ਦੀ ਸੰਤੁਲਿਤ ਅਵਸਥਾ ਨਹੀਂ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅਣਗਿਣਤ ਹਿੰਦੁਸਤਾਨ ਵਾਸੀਆਂ ਨੂੰ ਇਸਲਾਮ ਧਰਮ ਅਪਨਾਉਣਾ ਪਿਆ ਅਤੇ ਲੱਗਭੱਗ ਸੱਤ ਸੌ ਸਾਲ ਤੁਰਕਾਂ ਅਤੇ ਮੁਗਲਾਂ ਦੀ ਗੁਲਾਮੀ ਵਿੱਚ ਰਿਹਣਾ ਪਿਆ। ਗੁਰੂ ਸਾਹਿਬ ਹਿੰਦੁਸਤਾਨੀਆਂ ਦੇ ਅੰਦਰੋਂ ਮੌਤ ਅਤੇ ਹੋਰ ਹਰ ਤਰ੍ਹਾਂ ਦਾ ਡਰ ਦੂਰ ਕਰਕੇ ਉਨ੍ਹਾਂ ਨੂੰ ਸੂਰਮੇ ਬਣਾਉਣਾ ਚਾਹੁੰਦੇ ਸਨ। ਉਹ ਅਜਿਹਾ ਸੰਪੂਰਨ ਮਨੁੱਖ ਸਿਰਜਣਾ ਚਾਹੁੰਦੇ ਸਨ, ਜਿਹੜਾ ਕਿਸੇ ਨੂੰ ਡਰਾਏ ਵੀ ਨਾ ਅਤੇ ਕਿਸੇ ਦਾ ਡਰ ਵੀ ਨਾ ਮੰਨੇ। ਅਜਿਹਾ ਵਿਅਕਤੀ ਹੀ ਗੁਰਮਤਿ ਵਿੱਚ ਸੂਰਮਾ ਅਤੇ ਬ੍ਰਹਮਗਿਆਨੀ ਮੰਨਿਆ ਗਿਆ ਹੈ। ਜਪੁ ਸਾਹਿਬ ਦੀ ਪਹਿਲੀ ਪਉੜੀ ਵਿੱਚ ਹੀ ਅਜਿਹੇ ਰੱਬੀ ਹੁਕਮ ਅਤੇ ਰਜ਼ਾ ਵਿੱਚ ਚੱਲਣ ਵਾਲੇ ਮਨੁੱਖ ਨੂੰ 'ਸਚਿਆਰ' ਦੀ ਸੰਗਿਆ ਦਿੱਤੀ ਗਈ ਹੈ। ਇਹ ਸਚਿਆਰ ਮਨੁੱਕ ਹੀ ਗੁਰਮੁੱਖ ਹੈ। ਬ੍ਰਹਮਗਿਆਨੀ ਹੀ ਹਰਿ ਭਗਤ ਹੈ। ਹਰਿ ਜਨ ਹੈ। ਇਹ ਖਾਲਸਾ ਗੁਰੂ ਨਾਲ ਓਤ-ਪੋਤ ਹੈ। ਸਹਿਜ ਅਨੰਦ ਦੀ ਅਵਸਥਾ ਵਿੱਚ ਵਿਚਰਨ ਵਾਲਾ ਖਾਲਸਾ ਹੀ ਗੁਰੂ ਦਾ ਰੂਪ ਹੈ। ਉਹ ਹੀ ਅਧਿਆਤਮਕ ਅਤੇ ਦੁਨੀਆਵੀ ਦੋਹਾਂ ਖੇਤਰਾਂ ਦਾ ਜੇਤੂ ਜਰਨੈਲ ਗੁਸਾਈਂ ਦਾ ਪਹਿਲਵਾਨੜਾ ਹੈ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥***
***ਅੰਗ – ੧੪੨੭***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥***
***ਅੰਗ – ੪੪੧***

ਗੁਰਮਤਿ ਸਿਧਾਂਤ ਨਿਜ ਤੋਂ ਸਮੂੰਹ ਵਲ, ਅੰਦਰ ਤੋਂ ਬਾਹਰ ਵਲ, ਮਨ ਤੋਂ ਜਗਤ ਵਲ, ਪਿੰਡ ਤੋਂ ਬ੍ਰਹਿਮੰਡ ਵਲ, ਆਤਮਾ ਤੋਂ ਪ੍ਰਮਾਤਮਾ ਤੱਕ ਅਤੇ ਅਦ੍ਰਿਸਟ ਤੋਂ ਦ੍ਰਿਸ਼ਟ ਵੱਲ ਦਾ ਇੱਕ ਅਦੁੱਤੀ ਅਧਿਆਤਮ ਸਿਧਾਂਤ ਹੈ। ਇਹ 'ਮਨ ਜੀਤੈ ਜਗ ਜੀਤ' ਵਿੱਚ ਵਿਸ਼ਵਾਸ਼ ਰਖਦਾ ਹੈ। ਆਪਣੇ ਮਨ ਨੂੰ ਜਿੱਤਣ ਵਾਲਾ ਹੀ ਭਵਸਾਗਰ ਤੋਂ ਪਾਰ ਹੋ ਸਕਦਾ ਹੈ ਅਤੇ ਸੰਸਾਰਕ ਵਿਘਨਾਂ, ਬੰਧਨਾਂ ਅਤੇ ਚਣੌਤੀਆਂ 'ਤੇ ਜਿੱਤ ਪ੍ਰਾਪਤ ਕਰ ਸਕਦਾ ਹੈ। ਇਹ ਮਾਰਗ ਹੁਕਮ ਅਤੇ ਹਉਮੈ ਦੇ ਵਿਚਕਾਰ ਇੱਕ ਜੰਗ ਹੈ। ਗੁਰਮੁਖ ਨੇ ਹੁਕਮ ਰਜਾਈ ਚਲਣਾ ਹੈ ਤਾਂ ਹੀ ਉਹ ਆਪਣੀ ਹਉਮੈ ਨੂੰ ਮਿਟਾ ਕੇ ਸਚਿਆਰ ਅਤੇ 'ਸੂਰਬੀਰ ਬਚਨ ਕਾ ਬਲੀ' ਹੋ ਸਕਦਾ ਹੈ। ਉਸ ਦੇ ਮਨ ਅੰਦਰ ਗਿਆਨ ਦਾ ਦੀਪਕ ਜਗ ਉਠਦਾ ਹੈ। ਇਸ ਤੋਂ ਬਾਅਦ ਉਸਦੀ ਸੁਰਤ ਹੋਰ ਵਿਕਸਤ ਹੁੰਦੀ ਹੈ। ਉਹ ਹੀ ਸੰਤ-ਸਿਪਾਹੀ ਹੈ। ਉਹ ਬਾਹਰੀ ਜਗਤ ਵਿਚ ਵੀ ਪ੍ਰਮਾਤਮਾ ਦੀ ਹੋਂਦ ਨੂੰ ਅਨੁਭਵ ਕਰਨਾ ਸ਼ੁਰੂ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ –

***ਸਭ ਮਹਿ ਜੋਤਿ ਜੋਤਿ ਹੈ ਸੋਇ॥***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਅੰਗ – ੧੩***

***ਜੋ ਬ੍ਰਹਮੰਡੇ ਸੇਈ ਪਿੰਡੇ ਜੋ ਖੋਜੈ ਸੋ ਪਾਵੈ॥***
***ਅੰਗ – ੬੯੫***

ਇੱਥੇ ਗੁਰਮੁਖ ਦਾ ਟਕਰਾਉ ਸੰਸਾਰ ਦੀ ਹਉਮੈ ਅਤੇ ਅਗਿਆਨਤਾ ਨਾਲ ਹੁੰਦਾ ਹੈ। ਹਉਮੈ ਅਤੇ ਅਗਿਆਨਤਾ ਉੱਤੇ ਜਿੱਤ ਪ੍ਰਾਪਤ ਕਰਕੇ ਮਨੁੱਖ ਗੁਰਮੁਖ ਗੁਸਾਈਂ ਦਾ ਪਹਿਲਵਾਨੜਾ ਹੋ ਨਿਬੜਦਾ ਹੈ। ਸ਼ਬਦ ਗੁਰੂ ਹੈ, ਜਿਸਨੇ ਆਤਮ ਨੂੰ ਜਿਣਿਆ ਹੈ। ਉਸ ਨੇ ਹੁਣ ਸਿੰਘ ਬਣ ਕੇ ਅਕਾਲ ਪੁਰਖ ਦੀ ਫੌਜ ਦਾ ਸਿਪਾਹੀ ਹੋ ਕੇ ਜਗਤ ਜਲੰਦੇ ਵਿੱਚ ਠੰਢ ਵਰਤਾਉਣੀ ਹੈ। ਹਉਮੈ-ਹੰਕਾਰ ਅਤੇ ਲੋਭ-ਲਾਲਚ ਵਿੱਚ ਅੰਧੇ ਹੋਏ ਜਾਬਰਾਂ-ਜ਼ਾਲਮਾਂ ਨੂੰ ਪ੍ਰਮਾਤਮਾ ਦੇ ਹੁਕਮ ਵਿੱਚ ਲਿਆਉਣਾ ਹੈ। ਉਨ੍ਹਾਂ ਦਾ ਹੰਕਾਰ ਤੋੜਨਾ ਹੈ, ਹਉਮੈ ਭੰਨਣੀ ਹੈ। ਉਸ ਨੇ ਜਗਤ ਵਿੱਚ ਸੰਦੇਸ਼ ਦੇਣਾ ਹੈ ਕਿ ਸਾਰੀ ਮਨੁੱਖਤਾ ਦੀ ਇੱਕੋ ਜਾਤ ਹੈ। ਜਾਤਾਂ-ਪਾਤਾਂ ਅਤੇ ਧਰਮਾਂ ਦੀਆਂ ਵੰਡੀਆ ਝੂਠ ਹਨ। ਸਮੂੰਹ ਸਮਾਜਿਕ ਬੁਰਾਈਆਂ

ਵਿਰੁੱਧ ਜੂਝਣਾ ਹੈ। ਫਤਹਿ ਪ੍ਰਾਪਤ ਕਰਨੀ ਹੈ। ਮਨੁੱਖੀ ਬਰਾਬਰੀ ਦਾ ਅਹਿਸਾਸ ਕਰਨਾ ਅਤੇ ਕਰਾਉਣਾ ਹੈ। ਗੁਰਬਾਣੀ ਦਾ ਫੁਰਮਾਨ ਹੈ -

***ਏਕੁ ਪਿਤਾ ਏਕਸ ਕੇ ਹਮ ਬਾਰਿਕ***
***ਤੂ ਮੇਰਾ ਗੁਰ ਹਾਈ॥ ਅੰਗ - ੬੧੧***
***ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥***
***ਗੁਰੂ ਗੋਬਿੰਦ ਸਿੰਘ ਜੀ***

ਗੁਰਮੁੱਖ ਨੇ ਸਰਬੱਤ ਦੇ ਭਲੇ ਲਈ ਯੁੱਧ ਕਰਨੇ ਹਨ, ਕੁਰਬਾਨੀ ਦੇਣੀ ਹੈ। ਨਿੱਜੀ ਮਨੋਰਥਾਂ ਜਾਂ ਤੁਅੱਸਬ ਦੀ ਭਾਵਨਾ ਰੱਖ ਕੇ ਸੰਘਰਸ਼ ਨਹੀਂ ਕਰਨਾ ਅਤੇ ਸ਼ਹੀਦ ਨਹੀਂ ਹੋਣਾ। ਇਸ ਸੱਚ-ਨਿਆਂ ਅਤੇ ਰੱਬੀ ਹੁਕਮ ਦੇ ਮਾਰਗ 'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥' 'ਤੇ ਚਲਦਿਆ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਅਤੇ ਗੁਰੂ ਦੇ ਪਿਆਰੇ ਖਾਲਸਾ ਪੰਥ ਨੇ ਆਪਣੇ ਧਰਮ ਦੇ ਪ੍ਰਚਾਰ ਹਿੱਤ ਹੀ ਨਹੀਂ, ਸਗੋਂ ਦੂਜੇ ਧਰਮਾਂ ਦੀ ਰਾਖੀ ਹਿੱਤ ਵੀ ਅਨਗਿਣਤ ਕੁਰਬਾਨੀਆਂ ਦਿੱਤੀਆਂ ਅਤੇ ਜ਼ਾਲਮ ਮੁਗਲ ਹਕੂਮਤ ਨੂੰ ਖਤਮ ਕਰਕੇ ਸਿੱਖ ਰਾਜ ਦੀ ਸਥਾਪਨਾ ਕੀਤੀ। ਇਸ ਲੰਮੇ ਸੰਘਰਸ਼ ਵਿਚੋਂ ਮਹਾਰਾਜਾ ਰਣਜੀਤ ਸਿੰਘ ਵਰਗੀ ਮਹਾਨ ਸ਼ਖਸੀਅਤ ਪੈਦਾ ਕੀਤੀ ਹੈ। ਉਹ ਇੱਕ ਬਾਦਸ਼ਾਹ ਹੁੰਦਾ ਹੋਇਆ ਵੀ ਪਰਜਾ ਦਾ ਸੇਵਕ ਸੀ, ਸ਼ਕਤੀਸ਼ਾਲੀ ਸੀ, ਪਰ ਜ਼ਾਲਮ ਨਹੀਂ ਸੀ। ਉਹ ਸਿੱਖੀ ਅਸੂਲਾਂ ਵਿੱਚ ਪੱਕਾ ਸੀ ਪਰ ਦੂਜੇ ਧਰਮਾਂ ਦਾ ਵੀ ਸਤਿਕਾਰ ਕਰਦਾ ਸੀ। ਉਸ ਨੇ ਆਪਣੇ ਰਾਜ ਕਾਲ ਵਿੱਚ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ। ਇਸ ਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਇਸ ਤਰ੍ਹਾਂ ਦਾ ਕਿਰਦਾਰ ਉਨ੍ਹਾਂ ਵਿਅਕਤੀਆਂ ਦਾ ਹੀ ਹੋ ਸਕਦਾ ਹੈ, ਜਿਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਦਾ ਗਿਆਨ, ਭੈਅ ਅਤੇ ਭਾਉ ਹੋਵੇ। ਜਿਹੜੇ ਅੰਦਰੋਂ ਬਾਹਰੋਂ ਨਿਰਮਲ ਹਨ, ਜਿਹੜੇ ਸਾਰਿਆਂ ਵਿੱਚ ਇੱਕੋ ਪ੍ਰਮਾਤਮਾ ਦਾ ਨੂਰ ਸਮਝਦੇ ਹਨ। ਕਿਸੇ ਨੂੰ ਚੰਗਾ-ਬੁਰਾ ਅਤੇ ਉੱਚਾ-ਨੀਵਾਂ ਨਹੀਂ ਸਮਝਦੇ। ਗੁਰਬਾਣੀ ਦਾ ਹੁਕਮ ਹੈ -

***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥***
***ਅੰਗ - ੩੮੧***

***ਜੀਅਹੁ ਨਿਰਮਲ ਬਾਹਰਹੁ ਨਿਰਮਲ॥***
***ਬਾਹਰਹੁ ਤ ਨਿਰਮਲ ਜੀਅਹੁ ਨਿਰਮਲ***
***ਸਤਿਗੁਰ ਤੇ ਕਰਣੀ ਕਮਾਣੀ॥***
***ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥***
***ਅੰਗ - ੯੧੯***

***ਅੰਤਰਿ ਬਸੇ ਬਾਹਰਿ ਭੀ ਓਹੀ॥***
***ਨਾਨਕ ਦਰਸਨੁ ਦੇਖਿ ਸਭ ਮੋਹੀ॥ ਅੰਗ - ੨੯੪***

ਜਹਾਦ ਫਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਅਰਥ ਹੈ, ਧਰਮ-ਯੁੱਧ। ਪਵਿੱਤਰ ਉਦੇਸ਼ ਲਈ ਕੀਤੀ ਗਈ ਜੰਗ ਨੂੰ ਜਹਾਦ ਕਿਹਾ ਜਾਂਦਾ ਹੈ। ਸੱਚਾ ਜਹਾਦ ਉਹ ਹੁੰਦਾ ਹੈ, ਜੋ ਆਪਣੇ ਧਰਮ ਦੀ ਰਾਖੀ ਲਈ ਜਾਂ ਜ਼ੁਲਮ ਦੇ ਟਾਕਰੇ ਲਈ ਕੀਤਾ ਜਾਵੇ। ਗੁਰਬਾਣੀ ਮਨੁੱਖ ਨੂੰ ਅਜਿਹੇ ਸ਼ੁਭ ਮਨੋਰਥਾਂ ਲਈ ਲੜਨ ਦਾ ਉਪਦੇਸ਼ ਦਿੰਦੀ ਹੈ। ਉਸ ਮਨੁੱਖ ਨੂੰ ਹੀ ਸੂਰਮਾ ਮੰਨਿਆ ਗਿਆ ਹੈ ਜੋ ਧਰਮ ਨਿਆਂ ਦੀ ਰਾਖੀ ਲਈ ਸੱਚ-ਹੱਕ ਦੀ ਖਾਤਰ ਯੁੱਧ ਕਰਦਾ ਹੈ। ਕਬੀਰ ਸਾਹਿਬ ਦਾ ਫੁਰਮਾਨ ਹੈ -

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ ਅੰਗ - ੧੧੦੫***

ਇਸਲਾਮ ਧਰਮ ਤੋਂ ਜਹਾਦ ਦੀ ਪਰੰਪਰਾ ਸ਼ੁਰੂ ਹੋਈ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਦੀ ਸਥਾਪਨਾ ਕੀਤੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਤਲਵਾਰ ਦੇ ਜ਼ੋਰ ਨਾਲ ਇਸ ਧਰਮ ਨੂੰ ਇਰਾਕ, ਇਰਾਨ, ਅਫਗਾਨਿਸਤਾਨ, ਤੁਰਕਿਸਤਾਨ ਅਤੇ ਹਿੰਦੁਸਤਾਨ ਆਦਿ ਮੁਲਕਾਂ ਵਿੱਚ ਫੈਲਾਇਆ। ਇਹ ਹਮਲਾਵਰ ਦੂਜੇ ਧਰਮਾਂ ਦੇ ਵਿਅਕਤੀਆਂ ਨੂੰ ਕਾਫਿਰ ਸਮਝਦੇ ਸਨ। ਉਨ੍ਹਾਂ ਨੂੰ ਮਾਰ-ਕੁੱਟ ਕੇ ਆਪਣੇ ਧਰਮ ਤੋਂ ਉਨ੍ਹਾਂ ਦੀ ਸ਼ਰਧਾ ਖਤਮ ਕਰ ਦਿੰਦੇ ਸਨ। ਉਹ ਲੋਕਾਂ ਦਾ ਖੂਨ ਵੀ ਵਹਾਉਂਦੇ ਸਨ ਅਤੇ ਉਨ੍ਹਾਂ ਦੇ ਵਿਸ਼ਵਾਸ਼ ਅਤੇ ਮੰਦਰਾਂ ਨੂੰ ਤੋੜ ਕੇ ਉਨ੍ਹਾਂ ਦੇ ਮਨ ਨੂੰ ਚੋਟ ਮਾਰਦੇ ਸਨ। ਇਸਲਾਮ ਵਿੱਚ ਜਬਰੀ ਧਰਮ ਬਦਲੀ ਨੂੰ ਉੱਚਿਤ ਸਮਝਿਆ ਜਾਂਦਾ ਹੈ ਅਤੇ ਮਨੁੱਖਤਾ ਨੂੰ ਮੋਮਨ ਅਤੇ ਕਾਫਰਾਂ ਵਿੱਚ ਵੰਡਿਆ ਜਾਂਦਾ ਹੈ। ਗੁਰਬਾਣੀ ਇਸ ਤਰ੍ਹਾਂ ਦੇ ਜਹਾਦ ਦੀ ਹਰਗਿਜ਼ ਪ੍ਰਵਾਨਗੀ ਨਹੀਂ ਦਿੰਦੀ। ਗੁਰਬਾਣੀ ਅਨੁਸਾਰ ਪ੍ਰਮਾਤਮਾ ਸਰਵ ਵਿਆਪਕ ਹੈ। ਸਾਰੇ ਜੀਆਂ ਵਿੱਚ ਵਸਦਾ ਹੈ। ਉਹ ਸਿਰਫ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਜਾਂ ਇਸਾਈਆਂ ਤੱਕ ਹੀ ਸੀਮਤ ਨਹੀਂ ਹੈ। ਇਸ ਲਈ ਮਨੁੱਖ ਨੂੰ ਨਿਮਰਤਾ ਅਤੇ ਦਇਆ ਦਾ ਧਾਰਨੀ ਹੋਣਾ ਚਾਹੀਦਾ ਹੈ। ਕਿਸੇ ਜੀਵ ਨੂੰ ਦੁੱਖ ਨਹੀਂ ਦੇਣਾ ਚਾਹੀਦਾ। ਗੁਰਬਾਣੀ ਦਾ ਫੁਰਮਾਨ ਹੈ-

***ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥***
***ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ ਅੰਗ - ੩੨੨***

***ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥***
***ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥***
***ਅੰਗ - ੨੫੫***

ਆਪਣੇ-ਆਪਣੇ ਧਰਮ ਦਾ ਪ੍ਰਚਾਰ ਕਰਨ ਦਾ ਹੱਕ ਸਭ ਨੂੰ ਹੈ। ਇਹ ਮੁੱਢਲਾ ਮਨੁੱਖੀ ਅਧਿਕਾਰ ਹੈ। ਧਰਮ ਸਵੈ-ਇੱਛਿਆ ਨਾਲ ਹੀ ਅਪਨਾਇਆ ਜਾਣਾ ਯੋਗ ਹੈ, ਨਾ ਕਿ ਕਿਸੇ ਡਰ, ਭੈਅ, ਲਾਲਚ ਆਦਿ ਰਾਹੀਂ ਠੋਸਿਆ ਹੋਇਆ 'ਧਰਮ'। ਅਜਿਹੇ ਧਰਮ ਧਾਰਨ ਉਪਰੰਤ ਵੀ ਉਸ ਵਿਅਕਤੀ ਦੀ ਉਸ ਧਰਮ ਵਿੱਚ ਆਸਥਾ ਅਤੇ ਵਿਸ਼ਵਾਸ਼ ਪੱਕਾ ਨਹੀਂ ਹੁੰਦਾ। ਇਹ ਵਰਤਾਰਾ ਯੋਗ ਅਤੇ ਪ੍ਰਵਾਨਿਤ ਨਹੀਂ ਹੈ। ਪਰ ਇਹ ਪ੍ਰਚਾਰ ਆਪਣੇ ਧਰਮ ਉਪਦੇਸ਼ਾਂ ਦਾ ਗਿਆਨ ਕਰਵਾ ਕੇ ਕਰਨਾ ਯੋਗ ਹੈ। ਤਲਵਾਰ ਦੇ ਜ਼ੋਰ ਨਾਲ, ਰਾਜ ਸ਼ਕਤੀ ਨਾਲ, ਬਹੁ ਗਿਣਤੀ ਦੇ ਬਲ ਸਦਕਾ ਅਤੇ ਲੋਭ-ਲਾਲਚ ਦੇ ਕੇ ਫੁਸਲਾਉਣਾ ਸੱਚਾ ਧਰਮ ਪ੍ਰਚਾਰ ਨਹੀਂ

ਹੈ। ਇਹ ਇਕ ਤਰ੍ਹਾਂ ਦਾ ਪਾਪ ਹੈ। ਰੱਬ ਦੀ ਰਜ਼ਾ ਦੇ ਬਿਪਰੀਤ ਹੈ। ਅਜਿਹੇ ਬੰਦਿਆਂ ਦੀ ਧਰਮ ਬਦਲੀ ਕੋਈ ਅਰਥ ਨਹੀਂ ਰੱਖਦੀ। ਨਾ ਤਾਂ ਉਨ੍ਹਾਂ ਨੂੰ ਆਪਣੇ ਧਰਮ ਦਾ ਪੂਰਾ ਗਿਆਨ ਹੁੰਦਾ ਹੈ। ਨਾ ਉਸ ਧਰਮ ਦਾ, ਜਿਸ ਨੂੰ ਉਹ ਅਪਨਾ ਰਹੇ ਹੁੰਦੇ ਹਨ। ਉਹ ਪਹਿਲਾਂ ਵੀ ਅਗਿਆਨਤਾ ਦੇ ਖੱਡੇ ਵਿੱਚ ਡਿੱਗੇ ਹੁੰਦੇ ਹਨ। ਉਥੋਂ ਨਿਕਲ ਕੇ ਉਹ ਹੋਰ ਵੱਡੇ-ਵੱਡੇ ਖੱਡੇ ਵਿੱਚ ਹੀ ਜਾ ਡਿੱਗਦੇ ਹਨ। ਇਸ ਤਰ੍ਹਾਂ ਦੀ ਧਰਮ ਬਦਲੀ ਕਰਨ ਵਾਲੇ ਜ਼ੋਰ-ਜ਼ੁਲਮ ਦੇ ਪ੍ਰਚਾਰਕ ਪ੍ਰਮਾਤਮਾ ਦੇ ਦੰਡ ਦੇ ਭਾਗੀ ਹੁੰਦੇ ਹਨ। ਕਬੀਰ ਸਾਹਿਬ ਨੇ ਫੁਰਮਾਇਆ ਹੈ -

***ਕਬੀਰ ਜੋਰੁ ਕੀਆ ਸੋ ਜੁਲਮੁ ਹੈ***
***ਲੇਇ ਜਬਾਬੁ ਖੁਦਾਇ॥*** ***ਅੰਗ - ੧੩੭੫***

ਮਨੁੱਖਤਾ ਦੀ ਪਾਲਣਾ ਕਰਨ ਲਈ ਪ੍ਰਮਾਤਮਾ ਨੇ ਅਰਬਾਂ-ਖਰਬਾਂ ਸਾਲਾਂ ਵਿੱਚ ਇਹ ਧਰਤੀ ਪੈਦਾ ਕੀਤੀ ਹੈ। ਕਦੇ ਨਾ ਬੁੱਝਣ ਵਾਲੇ ਚੰਦ-ਸੂਰਜ ਦੋ ਦੀਵੇ ਬਾਲੇ ਹਨ। ਪ੍ਰਮਾਤਮਾ ਨੇ ਸਾਰੇ ਜੀਵਾਂ ਨੂੰ ਜੀਅ ਦਾਨ ਦਿੱਤਾ ਹੈ। ਸਮੁੱਚੀ ਮਨੁੱਖਤਾ ਦੀਆਂ ਸਾਰੀਆ ਦੁਨੀਆਵੀ ਲੋੜਾਂ ਪੂਰੀਆਂ ਕਰਨ ਹਿੱਤ ਬਨਸਪਤੀ ਸਗੋਂ ਪ੍ਰਕਿਰਤੀ ਦੀ ਸਾਜਨਾ ਕੀਤੀ ਹੈ। ਮਨੁੱਖ ਨੂੰ ਉੱਤਮ ਜੂਨ ਬਖਸ਼ੀ ਹੈ। ਸਰਦਾਰੀ ਬਖਸ਼ੀ ਹੈ। "ਇਸ ਧਰਤੀ ਮਹਿ ਤੇਰੀ ਸਿਕਦਾਰੀ ਅਵਰ ਜੋਨਿ ਤੇਰੀ ਪਨਿਹਾਰੀ॥' ਇਹ ਕਿਸੇ ਵੀ ਧਰਮ ਦੇ ਮਨੁੱਖ ਨੂੰ ਹੱਕ ਨਹੀਂ ਕਿ ਉਹ ਦੂਜੇ ਧਰਮ ਦੇ ਬੇਗੁਨਾਹ, ਨਿਹੱਥੇ ਅਤੇ ਕਮਜ਼ੋਰ ਬੰਦਿਆਂ ਅਤੇ ਬਾਲ-ਬੱਚਿਆਂ ਦੀ ਹੱਤਿਆ ਕਰੇ। ਇਸ ਦੇ ਨਾਲ ਹੀ ਇਹ ਵੀ ਕਿਸੇ ਧਰਮ ਨੂੰ ਹੱਕ ਨਹੀਂ ਹੈ ਕਿ ਉਹ ਨਜਾਇਜ਼ ਕਿਸਮ ਦੇ ਢੰਗ ਵਰਤ ਕੇ ਆਪਣੇ ਧਰਮ ਦਾ ਪ੍ਰਸਾਰ ਕਰੇ। ਜਿਹੜੇ ਵੀ ਧਰਮ ਦੇ ਅਨੁਆਈਂ ਅਜਿਹਾ ਪਾਪ ਕਰਦੇ ਹਨ। ਉਹ ਸਜ਼ਾ ਦੇ ਭਾਗੀ ਹਨ। ਭਾਵੇਂ ਉਹ ਇਸਲਾਮ ਨੂੰ ਮੰਨਣ ਵਾਲੇ, ਭਾਵੇਂ ਇਸਾਈ ਹਨ, ਭਾਵੇਂ ਹਿੰਦੂ ਹਨ ਅਤੇ ਭਾਵੇਂ ਸਿੱਖ ਹਨ। ਚਲਾਕੀ ਨਾਲ ਕੀਤੀ ਗਈ ਧਰਮ ਬਦਲੀ ਵੀ ਬੰਦ ਹੋਣੀ ਚਾਹੀਦੀ ਹੈ ਅਤੇ ਅਤਿਵਾਦ ਦਾ ਵੀ ਖਾਤਮਾ ਹੋਣੀ ਚਾਹੀਦਾ ਹੈ। ਇਹ ਦੋਵੇਂ ਢੰਗ ਅਪਨਾਉਣ ਵਾਲੇ ਮਨੁੱਖਤਾ ਦੇ ਸੇਵਕ ਨਹੀਂ ਸਗੋਂ ਦੁਸ਼ਮਨ ਹਨ। ਉਹ ਜਹਾਦੀ ਨਹੀਂ, ਉਹ ਫਸਾਦੀ ਹਨ। ਅਜਿਹੇ ਫਸਾਦੀਆਂ ਤੇ ਅਤਿਆਚਾਰੀਆਂ ਦੇ ਖਿਲਾਫ ਜਹਾਦ ਕਰਨ ਦਾ ਉਪਦੇਸ਼ ਦਿੰਦੀ ਹੈ, ਗੁਰਬਾਣੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਬਾਣੀ ਦੇ ਉਪਦੇਸ਼ ਦੇ ਅਨੁਸਾਰ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ ਇੱਕ ਆਦਰਸ਼ ਮਨੁੱਖ ਖਾਲਸੇ ਦੀ ਸਾਜਨਾ ਕੀਤੀ ਹੈ। ਖਾਲਸਾ ਅਕਾਲ ਪੁਰਖ ਦੀ ਫੌਜ ਮੰਨੀ ਗਈ ਹੈ। ਇਸ ਦਾ ਨਿਸ਼ਾਨਾ ਇਸ ਧਰਤੀ ਤੇ ਹਲੇਮੀ ਰਾਜ ਵਰਤਾਉਣਾ ਹੈ ਅਤੇ ਜਬਰ-ਜ਼ੁਲਮ ਨੂੰ ਖਤਮ ਕਰਨਾ ਹੈ। ਜੋ ਕੰਮ ਅੱਜ ਯੂ.ਐਨ.ਓ ਕਰ ਰਹੀ ਹੈ, ਉਸ ਤੋਂ ਵੀ ਕਿਤੇ ਉੱਚਾ ਅਤੇ ਸਾਰਥਕ ਕਾਰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਿੰਨ ਸਦੀਆਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਆਰੰਭ ਕਰ ਦਿੱਤਾ ਸੀ। ਖਾਲਸੇ ਦੀ ਉਪਮਾ ਇਸ ਤਰ੍ਹਾਂ ਕੀਤੀ ਗਈ ਹੈ -

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥***

ਪਰੰਤੂ ਗੁਰੂ ਸਾਹਿਬ ਨੇ ਖਾਲਸੇ ਨੂੰ ਖਾਲਸ ਤਥਾ ਸ਼ੁੱਧ ਅਤੇ ਨਿਰਮਲ ਰਹਿਣ ਲਈ ਇਉਂ ਉਪਦੇਸ਼ ਵੀ ਕੀਤਾ -

***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਓ ਮੈ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰਉਂ ਇਨ ਕੀ ਪ੍ਰਤੀਤ॥***

ਖਾਲਸਾ ਫੌਜ ਨੇ ਸਭ ਧਰਮਾਂ ਤੋਂ ਨਿਆਰਾ ਹੋ ਕੇ ਰਹਿਣਾ ਹੈ। ਇਹ ਕਿਸੇ ਇਕ ਵਿਸ਼ੇਸ਼ ਧਰਮ ਦੀ ਗੁਲਾਮ ਨਹੀਂ ਹੈ। ਜਿਵੇਂ ਯੂ.ਐਨ.ਓ. ਸਭ ਦਾ ਸਾਂਝੀ ਸੰਸਥਾ ਹੈ। ਸਾਰੇ ਮੁਲਕਾਂ ਵਿੱਚ ਸ਼ਾਂਤੀ ਸੈਨਾ ਭੇਜ ਸਕਦੀ ਹੈ। ਇਸੇ ਤਰ੍ਹਾਂ ਖਾਲਸਾ ਵੀ ਸਾਰੇ ਧਰਮਾਂ ਦਾ ਸਾਂਝਾ ਰਾਖਾ ਹੈ। ਇਸ ਨੇ ਵੀ ਸਭ ਧਰਮਾਂ ਦੀ ਰਾਖੀ ਕਰਨੀ ਹੈ ਕਿ ਕੋਈ ਕਿਸੇ ਤੇ ਵਧੀਕੀ ਜਾਂ ਜ਼ਿਆਦਤੀ ਨਾ ਕਰ ਸਕੇ। ਜਿਨ੍ਹਾਂ ਲੋਕਾਂ ਤੇ ਜ਼ੁਲਮ-ਅਤਿਆਚਾਰ ਹੋ ਰਿਹਾ ਹੈ। ਖਾਲਸੇ ਦਾ ਕਰਤੱਵ ਹੈ ਕਿ ਉਨ੍ਹਾਂ ਲੋਕਾਂ ਦਾ ਸਾਥ ਦੇਵੇ ਉਨ੍ਹਾਂ ਦੀ ਹਿਮਾਇਤ ਕਰੇ ਅਤੇ ਜੇ ਲੋੜ ਹੋਵੇ ਤਾਂ ਉਨ੍ਹਾਂ ਖਾਤਰ ਹੱਥ ਵਿੱਚ ਤਲਵਾਰ ਵੀ ਲੈ ਕੇ ਤੁਰੇ। ਇਸੇ ਕਰਕੇ ਹੀ ਖਾਲਸੇ ਨੂੰ ਸਭ ਧਰਮਾਂ ਤੋਂ ਨਿਆਰਾ ਰਹਿਣ ਦਾ ਉਪਦੇਸ਼ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ੧੧ ਨਵੰਬਰ ੧੬੭੫ ਨੂੰ ਲਾਸਾਨੀ ਕੁਰਬਾਨੀ ਦੇ ਕੇ ਦੁਨੀਆਂ ਦੇ ਸਾਹਮਣੇ ਸਚਿਆਰ ਮਨੁੱਖ ਦੇ ਕਰਤੱਵ ਨੂੰ ਅਮਲੀ ਰੂਪ ਦਿੱਤਾ ਅਤੇ ਉਹ ਸਮੁੱਚੀ ਦੁਨੀਆਂ ਦੇ ਧਰਮ ਦੀ ਚਾਦਰ ਹੋ ਨਿਬੜੇ। ਇਸ ਸਬੰਧੀ ਦਸਮੇਸ਼ ਪਿਤਾ ਨੇ ਇਉਂ ਫੁਰਮਾਇਆ ਹੈ -

***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ***
***ਕਿਨੋ ਬਡੋ ਕਲੂ ਮਹਿ ਸਾਕਾ॥***

ਕਿਸੇ ਵਿਸ਼ੇਸ਼ ਧਰਮ ਦਾ ਸਹਿਯੋਗੀ ਜਾਂ ਭਾਈਵਾਲ ਬਣ ਕੇ ਖਾਲਸੇ ਨੂੰ ਉਸ ਧਰਮ ਦੇ ਸ਼ਰਾਰਤੀ ਵਿਅਕਤੀਆਂ ਦੇ ਪਾਪਾਂ ਦਾ ਭਾਗੀ ਨਹੀਂ ਬਣਨਾ ਚਾਹੀਦਾ। ਉਸ ਨੂੰ ਸੱਚ, ਹੱਕ ਅਤੇ ਨਿਆਂ ਦੇ ਨਾਲ ਖੜਨਾ ਚਾਹੀਦਾ ਹੈ। ਸੱਚ-ਹੱਕ ਅਤੇ ਨਿਆਏ ਹੀ ਅਸਲ ਸ਼ੁੱਭ ਕਰਮ ਹਨ। ਉਨ੍ਹਾਂ ਖਾਤਰ ਖਾਲਸੇ ਨੇ ਜਹਾਦ ਕਰਨਾ ਹੈ, ਸੰਘਰਸ਼ ਕਰਨਾ ਹੈ ਅਤੇ ਨਿਸਚਾ ਕਰਕੇ ਜਿੱਤ ਪ੍ਰਾਪਤ ਕਰਨੀ ਹੈ। ਜੇ ਲੋੜ ਹੋਵੇ ਤਾਂ ਇਸ ਸ਼ੁੱਭ ਕਾਰਜ ਲਈ ਸ਼ਹੀਦੀ ਵੀ ਦੇ ਦੇਣੀ ਹੈ। ਗੁਰੂ ਜੀ ਨੇ ਫੁਰਮਾਇਆ ਹੈ -

***ਦੇਹਿ ਸ਼ਿਵਾ ਬਰ ਮੋਹਿ ਇਹੈ***
***ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।***
***ਨ ਡਰੋਂ ਅਰਿ ਸੋ ਜਬ ਜਾਇ ਲਰੋਂ,***
***ਨਿਸਚੈ ਕਰ ਆਪਨੀ ਜੀਤ ਕਰੋਂ।***
***ਅਰ ਸਿਖਹੋ ਆਪਨੇ ਹੀ ਮਨ ਕੋ***
***ਯਹ ਲਾਲਚ ਹਉ ਗੁਨ ਤਉ ਉਚਰੋਂ।***
***ਜਬ ਆਵ ਕੀ ਅਉਧ ਨਿਦਾਨ ਬਨੈ***

***ਅਤ ਹੀ ਰਨ ਮੈ ਤਬ ਜੂਝ ਮਰੋਂ।***

ਖਾਲਸਾ ਉਹ ਹੈ ਜਿਸਨੇ ਆਪਣਾ ਹਿਰਦਾ ਸ਼ੁੱਧ ਕਰ ਲਿਆ ਹੈ। ਜਿਸ ਨੇ ਮਨ ਦੀਆਂ ਲਾਲਸਾਵਾਂ ਅਤੇ ਤ੍ਰਿਸ਼ਨਾਵਾਂ ਉੱਤੇ ਜਿੱਤ ਪ੍ਰਾਪਤ ਕਰ ਲਈ ਹੈ। ਜਿਸ ਨੇ ਸੱਤ, ਸੰਤੋਖ ਅਤੇ ਸੰਜਮ ਨੂੰ ਜਿੰਦਗੀ ਦੇ ਅਸੂਲ ਬਣਾ ਲਿਆ ਹੈ। ਜਿਸ ਨੇ ਗੁਰ ਸ਼ਬਦ ਦੀ ਸਾਧਨਾ ਕਰਕੇ, ਸਿਮਰਨ ਕਰਕੇ ਪ੍ਰਮਾਤਮਾ ਦਾ ਨਾਮ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ। ਜਿਸ ਨੇ ਆਪਣੇ ਮਨ ਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਉੱਤੇ ਕਾਬੂ ਪਾ ਲਿਆ ਹੈ ਅਤੇ ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ। ਜਿਸ ਨੂੰ ਕਿਸੇ ਨਾਲ ਵੈਰ-ਵਿਰੋਧ ਨਹੀਂ ਹੈ। ਇਸ ਲਈ ਖਾਲਸਾ ਬਣਨ ਲਈ ਸਾਧਕ ਨੂੰ ਪਹਿਲਾਂ ਆਪਣੇ ਮਨ ਵਿੱਚ ਵਸਦੇ ਵਿਸ਼ੇ-ਵਿਕਾਰਾਂ ਨੂੰ ਜਿੱਤਣਾ ਹੁੰਦਾ ਹੈ। ਬਾਹਰਲੇ ਸੰਘਰਸ਼ ਤੋਂ ਪਹਿਲਾਂ ਆਤਮਿਕ ਸੰਘਰਸ਼ ਕਰਨਾ ਪੈਂਦਾ ਹੈ। ਅਜਿਹਾ ਸ਼ੁੱਧ ਹਿਰਦੇ ਵਾਲਾ ਵਿਅਕਤੀ ਹੀ ਗੁਰਬਾਣੀ ਅਨੁਸਾਰ ਸੂਰਬੀਰ ਮੰਨਿਆ ਗਿਆ ਹੈ। ਇਹ ਅੰਤਰਿ ਨੂੰ ਫਤਹਿ ਕਰਕੇ ਬਾਹਰੀ ਚਣੌਤੀਆਂ ਉੱਤੇ ਫਤਹਿ ਕਰਨ ਦਾ ਸਿਧਾਂਤ ਹੈ ਗੁਰਮਤਿ। ਮਨ ਦੇ ਵਿਕਾਰਾਂ ਅਤੇ ਬਾਹਰੀ ਜ਼ਬਰ-ਜ਼ੁਲਮ ਦੇ ਖਿਲਾਫ ਦੇ ਖਿਲਾਫ ਅਜਿਹੇ ਖਾਲਸੇ ਦਾ ਜਹਾਦ ਹੀ ਪ੍ਰਵਾਨ ਹੈ। ਗੁਰਬਾਣੀ ਦਾ ਫੁਰਮਾਨ ਹੈ -

***ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥***
***ਅੰਗ - ੧੦੮੯***

***ਨਾਨਕ ਸੋ ਸੂਰਾ ਵਰੀਆਮੁ***
***ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥***
***ਅੰਗ - ੮੬***

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ***
***ਸੋ ਕਹੀਅਤ ਹੈ ਸੂਰਾ ॥***
***ਆਤਮ ਜਿਣੈ ਸਗਲ ਵਸਿ ਤਾ ਕੈ***
***ਜਾ ਕਾ ਸਤਿਗੁਰੁ ਪੂਰਾ ॥ ਅੰਗ - ੬੮੦***

ਗੁਰਸਿੱਖ ਸ਼ਕਤੀ ਨੂੰ ਭਗਤੀ ਦੇ ਅਤੇ ਸ਼ਸਤਰ ਨੂੰ ਸ਼ਾਸਤਰ ਦੇ ਅਧੀਨ ਰੱਖਦਾ ਹੈ।

ਗੁਰਸਿੱਖ ਸ਼ਕਤੀ ਨੂੰ ਭਗਤੀ ਦੇ ਅਤੇ ਸ਼ਸਤਰ ਨੂੰ ਸ਼ਾਸਤਰ ਦੇ ਅਧੀਨ ਰੱਖਦਾ ਹੈ। ਉਸ ਨੇ ਦੁਨਿਆਵੀ ਸੰਘਰਸ਼ ਨੂੰ ਵੀ ਆਤਮਿਕ ਸਾਧਨਾ ਦਾ ਹੀ ਇਕ ਰੂਪ ਸਮਝਣਾ ਹੈ। ਜਿਹੜੇ ਲੋਕਾਂ ਦੇ ਸਹੀ ਅਰਥਾਂ ਵਿੱਚ ਸਿੱਖੀ ਧਾਰਨ ਨਹੀਂ ਕੀਤੀ, ਗੁਰੂ ਨੂੰ ਸੀਸ ਭੇਟ ਨਹੀਂ ਕੀਤਾ। ਜਿਨ੍ਹਾਂ ਦਾ ਉਦੇਸ਼ ਜੀਵਨ ਪਦਵੀ ਪ੍ਰਾਪਤ ਕਰਨਾ ਨਹੀਂ ਹੈ। ਉਨ੍ਹਾਂ ਲੋਕਾਂ ਦਾ ਕਿਸੇ ਦੁਨਿਆਵੀਂ ਕਾਰਨਾਂ ਜਾਂ ਹਿੱਤਾਂ ਨੂੰ ਮੁੱਖ ਰੱਖ ਕੇ ਲੜਨਾ-ਭਿੜਨਾ ਗੁਰਮਤਿ ਵਿੱਚ ਪ੍ਰਵਾਨ ਨਹੀਂ। ਅਜਿਹੇ ਲੋਕ ਅਹੰਕਾਰ ਵਿੱਚ ਅਤੇ ਕ੍ਰੋਧ ਵਿੱਚ ਆ ਕੇ ਜੂਝਦੇ ਹਨ। ਉਨ੍ਹਾਂ ਦਾ ਜੀਵਨ ਵਿਅਰਥ ਜਾਂਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ -

***ਸੂਰੇ ਏਹਿ ਨ ਆਖੀਅਹਿ***
***ਅਹੰਕਾਰਿ ਮਰਹਿ ਦੁਖੁ ਪਾਵਹਿ ॥***
***ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥***
***ਅਤਿ ਕਰੋਧ ਸਿਉ ਲੂਝਦੇ***
***ਅਗੈ ਪਿਛੈ ਦੁਖੁ ਪਾਵਹਿ ॥ ਅੰਗ - ੧੦੮੯***

ਗੁਰਬਾਣੀ ਦੇ ਸਿਧਾਂਤ ਅਨੁਸਾਰ ਗੁਰਮੁਖ ਨੇ ਜੀਵਨ ਵਿੱਚ ਦੋਹਰਾ ਸੰਘਰਸ਼ ਕਰਨਾ ਹੈ। ਉਸ ਨੇ ਸੰਸਾਰ ਵਿੱਚ ਵਿਚਰਨਾ ਵੀ ਹੈ, ਪਰ ਅੰਦਰੋਂ ਨਿਰਲੇਪ ਵੀ ਰਹਿਣਾ ਹੈ। 'ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ॥' ਉਸ ਨੇ ਸੰਸਾਰਕ ਤੌਰ ਤੇ ਜ਼ੁਲਮ ਦਾ ਵਿਰੋਧ ਵੀ ਕਰਨਾ ਹੈ। ਕਿਸੇ ਦਾ ਭੈ ਨਹੀਂ ਮੰਨਣਾ ਅਤੇ ਆਤਮਿਕ ਤੌਰ ਤੇ ਮਨ ਦੇ ਵਿਕਾਰਾਂ ਨੂੰ ਵੀ ਸਿਰ ਨਹੀਂ ਚੁੱਕਣ ਦੇਣਾ, ਉਨ੍ਹਾਂ ਨੂੰ ਵੀ ਕਾਬੂ ਵਿੱਚ ਰੱਖਣਾ ਹੈ। ਇਸ ਤਰ੍ਹਾਂ ਗੁਰਮੁੱਖ ਜਾਂ ਖਾਲਸੇ ਨੂੰ ਇੱਕੋ ਵੇਲੇ ਦੋ ਦੁਸ਼ਮਨਾਂ ਨਾਲ ਜੰਗ ਕਰਨੀ ਹੁੰਦੀ ਹੈ। ਉਹ ਇਕ ਵਾਰ ਸੰਸਾਰਕ ਵਿਰੋਧੀਆਂ ਵੱਲ ਕਰਦਾ ਹੈ, ਨਾਲੋਂ-ਨਾਲ ਦੂਜਾ ਵਾਰ ਆਤਮਿਕ ਮਾਰਗ ਦੇ ਵੈਰੀਆਂ ਤੇ ਕਰਦਾ ਹੈ। ਉਹ ਸੰਸਾਰ ਨਾਲ ਜੂਝਦਾ ਹੋਇਆ, ਆਪਣੇ ਮਨ ਨਾਲ ਵੀ ਲੂਝਦਾ ਰਹਿੰਦਾ ਹੈ। ਉਹ ਸੰਸਾਰਕ ਵਿਰੋਧੀਆਂ ਨਾਲ ਯੁੱਧ ਲੜਦਾ ਹੋਇਆ ਵੀ ਉਨਹਾਂ ਦਾ ਬੁਰਾ ਨਹੀਂ ਮੰਗਦਾ। ਉਹ ਸਭ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ -

***ਬਾਹਰਹੁ ਹਉਮੈ ਕਹੈ ਕਹਾਏ॥***
***ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ॥ ਅੰਗ - ੪੧੨***
***ਦੀਸਿ ਆਵਤ ਹੈ ਬਹੁਤੁ ਭੀਹਾਲਾ॥***
***ਸਗਲ ਚਰਨ ਕੀ ਇਹੁ ਮਨੁ ਰਾਲਾ॥***
***ਅੰਗ - ੩੮੪***

ਸਿੱਖ ਧਰਮ ਵਿੱਚ ਪ੍ਰਮਾਤਮਾ ਨੂੰ ਨਿਰਭਉ ਤੇ ਨਿਰਵੈਰ ਮੰਨਿਆ ਗਿਆ ਹੈ। ਉਹ ਸਰਬ ਸਮਰੱਥ ਹੈ। ਉਸ ਨੂੰ ਕਿਸੇ ਦਾ ਡਰ ਨਹੀਂ, ਇਸ ਲਈ ਉਹ ਨਿਰਭਉ ਹੈ। ਸਾਰੇ ਜੀਵ ਉਸ ਨੇ ਪੈਦਾ ਕੀਤੇ ਹੋਏ ਹਨ, ਸਭ ਉਸਦੀ ਅੰਸ਼ ਹਨ, ਇਸ ਲਈ ਉਸਨੂੰ ਕਿਸੇ ਨਾਲ ਵੈਰ ਨਹੀਂ, ਇਸ ਲਈ ਉਹ ਨਿਰਵੈਰ ਹੈ। ਖਾਲਸਾ ਗੁਰ ਪ੍ਰਮੇਸ਼ਰ ਦਾ ਰੂਪ ਹੈ। ਇਸ ਲਈ ਖਾਲਸਾ ਵੀ ਜਿੱਥੇ ਨਿਰਭੈ ਹੈ, ਉਥੇ ਨਿਰਵੈਰ ਵੀ ਹੈ। ਉਹ ਦੂਜੇ ਧਰਮਾਂ ਦੇ ਵਿਅਕਤੀਆਂ ਨਾਲ ਵੈਰ ਭਾਵਨਾ ਨਹੀਂ ਰੱਖਦਾ, ਕਿਸੇ ਨੂੰ ਨਫਰਤ ਨਹੀਂ ਕਰਦਾ। ਗੁਰਬਾਣੀ ਵਿੱਚ ਗੁਰਸਿੱਖਾਂ ਲਈ ਇਹ ਉਪਦੇਸ਼ ਕੀਤਾ ਗਿਆ ਹੈ-

***ਨਾ ਕੋ ਮੇਰਾ ਦੁਸਮਨੁ ਰਹਿਆ***
***ਨ ਹਮ ਕਿਸ ਕੇ ਬੈਰਾਈ ॥***
***ਬ੍ਰਹਮੁ ਪਸਾਰੁ ਪਸਾਰਿਓ ਭੀਤਰਿ***
***ਸਤਿਗੁਰ ਤੇ ਸੋਝੀ ਪਾਈ ॥ ੨ ॥***
***ਸਭੁ ਕੋ ਮੀਤੁ ਹਮ ਆਪਨ ਕੀਨਾ***
***ਹਮ ਸਭਨਾ ਕੇ ਸਾਜਨ ॥***
***ਦੂਰਿ ਪਰਾਇਓ ਮਨ ਕਾ ਬਿਰਹਾ***
***ਤਾ ਮੇਲੁ ਕੀਓ ਮੇਰੈ ਰਾਜਨ ॥ ਅੰਗ - ੬੭੧***
***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥***

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਖਾਲਸਾ ਜੰਗ ਵੀ ਕਰਦਾ ਹੈ ਤਾਂ ਦਵੈਤ ਭਾਵਨਾ ਨਾਲ ਨਹੀਂ, ਸਗੋਂ ਕਿਸੇ ਦੀ ਰੱਖਿਆ ਲਈ ਅਤੇ ਮਨੁੱਖਤਾ ਦੀ ਭਲਾਈ ਲਈ ਜੰਗ ਕਰਦਾ ਹੈ। ਇਸ ਲਈ ਖਾਲਸੇ ਅਤੇ ਤੁਅੱਸਬ, ਫਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਵਿਅਕਤੀਆਂ ਵਿੱਚ ਦਿਨ-ਰਾਤ ਦਾ ਫਰਕ ਹੈ। ਤੁਅਸੱਬੀ ਵਿਅਕਤੀ ਮਨ ਵਿੱਚ ਸੜਦੇ-ਬਲਦੇ ਰਹਿੰਦੇ ਹਨ। ਉਨ੍ਹਾਂ ਨੂੰ ਦੂਜੇ ਧਰਮ ਵਿੱਚ ਕੋਈ ਗੁਣ ਨਹੀਂ ਨਜ਼ਰ ਆਉਂਦਾ। ਉਨ੍ਹਾਂ ਅੰਦਰੋਂ ਮਨੁੱਖਤਾ ਦੀ ਸਾਂਝ ਵੀ ਖਤਮ ਹੋ ਜਾਂਦੀ ਹੈ। ਉਨ੍ਹਾਂ ਨੂੰ ਅੰਦਰ ਵਹਿਸ਼ੀਪੁਣਾ ਜਾਗ ਉਠਦਾ ਹੈ। ਅਗਿਆਨਤਾ ਵਿੱਚ ਅੰਨ੍ਹੇ ਹੋ ਕੇ ਉਹ ਮਨੁੱਖ ਜਾਤ ਦਾ ਖ਼ੂਨ ਵਹਾਉਂਦੇ ਹਨ। ਇਸ ਤਰ੍ਹਾਂ ਦੇ ਮਹਾਂ-ਪਾਪ ਕਰਦੇ-ਕਰਦੇ ਉਹ ਨਰਕਾਂ ਦੀ ਅੱਗ ਵਿੱਚ ਸੜਦੇ ਹਨ। ਉਨ੍ਹਾਂ ਨੇ ਸੰਘਰਸ਼ ਅਤੇ ਲੜ-ਮਰਨ ਤੋਂ ਕਿਸੇ ਦਾ ਭਲਾ ਨਹੀਂ ਹੁੰਦਾ। ਉਹ ਦੂਜਿਆਂ ਨੂੰ ਵੀ ਦੁੱਖ ਦਿੰਦੇ ਹਨ ਅਤੇ ਆਪ ਵੀ ਅਗਿਆਨਤਾ ਕਾਰਨ ਦੁੱਖ ਭੋਗਦੇ ਹਨ। ਉਨ੍ਹਾਂ ਦਾ ਮਨ ਪਹਿਲਾਂ ਫਿਰਕਾਪ੍ਰਸਤੀ, ਈਰਖਾ ਅਤੇ ਦਵੈਸ਼ ਵਿੱਚ ਸੜਦਾ ਹੈ। ਫਿਰ ਉਹ ਕ੍ਰੋਧ ਵਿੱਚ ਆ ਕੇ ਪਾਪ ਕਰਦੇ ਹਨ। ਉਨ੍ਹਾਂ ਦੇ ਮਨ ਦਾ ਚੈਨ ਖਤਮ ਹੋ ਜਾਂਦਾ ਹੈ। ਫਿਰ ਉਹ ਪਾਪ ਦਾ ਫਲ ਭੋਗਦੇ ਹਨ ਅੰਤ ਦੁੱਖ ਹੀ ਦੁੱਖ ਪਾਉਂਦੇ ਹਨ। ਉਹ ਨਾ ਆਪਣਾ ਜੀਵਨ ਸੰਵਾਰ ਸਕਦੇ ਹਨ ਅਤੇ ਨਾ ਹੀ ਸੰਸਾਰ ਦਾ ਭਲਾ ਕਰ ਸਕਦੇ ਹਨ। ਗੁਰਬਾਣੀ ਦਾ ਮਹਾਂਵਾਕ ਹੈ -

***ਜਗਤੁ ਅਗਿਆਨੀ ਅੰਧੁ ਹੈ***
***ਦੂਜੈ ਭਾਇ ਕਰਮ ਕਮਾਇ ॥***
***ਦੂਜੈ ਭਾਇ ਜੇਤੇ ਕਰਮ ਕਰੇ***
***ਦੁਖੁ ਲਗੈ ਤਨਿ ਧਾਇ ॥ ਅੰਗ - ੫੯੩***
***ਪਾਪੁ ਬੁਰਾ ਪਾਪੀ ਕਉ ਪਿਆਰਾ ॥***
***ਪਾਪਿ ਲਦੇ ਪਾਪੇ ਪਾਸਾਰਾ ॥ ਅੰਗ - ੯੩੫***

ਗੁਰਮਤਿ ਦਾ ਸੰਘਰਸ਼ ਸੰਸਾਰਕ ਜਦੋ-ਜਹਿਦ ਨਾਲੋਂ ਜਾਂ ਹੋਰ ਧਰਮਾਂ ਦੇ ਜਹਾਦ ਨਾਲੋਂ ਬਿਲਕੁਲ ਵੱਖਰਾ ਮਾਰਗ ਹੈ। ਇਹ ਕਠਨ ਤਪੱਸਿਆ ਹੈ ਅਤੇ ਇੱਕ ਅਨੋਖੀ ਸਾਧਨਾ ਹੈ। ਇਸ ਵਿੱਚ ਕੋਈ ਵਿਰਲਾ ਹੀ ਸਫਲ ਹੁੰਦਾ ਹੈ। ਬਾਬਾ ਦੀਪ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਬਹਾਦਾਰ ਜਿਹੜੇ ਯੁੱਧ ਕਰਦੇ ਹੋਏ ਵੀ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਹਨ। ਉਹ ਜ਼ਾਲਮਾਂ ਦੇ ਖਿਲਾਫ ਤਾਂ ਖੰਡੇ ਦੀ ਧਾਰ ਬਣ ਕੇ ਸਾਮ੍ਹਣਾ ਕਰਦੇ ਸਨ, ਪਰ ਆਮ ਜਨਤਾ ਲਈ, ਮਨੁੱਖਤਾ ਲਈ ਪ੍ਰੇਮ ਅਤੇ ਆਤਮਿਕ ਗਿਆਨ ਦਾ ਖਜ਼ਾਨਾ ਸਨ। ਗੁਰਸਿੱਖੀ ਦੇ ਮਾਰਗ ਤੇ ਸਫਲਤਾ ਪੂਰਵਕ ਚਲਦੇ ਹੋਏ ਸੰਘਰਸ਼ ਕਰਨ ਵਾਲੇ ਯੋਧਿਆਂ ਨੂੰ ਧੰਨ ਕਿਹਾ ਗਿਆ ਹੈ।

***ਧੰਨ ਜੀਉ ਤਿਹ ਕੋ ਜਗੁ ਮਹਿ***
***ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ।***
***ਦੇਹ ਅਨਿਤ ਨ ਨਿਤ ਰਹੈ***
***ਜਸ ਨਾਵ ਚੜੈ ਭਵ ਸਾਗਰ ਤਾਰੈ।***
***ਧੀਰਜ ਧਾਮ ਬਨਾਇ ਇਹੈ ਤਨ***
***ਬੁੱਖ ਸੁ ਦੀਪਕ ਜਯੋ ਉਜਿਆਰੈ।***
***ਗਿਆਨਹਿ ਕੀ ਬਢਨੀ ਮਨਹੁ ਹਾਥ***
***ਲੈ ਕਾਤਰਤਾ ਕੁਤਵਾਰ ਬੁਹਾਰੈ।***

ਇਹੋ ਹੀ ਭਗਤੀ-ਸ਼ਕਤੀ, ਸੰਤ-ਸਿਪਾਹੀ, ਗ੍ਰਹਿਸਥੀ-ਤਿਆਗੀ, ਦਾਤਾ-ਭੁਗਤਾ, ਮੀਰੀ-ਪੀਰੀ ਅਤੇ ਸੂਰਮੇ-ਸੇਵਾਦਾਰ ਦਾ ਸਿੱਖੀ ਸਿਧਾਂਤ ਹੈ। ਇਹੋ ਸੰਪੂਰਨ ਕ੍ਰਾਂਤੀ ਦਾ ਸਿਧਾਂਤ ਹੈ। ਇਹੋ ਸੰਪੂਰਨ ਮਨੁੱਖੀ ਉਸਾਰੀ ਦਾ ਸਿਧਾਂਤ ਹੈ। ਇਹੋ ਹੀ ਨਿਮਰਤਾ ਅਤੇ ਦ੍ਰਿੜ੍ਹਤਾ ਦਾ ਸਿਧਾਂਤ ਹੈ। ਇਹੋ ਸਹਿਜ ਮਾਰਗ ਹੈ। ਇਹੋ ਅਸਲ ਧਰਮ ਹੈ। ਇਹੋ ਮਨ ਨਾ ਡਰੈ ਤਨ ਕਾਹੇ ਕੋ ਡਰਾਏ ਦਾ ਸਿਧਾਂਤ ਹੈ। ਇਹ ਗੁਰਮਤਿ ਫਲਸਫਾ, ਗੁਰਮਤਿ ਸਿਧਾਂਤ, ਗੁਰਮਤਿ ਮਾਰਗ ਅਤੇ ਗੁਰਮਤੀ ਜੀਵਨ-ਜੁਗਤਿ ਦੁਨੀਆਂ ਵਿਚ ਸਭ ਤੋਂ ਨਿਵੇਕਲਾ, ਨਿਆਰਾ ਅਤੇ ਅਦੁੱਤੀ ਹੈ। ਇਸੇ ਫਲਸਫੇ, ਸਿਧਾਂਤ ਅਤੇ ਜੀਵਨ-ਜੁਗਤ ਨੇ ਸੰਸਾਰ ਨੂੰ ਅਸਚਰਜ ਕਰ ਦੇਣ ਵਾਲਾ ਅਸੰਭਵ ਨੂੰ ਸੰਭਵ ਕਰ ਵਿਖਾਉਣ ਵਾਲਾ, ਅਲੌਕਿਕ, ਅਜ਼ੀਮ ਅਤੇ ਸ਼ਾਨਾਂਮੱਤਾ ਇਤਿਹਾਸ ਸਿਰਜਿਆ ਹੈ। ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਧਰੇ ਵੀ ਨਹੀਂ ਮਿਲਦੀ। ਇਸ ਕ੍ਰਾਂਤੀਕਾਰੀ ਫਲਸਫੇ-ਸਿਧਾਂਤ ਨੂੰ ਘੜਨ, ਸੁਆਰਨ ਅਤੇ ਅਮਲੀ ਸ਼ਕਲ ਦੇਣ ਲਈ ਗੁਰੂ ਸਾਹਿਬਾਨ ਨੂੰ ਲੰਮੇ ਸੰਘਰਸ਼ ਅਤੇ ਘਾਲਣਾ ਵਿਚੋਂ ਗੁਜ਼ਰਨਾ ਪਿਆ ਹੈ। ਤੱਤੀਆਂ ਤਵੀਆਂ ਉੱਤੇ ਬੈਠਣਾ ਪਿਆ। ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸੀਸ ਭੇਟ ਕਰਨਾ ਪਿਆ, ਸਰਬੰਸ ਹੀ ਕੁਰਬਾਨ ਕਰਨਾ ਪਿਆ। ਸਰਹਿੰਦ ਅਤੇ ਚਮਕੀਰ ਦੇ ਸਾਕੇ ਵਰਤਾਉਣੇ ਪਏ। ਗੁਰਸਿੱਖਾਂ ਨੂੰ ਚਰਖੜੀਆਂ ਉੱਤੇ ਚੜ੍ਹਨਾ ਪਿਆ। ਬੰਦ-ਬੰਦ ਕਟਵਾਣੇ ਪਏ। ਆਰਿਆਂ ਅਤੇ ਰੇਲਾਂ ਹੇਠ ਸੀਸ ਦੇਣੇ ਪਏ। ਉਬਲਦੀਆਂ ਦੇਗਾਂ ਵਿੱਚ ਸ਼ਾਂਤ ਚਿੱਤ ਹੋ ਕੇ ਸ਼ਹੀਦੀ ਪਾਉਣੀ ਪਈ। ਪੁੱਠੀਆਂ ਖੱਲਾਂ ਅਤੇ ਖੋਪਰ ਲੁਹਾਉਣੇ ਪਏ। ਇਹ ਅੰਦਰਲੇ ਅਤੇ ਬਾਹਰੀ ਸੰਘਰਸ਼ ਵਿੱਚ ਫਤਹਿ ਪ੍ਰਾਪਤ ਕਰਨ ਦੀ ਅਦੁੱਤੀ, ਅਜ਼ੀਮ ਅਤੇ ਨਿਵੇਕਲੀ ਕਹਾਣੀ ਹੈ। ਇਹੋ ਹੀ ਸਹਿਜ ਅਵਸਥਾ ਹੈ। ਇਹੋ ਹੀ ਸੱਚ, ਧਰਮ ਅਤੇ ਨਿਆਏ ਵਿੱਚ ਦ੍ਰਿੜ੍ਹ ਵਿਸ਼ਵਾਸ਼ੀ ਹੋਣ ਦੀ ਗਾਥਾ ਹੈ। ਇਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹਾਨ ਉਪਦੇਸ਼ ਹੈ, ਜੋ ਬਾਕੀ ਸਾਰੇ ਧਾਰਮਿਕ ਗ੍ਰੰਥਾਂ ਤੋਂ ਨਿਆਰਾ, ਨਿਵੇਕਲਾ ਅਤੇ ਅੱਡਰਾ ਹੈ। ਇਹ ਪ੍ਰੇਮ ਅਤੇ ਸੰਘਰਸ਼ ਦਾ ਫਲਸਫਾ ਹੈ। ਇਹ ਮਾਇਆ ਵਿਚ ਵਿਚਰਦਿਆਂ ਹੋਇਆਂ ਨਿਰਲੇਪਤਾ ਦਾ ਲਾਮਿਸਾਲ ਸਿਧਾਂਤ ਹੈ। ਇਹ ਬਾਹਰੀ ਤੌਰ ਉੱਤੇ ਸਾਬਤ ਸੂਰਤ ਅਤੇ ਅੰਦਰੋਂ ਸਾਬਤ ਸੁਰਤ ਦਾ ਸਿਧਾਂਤ ਹੈ। ਇਹ ਅੰਦਰੂਨੀ ਅਤੇ ਬਾਹਿਰੂਨੀ ਅਤਿਆਚਾਰ ਉੱਤੇ ਸਭਿਆਚਾਰ ਦੀ ਫਤਹਿ ਦੀ ਪ੍ਰਾਪਤੀ ਦਾ ਸਿਧਾਂਤ ਹੈ। ਇਹ ਅਦ੍ਰਿਸਟ ਤੋਂ ਹੁੰਦਿਆਂ ਹੋਇਆਂ ਦ੍ਰਿਸ਼ਟ ਪਹੁੰਚਣ ਦਾ ਸਿਧਾਂਤ ਹੈ। ਇਹ ਅਧੂਰੇ ਤੋਂ ਸੰਪੂਰਨ ਹੋਣ ਦਾ ਸਿਧਾਂਤ ਹੈ।

ਪ੍ਰਸਿੱਧ ਵਿਦਵਾਨ ਡਾ. ਰੋਸ਼ਨ ਲਾਲ ਅਹੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਮਾ ਇਉਂ ਕਰਦੇ ਹਨ -

"ਸਾਂਝੀਵਾਲਤਾ ਅਤੇ ਸਮਾਜਵਾਦ ਦਾ ਬੀਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਫੁੱਟਦਾ ਪ੍ਰਤੱਖ ਨਜ਼ਰ ਆਉਂਦਾ ਹੈ। ਧਰਮ, ਰਾਸ਼ਟਰ, ਸਦਾਚਾਰ ਅਤੇ ਮਾਨਵਤਾ ਦੇ ਧਰੋਹੀਆਂ ਨੂੰ ਧਰੋਹੀ ਆਖਣ ਦੀ ਇਸ ਵਿਚ ਜੁਰਅੱਤ, ਵੰਗਾਰ ਅਤੇ ਨਿਡਰਤਾ ਹੈ-

***ਪਾਪ ਕੀ ਜੰਞ ਲੈ ਕਾਬਲਹੁ ਧਾਇਆ***
***ਜੋਰੀ ਮੰਗੈ ਦਾਨੁ ਵੇ ਲਾਲੋ॥ ਅੰਗ - ੭੨੨***

ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੇ ਸੀਤਲ ਅਤੇ ਮਿੱਠੇ ਜਲ ਦਾ ਚਸ਼ਮਾ ਹਨ ਜੋ ਨਿਰੰਤਰ ਵਗਦਾ ਰਹਿੰਦਾ ਹੈ। ਇਸ ਜਲ ਦੇ ਸੇਵਨ ਨਾਲ ਹਜ਼ਾਰਾਂ ਦੁੱਖੀ ਰੂਹਾਂ ਨੂੰ ਸ਼ਾਂਤੀ ਅਤੇ ਸਕੂਨ ਮਿਲਦਾ ਰਹਿੰਦਾ ਹੈ - ਅਜਿਹੇ ਅਦੁੱਤੀ, ਸ੍ਰੇਸ਼ਠ ਅਤੇ ਮਹਾਨ ਗ੍ਰੰਥ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਸਭਿਆਚਾਰਕ, ਸਾਹਿਤਕ ਓਤੇ ਭਾਈਚਾਰਕ ਧਰਮ ਹੈ। ਇਸ ਪ੍ਰਤੀ ਬੇਮੁੱਖ ਹੋਣਾ ਭਾਰਤੀ ਸੰਸਕ੍ਰਿਤੀ ਨਾਲ ਧਰੋਹ ਕਮਾਉਣਾ ਹੈ। ਇਹ ਉੱਜੜਪੁਣਾ ਅਤੇ ਮੂਰਖਤਾ ਹੈ।"

ਸੱਚਮੁੱਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਅਜ਼ਬ ਅਤੇ ਅਦੁੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਕਾਦਰ ਦਾ ਪਵਿੱਤਰ ਪੈਗਾਮੇ ਇਲਾਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਧੁਰ ਕੀ ਬਾਣੀ ਦਾ ਅਦੁੱਤੀ ਭੰਡਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਸਮੇਂ ਦੇ ਮਨੁੱਖੀ ਕਾਰਜਾਂ ਦੀ ਸਰਬਪੱਖੀ ਅਗਵਾਈ ਕਰਨ ਵਾਲਾ ਗਿਆਨ ਰੂਪੀ ਚਾਨਣ ਮੁਨਾਰਾ ਹੈ। ਇਹ ਕਾਇਨਾਂਤੇ ਕੁਦਰਤ ਦੀਆ ਅਨੰਤ ਸੰਗੀਤਕ ਧੁਨੀਆਂ ਦੇ ਸੁਮੇਲ ਦਾ ਰਾਗਮਈ ਰੂਹਾਨੀ ਗੀਤ ਹੈ। ਇਹ ਗਿਆਨ ਅਤੇ ਵਿਗਿਆਨ ਦਾ ਅਮੁੱਕ ਭੰਡਾਰ ਹੈ। ਇਹ ਮੁਕੰਮਲ ਕ੍ਰਾਂਤੀ ਦੀ ਇਨਕਲਾਬੀ ਵਿਚਾਰਧਾਰਾ ਦਾ ਸਦਾ ਵਹਿੰਦਾ ਦਰਿਆਓ ਹੈ। ਇਹ ਰੱਬੀ ਪ੍ਰੇਮ-ਪਿਆਰ ਦਾ ਸਦੀਵਕਾਲੀ ਨਿਰਮਲ ਚਸ਼ਮਾ ਹੈ। ਇਹ ਸਰਬ ਕਲਿਆਣਕਾਰੀ ਅਤੇ ਸਰਬੱਤ ਦੇ ਭਲੇ ਦਾ ਉੱਤਮ ਉਪਦੇਸ਼ ਹੈ। ਇਹ ਚਿੜੀਆਂ ਤੋਂ ਬਾਜ਼ ਤੁੜਵਾਉਣ ਅਤੇ ਸਿਆਚਾਰ ਦੀ ਅਤਿਆਚਾਰ ਉੱਤੇ ਜਿੱਤ ਪ੍ਰਾਪਤ ਕਰਨ ਦਾ ਮਜ਼ਬੂਤ ਅਤੇ ਅੰਮ੍ਰਿਤਮਈ ਕਲਾਮ ਹੈ। ਇਹ ਸੰਪੂਰਨ ਕ੍ਰਾਂਤੀ ਦਾ ਮੁਕੰਮਲ ਇਨਕਲਾਬੀ ਫਲਸਫਾ ਹੈ। ਇਹ ਜਗਤ ਜਲੰਦੇ ਨੂੰ ਠਾਰਨ ਅਤੇ ਤਾਰਨ ਵਾਲਾ ਰਹਿਮਤਾਂ, ਬਰਕਤਾਂ, ਮੇਹਰਾਂ, ਸਤਿ, ਸੰਤੋਖ, ਭੈ ਅਤੇ ਭਾਉ ਦਾ ਸਦੀਵਕਾਲੀ ਕਾਰਜਸ਼ੀਲ ਅਜ਼ੀਮ ਸਾਗਰ ਹੈ। ਇਹ ਸਮੁੱਚੀ ਲੁਕਾਈ ਦੇ ਉਧਾਰ ਲਈ ਮੁਕੰਮਲ ਅਤੇ ਵਿਲੱਖਣ ਜੀਵਨ-ਜੁਗਤਿ ਤਥਾ ਗੁਰਮਤਿ ਸਭਿਆਚਾਰ ਦਾ ਸਰੋਤ ਹੈ। ਇਹ ਤ੍ਰੈਕਾਲੀ ਅਤੇ ਤ੍ਰਲੋਕੀ ਬਾਰੇ ਗਿਆਨ ਦਾ ਅਸੀਮ ਸੋਮਾਂ ਅਤੇ ਜੀਵਤ-ਮੁਕਤਿ ਦੇ ਸਿਧਾਂਤ ਦਾ ਅਦੁੱਤੀ ਪੈਗਾਮ ਹੈ। ਇਹ ਸਹਿਹੋਂਦ, ਸਹਿਨਸ਼ੀਲਤਾ, ਸਾਂਝੀਵਾਲਤਾ ਅਤੇ ਅਨੋਖੇ ਸਦਾਚਾਰ ਦੀ ਵਿਚਾਰਧਾਰਾ ਦਾ ਸਦਾ ਬਹਾਰ ਵਹਿਣ ਵਾਲਾ ਰੰਗੀਨ ਆਬਸਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤਿ-ਜੋਤ ਸ਼ਬਦ ਰੂਪ ਗੁਰੂ ਹੈ ਅਤੇ ਅੰਮ੍ਰਿਤਮਈ ਬਾਣੀ ਦਾ ਵਿਲੱਖਣ ਅਤੇ ਅਮੁੱਕ ਭੰਡਾਰ ਹੈ।

ਮੈਦਾਨੇ ਜੰਗ ਵਿੱਚ ਤਥਾ ਭੀਹਾਵਲੇ ਸਮੇਂ ਵੀ ਗੁਰੂ ਦਾ ਸਿੱਖ ਅਡੋਲ, ਅਹਿਲ ਅਤੇ ਅਡਿੱਗ ਰਹਿੰਦਾ ਹੈ। ਸਹਿਜ ਅਵਸਥਾ ਵਿੱਚ ਵਿਚਰਦਾ ਹੈ। ਬਾਹਰੀ ਸੰਘਰਸ਼ ਵਿੱਚ ਜੂਝਦਿਆਂ ਹੋਇਆਂ ਵੀ ਉਹ ਆਤਮਿਕ ਮੰਡਲ ਵਿੱਚ ਪ੍ਰਮਾਤਮਾ ਨਾਲ ਓਤ-ਪੋਤ ਰਹਿੰਦਾ ਹੈ। ਇਸਦੀ ਪ੍ਰਤੱਖ ਮਿਸਾਲ ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਸਨ ਜਦੋਂ ਅਨੰਦਗੜ੍ਹ ਦਾ ਕਿਲਾ ਛੱਡਣ ਉਪਰੰਤ ਮੁਗਲਾਂ ਅਤੇ ਬਾਈ ਧਾਰ ਦੇ ਹਿੰਦੂ ਰਾਜਿਆਂ ਨੇ ਸਾਰੀਆਂ ਕਸਮਾਂ ਸਹੁੰਆਂ-ਸੰਗੁਧਾਂ ਤੋੜ ਕੇ ਗੁਰੂ ਜੀ ਦੇ ਕਾਫਲੇ ਉੱਤੇ ਭਿਆਨਕ ਹਮਲਾ ਕਰ ਦਿੱਤਾ। ਉਧਰ ਸਰਸਾ ਨਦੀ ਵੀ ਆਪਣੇ ਪੂਰੇ ਜਾਹੋ-ਜਲਾਲ ਨਾਲ ਵਹਿ ਰਹੀ ਸੀ। ਭਿਆਨਕ ਹਮਲਾ ਅਤੇ ਸਰਸਾ ਨਦੀ ਵਿੱਚ ਹੜ੍ਹ ਅਤੇ ਗੁਰੂ ਕਿਆਂ ਅਤੇ ਵਿਰੋਧੀਆਂ ਵਿਚਕਾਰ ਖੂਨ ਡੋਲਵੀਂ ਲੜਾਈ ਹੋ ਰਹੀ ਹੈ ਪ੍ਰੰਤੂ ਸਰਸਾ ਨਦੀ ਦੇ ਕਿਨਾਰੇ ਦਸ਼ਮੇਸ਼ ਪਿਤਾ ਨੇ ਦੁਸ਼ਮਨ ਦੀਆਂ ਫੌਜਾਂ ਦੀ ਪ੍ਰਵਾਹ ਨਾ ਕਰਦੇ ਹੋਏ, ਆਸਾ ਜੀ ਵਾਰ ਦਾ ਕੀਰਤਨ ਕੀਤਾ। ਇਹ ਉਨ੍ਹਾਂ ਦੇ ਸਹਿਜ ਭਾਵ, ਰੱਬੀ ਗਿਆਨ ਅਤੇ ਆਤਮਿਕ ਉੱਚਤਾ ਦੀ ਦੁਰਲੱਭ ਮਿਸਾਲ ਹੈ। ਜੰਗਾਂ-ਯੁੱਧਾਂ ਦੀ ਮਾਰ-ਕੁੱਟ, ਨੱਠ-ਭੱਜ ਦੇ ਦਰਮਿਆਨ ਗੁਰੂ ਸਾਹਿਬ ਦਾ ਹਿਰਦਾ ਬਰਫਾਂ ਲੱਦੇ ਪਹਾੜ ਵਾਂਗ ਅਚਲ, ਅਡੋਲ ਅਤੇ ਸ਼ਾਂਤ ਸੀ। ਉਨ੍ਹਾਂ ਦੇ ਸਿੱਖਾਂ ਵਿੱਚ ਇਕ ਭਾਈ ਘਨਈਆਂ ਸੀ। ਉਹ ਯੁੱਧ ਵਿੱਚ ਜ਼ਖਮੀਆਂ ਨੂੰ ਪਾਣੀ ਪਿਲਾਉਂਦਾ ਸੀ। ਪਾਣੀ ਪਿਲਾਉਣ ਵੇਲੇ ਉਹ ਆਪਣੇ-ਪਰਾਏ ਦੀ ਪਰਖ ਨਹੀਂ ਸੀ ਕਰਦਾ। ਆਪਣੇ ਭਰਾਵਾਂ ਵਾਂਗ ਹੀ ਜ਼ਖਮੀ ਦੁਸ਼ਮਨਾਂ ਨੂੰ ਵੀ ਪਾਣੀ ਪਿਲਾ ਦਿੰਦਾ ਸੀ। ਉਹ ਸਿੱਖ ਸਿਧਾਂਤ ਦੀ ਪ੍ਰਤੱਖ ਮੂਰਤ ਸੀ। ਜਿਸਨੂੰ ਗੁਰਮਤਿ ਅਨੁਸਾਰ ਸਭ ਅੰਦਰ ਇੱਕੋ ਨੂਰ ਝਲਕਦਾ ਦਿਸਿਆ। ਗੁਰੂ ਗੋਬਿੰਦ ਸਿੰਘ ਜੀ ਉਸ ਦੇ ਇਸ ਕਾਰਜ ਤੇ ਬਹੁਤ ਪ੍ਰਸੰਨ ਹੋਏ ਸਨ।

ਇਸ ਲਈ ਖਾਲਸੇ ਦੇ ਜੰਗਾਂ-ਯੁੱਧਾਂ ਨੂੰ ਇਕ ਅਧਿਆਤਮਕ ਦਰਸ਼ਨ ਦੇ ਰੂਪ ਵਿੱਚ ਸਮਝਣ ਦੀ ਲੋੜ ਹੈ। ਉਹ ਸਿਰਫ ਰਾਜ ਪ੍ਰਾਪਤੀ ਦੇ ਜਾਂ ਧਰਮ ਪ੍ਰਚਾਰ ਦੇ ਯਤਨ ਨਹੀਂ ਸਨ। ਉਨ੍ਹਾਂ ਨੇ ਮਨੁੱਖਤਾ ਦੀ ਭਲਾਈ ਕੀਤੀ ਹੈ ਅਤੇ ਸੁੱਖ ਵਰਤਾਇਆ ਹੈ। ਮਨੁੱਖੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਹੈ ਅਤੇ ਗਿਆਨ ਦਾ ਚਾਨਣ ਵੰਡਿਆਂ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਮਨੁੱਖੀ ਉਸਾਰੀ ਦਾ ਸਿਧਾਂਤ ਹੈ। ਗੁਰਮਤਿ ਮਨੁੱਖ ਨੂੰ ਮਨ ਦੇ ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕਰਨ ਅਤੇ ਦੁਨਿਆਵੀ ਚਣੌਤੀਆਂ ਦਾ ਸਾਰਥਕ ਰੂਪ ਵਿੱਚ ਮੁਕਾਬਲਾ ਕਰਨ ਅਤੇ 'ਨਿਸਚੈ ਕਰ ਆਪਣੀ ਜੀਤ ਕਰੋ॥' ਦਾ ਉਪਦੇਸ਼ ਹੈ। ਜੋ ਦੁਰਲੱਭ ਹੈ। ਵਿਸ਼ੇਸ਼ ਹੈ। ਅਦੁੱਤੀ ਹੈ। ਨਿਵੇਕਲਾ ਹੈ। ਅਜ਼ੀਮ ਹੈ। ਆਓ! ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਰੋਸ਼ਨੀ ਲੈ ਕੇ ਆਪਣੇ ਜੀਵਨ ਸਫਲ ਕਰੀਏ ਅਤੇ ਜਗਲ ਜਲੰਦੇ ਵਿੱਚ ਠੰਡ ਵਰਤਾਕੇ, ਸਹਿਹੋਂਦ, ਸਹਿਨਸ਼ੀਲਤਾ ਅਤੇ ਸਾਂਝੀਵਾਲਤਾ ਦਾ ਬੋਲਬਾਲਾ ਕਰਕੇ ਧਰਤੀ ਉੱਤੇ ਹਲੇਮੀ ਰਾਜ ਦੀ ਸਥਾਪਤੀ ਲਈ ਯਤਨਸ਼ੀਲ ਹੋਈਏ। ਇਹੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਉਪਦੇਸ਼ ਦਾ ਮਨੋਰਥ ਹੈ। ਨਿਸ਼ਾਨਾ ਹੈ।

# ਮਾਰਗ ਚੋਣ
# (Choosing A Path)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅੰਦਰ ਦੇ ਕਰਮ

ਮਨੁੱਖ ਇੱਕ ਗੁੰਝਲਦਾਰ ਫੈਕਟਰੀ ਦੀ ਤਰ੍ਹਾਂ ਹੈ ਮਨ ਦੀ ਹਰ ਇੱਕ ਯੋਗਤਾ ਦਾ, ਸ਼ਕਤੀ ਦਾ ਇਕ ਵਿਸ਼ੇਸ਼ ਕੰਮ ਹੈ, ਕਾਰਜ ਹੈ। ਮਨ ਦਾ ਚਾਰ ਮੁੱਖ ਕਾਰਜ ਹਨ, ਮਨ, ਬੁੱਧੀ ਚਿੱਤ ਅਤੇ ਅਹੰਕਾਰ।

ਮਨ ਦਾ ਦੋਹਰਾ ਕਾਰਜ ਹੈ, ਮਨ ਅੰਦਰ ਵੀ ਕਾਰਜ ਕਰਦਾ ਹੈ, ਬਾਹਰ ਵੀ। ਮਨ ਇੱਕ ਉਸ ਪ੍ਰਤਿਨਿਧੀ ਦੀ ਤਰ੍ਹਾਂ ਹੈ ਜਿਹੜਾ ਬਾਹਰ ਵੀ ਸਮਾਨ ਭੇਜਦਾ ਹੈ, ਅੰਦਰ ਵੀ ਸਾਮਾਨ ਲੈ ਕੇ ਆਉਂਦਾ ਹੈ, ਜਿਸ ਤਰ੍ਹਾਂ ਦੀ ਫੈਕਟਰੀ ਦੀ ਜ਼ਰੂਰਤ ਹੋਵੇ ਉਸੇ ਤਰ੍ਹਾਂ ਉਹ ਕਾਰਜ ਕਰਦਾ ਹੈ। ਮਨ ਦੀ ਜ਼ਿੰਮੇਵਾਰੀ ਹੈ, ਅੰਕੜੇ (data) ਇਕੱਠਾ ਕਰਨਾ ਫੇਰ ਉਸ ਨੂੰ ਭਾਵਨਾਵਾਂ ਰਾਹੀਂ ਵਿਚਾਰਾਂ ਰਾਹੀ ਪ੍ਰਗਟ ਕਰਨਾ। ਇਹ ਯੋਗਤਾ ਬਹੁਤ ਹੀ ਉਤਮ ਭੂਮਿਕਾ ਨਿਭਾਉਂਦੀ ਹੈ, ਇਸ ਕਰਕੇ ਇਸ ਨੂੰ ਬਹੁਤ ਹੀ ਧਿਆਨ ਨਾਲ ਸੋਧਣ ਦੀ ਲੋੜ ਹੈ। ਮਨੁੱਖ ਦੀ ਇਹ ਯੋਗਤਾ ਹੀ ਅੰਦਰ ਦੇ ਸੰਵੇਗ ਭਾਵਨਾ ਤੇ ਵਿਚਾਰ ਪ੍ਰਗਟ ਕਰਦੀ ਹੈ, ਇਸ ਦੇ ਪੰਜ ਸਾਥੀ ਵੀ ਹਨ ਜਿਨ੍ਹਾਂ ਨੂੰ ਅਸੀਂ ਸੂਖਮ ਗਿਆਨ ਇੰਦ੍ਰੀਆਂ ਕਹਿੰਦੇ ਹਾਂ (ਦੇਖਣਾ, ਸੁੰਘਣਾ, ਸੁਆਦ, ਸੁਣਨਾ, ਹੱਥ ਲਗਾਣਾ) ਇਨ੍ਹਾਂ ਦੀਆਂ ਗਿਆਨ ਇੰਦ੍ਰੀਆਂ ਹਨ (ਮੂੰਹ, ਹੱਥ ਪੈਰ, ਮਨਮੂਤਰ ਦੇ ਅੰਗ) ਵਾਸਤਵ ਵਿੱਚ ਮਨ ਹੀ ਇਨ੍ਹਾਂ ਇੰਦ੍ਰੀਆਂ ਦਾ ਮਾਰਗ ਦਰਸ਼ਨ ਕਰਦਾ ਹੈ। ਇਨ੍ਹਾਂ ਇੰਦ੍ਰੀਆਂ ਦਾ ਕਾਰਜ ਮਨ ਅਨੁਸਾਰ ਹੀ ਹੁੰਦਾ ਹੈ।

**ਮਨ ਦੀ ਹੋਰ ਸ਼ਕਤੀ ਹੈ ਬੁੱਧੀ – ਸ਼ੁੱਧ ਬੁੱਧੀ ਸਮਝ, ਸਿਆਣਪ, ਇਹ ਸ਼ਕਤੀ ਸਾਡੇ ਅੰਦਰ ਦੀ ਫੈਕਟਰੀ ਵਿੱਚ ਸਲਾਹਕਾਰ ਦੀ ਤਰ੍ਹਾਂ ਹੈ, ਜਿਹੜਾ ਮਨ ਨੂੰ ਆਦੇਸ਼ ਦਿੰਦਾ ਹੈ, ਤਾਂ ਜੋ ਉਹ ਆਪਣੀ ਥੱਲੇ ਕੰਮ ਕਰਨ ਵਾਲਿਆਂ ਤੋਂ ਕੰਮ ਲੈ ਸਕੇ। ਇਹ ਸ਼ਕਤੀ, ਭੇਦ ਭਾਵ ਦੱਸਦੀ ਹੈ, ਨਿਰਣਾ ਲੈਂਦੀ ਹੈ, ਵਾਸਤਵ ਵਿੱਚ ਸਾਰੇ ਫੈਸਲਿਆਂ ਦੀ ਜ਼ਿੰਮੇਵਾਰੀ ਇਸੇ ਦੀ ਹੀ ਹੈ। ਜਦੋਂ ਇਸ ਦੀ ਸ਼ੁੱਧੀ ਨਹੀਂ ਕੀਤੀ ਜਾਂਦੀ ਤਾਂ ਇਹ ਮਨ ਨੂੰ ਗੁਮਰਾਹ ਕਰਦੀ ਹੈ, ਇੰਦ੍ਰੀਆਂ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰਦੀਆਂ। ਜਦੋਂ ਮਨ ਨੂੰ ਸੋਧ ਕੇ ਬੁੱਧੀ ਦੇ ਅਨੁਕੂਲ ਕਰ ਲਿਆ ਜਾਵੇ, ਉਦੋਂ ਹੀ ਮਨ ਦੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਜੇਕਰ ਮਨ ਤੇ ਬੁੱਧੀ ਦਾ ਮਤ ਭੇਦ ਹੋਵੇ, ਮਨ ਬੁੱਧੀ ਦਾ ਆਦੇਸ਼ ਨਾ ਸੁਣੇ ਤਾਂ ਕਿਸੇ ਕੰਮ ਵਿੱਚ ਵੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਅਣਸੋਧੀ ਬੁੱਧੀ ਤੇ ਮਨ, ਮਨੁੱਖ ਦੇ ਸਭ ਤੋਂ ਪ੍ਰਬਲ ਸ਼ਤਰੂ ਹੋ ਜਾਂਦੇ ਹਨ, ਜਦੋਂ ਮਨ ਬੁੱਧੀ ਦੀ ਨਹੀਂ ਸੁਣਦਾ ਤਾਂ ਦਵੰਦ ਪੈਦਾ ਹੋ ਜਾਂਦਾ ਹੈ, ਜਿੰਨੇ ਜ਼ਿਆਦਾ ਅੰਦਰ ਦਵੰਦ ਵਧਦੇ ਹਨ ਓਨੇ ਹੀ ਵੱਧ ਬਾਹਰ ਪ੍ਰਗਟ ਹੁੰਦੇ ਹਨ। ਇਹੀ ਦਵੰਦ ਫੇਰ ਮਨੁੱਖ ਦੇ ਸੰਤਾਪ ਬਣ ਜਾਂਦੇ ਹਨ, ਸਾਰੇ ਦਵੰਦ ਮਨੁੱਖ ਦੇ ਆਪਣੇ ਬਣਾਏ ਹੁੰਦੇ ਹਨ।** ਇਹ ਆਪਣੇ ਬਣਾਏ ਦਵੰਦ ਕੇਵਲ ਬੁੱਧੀ ਨਾਲ ਹੀ ਦੂਰ ਕੀਤੇ ਜਾ ਸਕਦੇ ਹਨ। ਜਦੋਂ ਬੁੱਧੀ ਅਤੇ ਮਨ ਦਾ ਮੇਲ ਹੋ ਜਾਵੇ ਦੋਨੋਂ ਮਿਲ ਕੇ ਚਲਣ। ਬਹੁਤ ਸਾਰੇ ਲੋਕ ਅੰਦਰ ਦੀ ਸਲਾਹ, ਅੰਦਰ ਦੀ ਆਵਾਜ਼ ਨੂੰ ਮਹੱਤਵ ਨਹੀਂ ਦਿੰਦੇ, ਬਹੁਤ ਵਾਰੀ ਅੰਦਰ ਦੀ ਸਲਾਹ ਨਾ ਹੋਣ ਕਰਕੇ ਉਹ ਫੈਸਲਾ ਨਹੀਂ ਕਰ ਸਕਦੇ, ਜਿਸ ਕਰਕੇ ਸਮੇਂ ਸਿਰ ਕੰਮ ਨਹੀਂ ਹੁੰਦਾ। ਨਿਰਣਾ ਨਾ ਲੈ ਸਕਣਾ ਬਹੁਤ ਵੱਡਾ ਅੜਿੱਕਾ ਹੈ, ਰੋਕ ਹੈ। ਜਦੋਂ ਤੁਸੀਂ ਅੰਦਰ ਸਲਾਹ ਕਰਨਾ ਸਿੱਖ ਲੈਂਦੇ ਹੋ ਫੇਰ ਦੂਸਰੀਆਂ ਸ਼ਕਤੀਆਂ ਨੂੰ ਵੀ ਜਾਣ ਜਾਂਦੇ ਹੋ, ਉਹ ਸ਼ਕਤੀਆਂ ਵੀ ਓਨੀਆਂ ਹੀ ਪ੍ਰਬਲ ਹਨ, ਉਨ੍ਹਾਂ ਦਾ ਵੀ ਮਹੱਤਵਪੂਰਣ ਕਰਤੱਵ ਹੈ।

ਅਸੀਂ ਸਾਰੇ ਹੀ ਮਨੋਸ਼ਾਤੀ ਦੀ ਗੱਲ ਕਰਦੇ ਹਾਂ, ਸਥਿਰਤਾ ਦੀ ਗੱਲ ਕਰਦੇ ਹਾਂ, ਸ਼ਾਂਤ ਅਵਸਥਾ ਦੀ ਗੱਲ ਕਰਦੇ ਹਾਂ, ਪਰ ਇਨ੍ਹਾਂ ਸਾਰੀਆਂ ਅਵਸਥਾ ਨੂੰ ਪ੍ਰਾਪਤ ਕਰਨ ਲਈ ਬਾਹਰ ਦਾ ਸਮਾਨ ਜੋੜਦੇ ਹਾਂ, ਅਸੀਂ ਇਹ ਨਹੀਂ ਜਾਣਦੇ ਕਿ ਬਾਹਰੀ ਪਦਾਰਥਾਂ, ਮਨ ਦੀ ਸ਼ਾਂਤੀ ਨਹੀਂ ਦੇ ਸਕਦੀਆਂ। ਉਹ ਤਾਂ ਕੇਵਲ ਕੁਝ ਆਰਾਮ ਦੇ ਸਕਦੀਆਂ ਹਨ। ਜੇਕਰ ਕੋਈ ਬਾਹਰ ਦੇ ਸੰਸਾਰ ਨੂੰ ਠੀਕ ਤਰ੍ਹਾਂ ਨਾਲ ਸੰਭਾਲ ਸਕਦਾ ਹੈ, ਕਾਬੂ ਕਰ ਸਕਦਾ ਹੈ, ਤਾਂ ਜੋ ਬਾਹਰ ਦਾ ਸੰਸ਼ਾਰ ਵਿਘਨ ਨਾ ਪਾਵੇ, ਵਿਆਕੁਲਤਾ ਨਾ ਖੜ੍ਹੀ ਕਰੇ ਇਹ ਉਸ ਮਨੁੱਖ ਦੀ ਬੜੀ ਭਾਰੀ ਪ੍ਰਾਪਤੀ ਹੈ। ਇੰਦ੍ਰੀਆਂ ਜਿਹੜੀਆਂ ਕਿ ਮਨ ਲਈ ਬਾਹਰ ਦੇ ਗਿਆਨ ਦਾ ਮਾਰਗ ਹਨ, ਇਹ ਹੀ ਸੰਸਾਰ ਦੇ ਕੰਮ ਕਾਜ ਵਿੱਚ ਸਹਾਈ ਹੁੰਦੀਆਂ ਹਨ। ਜੇਕਰ ਮਨੁੱਖ ਨੂੰ ਇਨ੍ਹਾਂ ਦੇ ਸੋਧਣ ਵੀ ਵਿਧੀ ਦਾ ਨਾ ਪਤਾ ਹੋਵੇ ਤਾਂ ਇਹ ਵਿਘਨ ਖੜ੍ਹੇ ਕਰ ਸਕਦੀਆਂ ਹਨ, ਮਨ ਦੀ ਸ਼ਾਂਤੀ ਭੰਗ ਕਰ ਸਕਦੀਆਂ ਹਨ, ਮਾਨਸਿਕ ਸੰਤੁਲਨ ਹੱਲਾ ਸਕਦੀਆਂ ਹਨ। ਇਹ ਇੰਦ੍ਰੀਆਂ ਰੱਥ ਦੇ ਘੋੜਿਆਂ ਦੀ ਤਰ੍ਹਾਂ ਹਨ, ਮਨ ਇੱਕ ਰਥਵਾਨ ਹੈ, ਆਤਮਾ ਪਿੱਛੇ ਬੈਠੀ ਹੈ, ਜਿਵੇਂ ਕਿ ਘੋੜੇ ਜਿਹੜੇ ਸਿੱਖੇ ਨਹੀਂ ਹੋਏ, ਉਹ ਠੀਕ ਰਾਹ ਤੇ ਨਹੀਂ ਤੁਰਦੇ ਕਿਉਂਕਿ ਉਨ੍ਹਾਂ ਨੂੰ ਸਿਖਾਇਆ ਹੀ ਨਹੀਂ ਗਿਆ, ਸਦਾ ਹੈ ਸੱਜੇ ਖੱਬੇ ਜਾਣਗੇ, ਬਿਲਕੁਲ ਇਸ ਤਰ੍ਹਾਂ ਹੀ ਇੰਦ੍ਰੀਆਂ ਨਾਲ ਹੈ, ਜਦੋਂ ਉਨ੍ਹਾਂ ਨੂੰ ਅਨੁਸ਼ਾਸਨ ਵਿੱਚ ਨਾ ਲਿਆਂਦਾ ਜਾਵੇ, ਅਨੁਸਾਸ਼ਨ ਵਿੱਚ ਲਿਆ ਕੇ ਹੀ ਇੰਦ੍ਰੀਆਂ ਉਨ੍ਹਾਂ ਨੂੰ ਵਿਘਨ ਪਾਉਣ ਤੋਂ ਅੜਿੱਕਾ ਖੜ੍ਹਾ ਕਰਨ ਤੋਂ ਰੋਕਿਆ ਜਾ ਸਕਦਾ ਹੈ।

ਸਾਡੇ ਅੰਦਰ ਦੀ ਇੱਕ ਹੋਰ ਸ਼ਕਤੀ ਹੈ ਜਿਸ ਨੂੰ ਚਿੱਤ ਕਹਿੰਦੇ ਹਨ, ਚਿੱਤ ਗਿਆਨ ਦਾ ਭੰਡਾਰ ਹੈ, ਯਾਦਾਂ ਦਾ ਘਰ ਹੈ,

ਸੰਸਕਾਰਾਂ ਤੇ ਚਿੰਨ੍ਹਾਂ ਦਾ ਘਰ ਹੈ। ਭਾਵੇਂ ਚੇਤਨਾ ਚਿੱਤ ਤੋਂ ਪਰ੍ਹੇ ਹੈ, ਪਰ ਚੇਤਨਾ ਚਿੱਤ ਤੋਂ ਹੋ ਕੇ ਹੀ ਮਨ ਵਿੱਚ ਜਾਂਦੀ ਹੈ ਫੇਰ ਇੰਦ੍ਰੀਆਂ ਤੱਕ ਆਉਂਦੀ ਹੈ। ਇੰਦ੍ਰੀਆਂ ਦੇ ਸੁਭਾਅ ਨੂੰ ਸਮਝਣਾ ਅਤਿ ਅਵਸ਼ਕ ਹੈ, ਨਾਲ ਹੀ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਇੰਦ੍ਰੀਆਂ ਸਾਡੀ ਸ਼ਕਤੀ ਕਿਸ ਤਰ੍ਹਾਂ ਖ਼੍ਹੈ ਕਰਦੀਆ ਹਨ, ਨਸ਼ਟ ਕਰਦੀਆ ਹਨ, ਜਦੋਂ ਅਸੀਂ ਮਨ ਨੂੰ ਕਾਬੂ ਕਰਨ ਦੀ ਗੱਲ ਕਰਦੇ ਹਾਂ, ਜਾਂ ਸਥਿਰ ਤੇ ਸ਼ਾਂਤ ਮਨ ਦੀ ਗੱਲ ਕਰਦੇ ਹਾਂ, ਅਸੀਂ ਇਹ ਨਹੀਂ ਛੱਡ ਸਕਦੇ, ਇੰਦ੍ਰੀਆਂ ਨੂੰ ਨਹੀਂ ਛੱਡ ਸਕਦੇ ਕਿਉਂਕਿ ਇਹ ਮਨ ਹਰ ਸਮੇਂ ਵਰਤਦਾ ਹੈ। ਚਿੱਤ ਕੋਈ ਵਿਅਕਤੀਗਤਿ ਆਤਮਾ ਨਹੀਂ, ਚਿੱਤ ਤਾਂ ਮਨੁੱਖ ਦੀ ਚੇਤਨਤਾ ਹੈ, ਆਤਮਾ ਮਨੁੱਖ ਦੀ ਚੇਤਨਤਾ ਵਿਚੋਂ ਹੀ ਹੋ ਕੇ ਅੱਗੇ ਜਾਂਦੀ ਹੈ। ਚਿੱਤ ਆਤਮਾ ਦਾ ਚਾਨਣ ਹੈ, ਕੋਈ ਵੀ ਮਨੁੱਖ ਜਦੋਂ ਤੁਰਦਾ ਹੈ, ਉਹ ਸੂਰਜ ਵਲ ਨਹੀਂ ਦੇਖਦਾ, ਉਹ ਤਾਂ ਸੂਰਜ ਦੇ ਚਾਨਣ ਦੀ ਸਹਾਇਤਾ ਨਾਲ ਰਾਹ ਦੇਖ ਕੇ ਅੱਗੇ ਜਾਂਦਾ ਹੈ। ਏਸੇ ਤਰ੍ਹਾਂ ਸਾਨੂੰ ਆਤਮਾ ਨੂੰ ਦੇਖਣ ਦੀ ਲੋੜ ਨਹੀਂ, ਪਰ ਚੇਤਨਾ ਦੇ ਗਿਆਨ ਹੋਣ ਵਿੱਚ ਜਿਹੜੇ ਵਿਘਨ ਆਉਂਦੇ ਹਨ, ਉਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਚਿੱਤ ਗਿਆਨ ਦਾ ਭੰਡਾਰ ਹੈ, ਚਿੱਤ ਆਪਣੇ ਆਪ ਵਿੱਚ ਕੇਂਦਰ ਨਹੀ। ਜਿੰਨੇ ਵੀ ਚਿੰਨ ਗਿਆਨ ਅਸੀਂ ਇੰਦ੍ਰੀਆ ਰਾਹੀਂ ਲੈਂਦੇ ਹਾਂ ਉਹ ਇਥੇ ਹੀ ਏਸੇ ਚਿੱਤ ਅੰਦਰ ਜਾਂਦਾ ਹੈ। ਇਸ ਦੀ ਸਹਾਇਤਾ ਨਾਲ ਅਸੀਂ ਵਿਸ਼ੇ ਵਸਤੂ ਯਾਦ ਰਖਦੇ ਹਾਂ, ਇਹ ਬੇਅੰਤ ਵੱਡਾ ਭੰਡਾਰ ਹੈ, ਇਸਦੀਆਂ ਕਿੰਨੀਆਂ ਹੀ ਪਰਤਾਂ ਹਨ। ਗਿਆਨ ਯੋਗ ਦਾ ਜਗਿਆਸੂ ਜਦੋਂ ਧਿਆਨ ਲਗਾਉਂਦਾ ਹੈ, ਮੈਡੀਟੇਸ਼ਨ ਕਰਦਾ ਹੈ ਫੇਰ ਉਹ ਹੌਲੀ-ਹੌਲੀ ਇਹ ਸਾਰੇ ਪੜਾਅ ਇਹ ਸਾਰੀਆਂ ਪਰਤਾਂ ਇੱਕ-ਇੱਕ ਕਰਕੇ ਲੰਘ ਜਾਂਦਾ ਹੈ। ਅਚੇਤ ਦਾ ਸਾਰਾ ਮਾਰਗ ਲੰਘ ਕੇ ਉਹ ਚਾਨਣ ਵਿੱਚ ਪ੍ਰਵੇਸ਼ ਕਰ ਜਾਂਦਾ ਹੈ, ਉਪਨਿਸ਼ਦ ਦਸਦੇ ਹਨ ਕਿ ਸਤਿ ਦਾ ਚਿਹਰਾ ਸੋਨੇ ਦੇ ਢੱਕਣ ਨਾਲ ਢਕਿਆ ਹੋਇਆ ਹੈ ਜਿਸ ਤੋਂ ਭਾਵ ਹੈ ਕਿ ਸੰਸਾਰ ਦੀ ਚਮਕ ਦਮਕ ਮਾਇਆ ਦਾ ਪਸਾਰਾ ਮਨੁੱਖ ਦੇ ਮਨ ਦੀ ਸ਼ਕਤੀ ਖ਼੍ਹੈ ਕਰ ਦਿੰਦਾ ਹੈ, ਨਸ਼ਟ ਕਰ ਦਿੰਦਾ ਹੈ, ਇੰਦ੍ਰੀਆਂ ਸ਼ਕਤੀ ਖਤਮ ਕਰ ਦਿੰਦੀਆਂ ਹਨ, ਇਹ ਸਭ ਕੁਝ ਮਨੁੱਖ ਨੂੰ ਸਤਿ ਤਕ ਪਹੁੰਚਣ ਹੀ ਨਹੀਂ ਦਿੰਦਾ, ਉਹ ਸਤਿ ਜਿਹੜਾ ਇਹ ਸੰਸਾਰ ਦੀ ਚਮਕਾਹਟ ਨਾਲ ਢਕਿਆ ਪਿਆ ਹੈ।

ਸਾਡੇ ਅੰਦਰ ਦੇ ਜੀਵਨ ਦੀ ਇੱਕ ਹੋਰ ਸ਼ਕਤੀ ਹੈ ਜਿਸ ਨੂੰ ਅਹੰਕਾਰ ਕਹਿੰਦੇ ਹਨ, ਮੈਂ ਤੇ ਮੇਰੀ, ਮੈਂ ਸਦਾ ਹੀ ਉਸ ਨਾਲ ਜੁੜੀ ਰਹਿੰਦੀ ਹੈ ਜਿਹੜਾ ਕਿ ਨਾ ਤਾਂ ਪੂਰਨ ਹੁੰਦਾ ਹੈ ਨਾ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ। ਇਸ ਨੂੰ ਹਉਮੈ ਵੀ ਕਿਹਾ ਜਾਂਦਾ ਹੈ, ਈਗੋ, ਹਉਮੈ ਮਨ ਦਾ ਉਹ ਭਾਗ ਹੈ ਜਿਹੜਾ ਆਪੇ ਨਾਲ ਜੋੜਦਾ ਹੈ। ਮੈਂ ਮੇਰਾ ਇਹ ਉਹ ਭਾਵਨਾ ਹੈ, ਜਿਹੜੀ ਮਨੁੱਖ ਨੂੰ ਪ੍ਰਮਾਤਮਾ ਤੋਂ ਵੱਖ ਕਰਦੀ ਹੈ, ਇਸੇ ਨੂੰ ਹੀ ਅਹੰਕਾਰ ਕਹਿੰਦੇ ਹਨ। ਅਹੰਕਾਰ ਦਾ ਕੰਮ ਹੈ ਆਪਣੇ ਚਾਰੋਂ ਪਾਸੇ ਮੈਂ ਦੀ ਦੀਵਾਰ ਖੜ੍ਹੀ ਕਰ ਦੇਣੀ, ਆਪਣੇ ਆਪ ਨੂੰ ਉਸ ਦੇ ਅੰਦਰ ਬੰਦ ਕਰ ਲੈਣਾ, ਪ੍ਰਭੂ ਤੋਂ ਵੱਖ ਕਰ ਲੈਣਾ ਅਹੰਕਾਰ ਦਾ ਇਕ ਸਲਾਹਕਾਰ ਦੀ ਤਰ੍ਹਾਂ ਹੈ ਜਾਂ ਕਹਿ ਲਵੋ ਇੱਕ ਮੈਨੇਜਰ ਦੀ ਤਰ੍ਹਾਂ ਹੈ ਉਹ ਮੈਨੇਜਰ ਜਿਹੜਾ ਅੰਦਰ ਦਾ ਕੰਮ ਕਾਜ ਦੇਖਦਾ ਹੈ। ਇਹ ਝੂਠਾ ਹੀ ਅੰਦਰ ਦੇ ਸਰੀਰ ਦਾ ਮਾਲਕ ਬਣਿਆ ਰਹਿੰਦਾ ਹੈ, ਵਾਸਤਵ ਮਾਲਕ ਨੂੰ ਭੁੱਲਿਆਂ ਹੀ ਰਹਿੰਦਾ ਹੈ, ਵਾਸਤਵਿਕ ਸੁਆਮੀ ਅਧਿਕਾਰੀ ਤਾਂ ਆਤਮਾ ਹੈ। ਜੇਕਰ ਈਗੋ ਨੂੰ ਅਹੰਕਾਰ ਨੂੰ ਆਪਣੀ ਸ਼ਕਤੀ ਲਈ ਚੇਤਨ ਨਾ ਕੀਤਾ ਜਾਵੇ ਭਾਵ ਆਤਮਾ ਨਾਲ ਚੇਤਨਤਾ ਦੇ ਕੇਂਦਰ ਨਾਲ ਨਾ ਜੋੜਿਆ ਜਾਵੇ ਫੇਰ ਇਸ ਨੂੰ ਨੀਚ ਅਹੰਕਾਰ ਕਿਹਾ ਜਾਂਦਾ ਹੈ। ਇਹ ਨੀਚ ਅਹੰਕਾਰ ਸਭ ਤੋਂ ਵੱਡਾ ਔਖੀ ਔਕੜ ਹੈ, ਬੰਨ੍ਹ ਹੈ ਇਹ ਤੁਹਾਨੂੰ ਚਾਨਣ ਦੇਖਣ ਹੀ ਨਹੀਂ ਦਿੰਦੀ, ਇਹ ਤਾਂ ਆਪਣਾ ਆਪਾ ਹੀ ਬਣਾ ਕੇ ਰਖਣਾ ਚਾਹੁੰਦੀ ਹੈ। 'ਮੈਂ' 'ਮੇਰੀ' 'ਆਪ' ਇਹ ਸਦਾ ਹੀ ਤੁਹਾਨੂੰ ਛੋਟਾ ਬਣਾ ਕੇ ਰਖਦਾ ਹੈ, ਜਦੋਂ ਇਹ ਨੀਚ ਅਹੰਕਾਰ ਆਤਮਾ ਤੇ ਮੈਡੀਟੇਸ਼ਨ ਕਰਕੇ ਚਿੰਤਨ ਸ਼ੁੱਧ ਹੋ ਜਾਂਦਾ ਹੈ, ਸ਼ੁੱਧ ਚਿੰਤਨ ਪੂਰਨਤਾ ਦੇ ਉਦੇਸ਼ ਤੇ ਲਗ ਜਾਂਦਾ ਹੈ। ਸ਼ੁੱਧ ਅਹੰਕਾਰ ego ਇੱਕ ਸਾਧਨ ਬਣ ਜਾਂਦਾ ਹੈ। ਅਹੰਕਾਰ ego ਤੋਂ ਬਿਨਾਂ ਸਰੀਰ ਦੀ ਹੋਂਦ ਨੂੰ ਨਹੀਂ ਰੱਖਿਆ ਜਾ ਸਕਦਾ। ਜੇਕਰ ਅਹੰਕਾਰ ਦੇ ਸੁਭਾ ਨੂੰ ਬਦਲ ਲਿਆ ਜਾਵੇ ਉਸ ਨੂੰ ਸ਼ੁੱਧ ਕਰ ਲਿਆ ਜਾਵੇ, ego ਫੇਰ ਸਚੇਤਨਤਾ ਦਾ ਜੰਤਰ ਬਣ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਆਤਮ ਸਿੱਧੀ ਦਾ ਸਭ ਤੋਂ ਛੋਟਾ ਤੇ ਸੌਖਾ ਮਾਰਗ ਹੈ, ਅਹੰਕਾਰ ਨੂੰ ਸੋਧਾ ego ਨੂੰ ਸੋਧਣਾ। ਜਿਹੜਾ ego ਨੂੰ ਸੋਧ ਲੈਂਦਾ ਹੈ, ਅਹੰਕਾਰ ਸੋਧ ਲੈਂਦਾ ਹੈ ਉਹ ਜੀਵਨ ਮਨੋਰਥ ਪ੍ਰਾਪਤ ਕਰ ਲੈਂਦਾ ਹੈ।

ਅਸੀਂ ਦੇਖਦੇ ਹਾਂ ਬਾਹਰੀ ਸੰਸਾਰ ਅੰਦਰ ਅਹੰਕਾਰ ਬਹੁਤ ਹੀ ਸਮੱਸਿਆਵਾਂ ਖੜ੍ਹੀਆਂ ਕਰ ਦਿੰਦਾ ਹੈ ਜੇਕਰ ਅਹੰਕਾਰ ਨੂੰ ਸੋਧਿਆ ਨਾ ਜਾਵੇ, ਬਹੁਤ ਅੜਚਨਾਂ ਖੜ੍ਹੀਆਂ ਕਰ ਦਿੰਦਾ ਹੈ, ਅਹੰਕਾਰੀ ਮਨੁੱਖ ਕਦੀ ਵੀ ਠੀਕ ਤਰ੍ਹਾਂ ਨਾਲ ਗੱਲਬਾਤ ਨਹੀਂ ਕਰ ਸਕਦਾ, ਨਾ ਹੀ ਕੋਈ ਹੋਰ ਅਹੰਕਾਰੀ ਮਨੁੱਖ ਨਾਲ ਗੱਲਬਾਤ ਕਰ ਸਕਦਾ ਹੈ। ਵਾਸਤਵ ਵਿੱਚ ਅਸੀਂ ਬਹੁਤ ਸਾਰੇ ਆਪਣੇ ਅਹੰਕਾਰ ਦੇ ਕਿਲ੍ਹੇ ਅਹੰਕਾਰ ਦੀ ਬਣਾਈ ਚਾਰ ਦੀਵਾਰੀ ਵਿਚ ਹੀ ਰਹਿ ਜਾਂਦੇ ਹਾਂ, ਆਪਣੇ ਬਣਾਏ ਹਉਮੈ ਕੇ ਟਰਿਕ ਮਨ ਦੀਆਂ ਤਰੰਗਾਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਾਂ।

ਗਿਆਨਯੋਗ ਦੇ ਮਾਰਗ ਤੇ ਅੰਦਰ ਦੀਆ ਸਾਰੀਆਂ ਸ਼ਕਤੀਆਂ ਨੂੰ ਚੇਤਨਤਾ ਦੇ ਬਿੰਦੂ ਵਲ ਜਾਣ ਲਈ ਹੀ ਪ੍ਰੇਰਿਆ ਜਾਂਦਾ ਹੈ ਜਿਸ ਨੂੰ ਆਤਮ ਗਿਆਨ ਕਹਿੰਦੇ ਹਨ, ਮਨੁੱਖ ਦੀ ਆਤਮਾ ਅਹੰਕਾਰ, ego ਕਾਰਣ ਹੀ ਦੁਖੀ ਰਹਿੰਦੀ ਹੈ, ਇਹ ਬਿਲਕੁਲ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿਸੇ ਨੇ ਇੱਕ ਆਪਣੇ ਕਾਰ ਵਿਹਾਰ ਦੇਖਣ ਲਈ ਇੱਕ ਬਹੁਤ ਹੀ ਬੇਈਮਾਨ ਮਨੁੱਖ ਬੈਠਾ ਦਿੱਤਾ ਹੋਵੇ। ਸਾਡੇ ਅੰਦਰ ਦੇ ਜੀਵਨ ਵਿਚ ਅਣਸੋਧੀ ego ਅਹੰਕਾਰ, ਮਨ ਤੇ ਹੋਰ ਸ਼ਕਤੀਆਂ ਬੁਰੇ ਪਾਸੇ ਹੀ ਚਲਦੀਆਂ ਹਨ। ਸਾਰੀਆਂ ਭਾਵਨਾਵਾਂ ਰੁਚੀਆਂ, ਤਰੰਗਾਂ, ਬੀਮਾਰੀਆਂ ਅੰਦਰ ਹੈ ਸਾਰੇ ਉਪਰ ਥੱਲੇ ਹੁੰਦੀਆਂ ਭਾਵਨਾਵਾਂ ਇਹ ਸਭ ਅੰਦਰ ਹੈ

ਜੀਵਨ ਤੇ ਹੀ ਨਿਰਭਰ ਹਨ।

ਵਾਸਤਵ ਵਿੱਚ ਇਹ ਇਕ ਅਹੰਕਾਰ ਹੀ ਹੈ ਜਿਹੜਾ ਜਗਿਆਸੂ ਤੇ ਸਤਿ ਦੇ ਵਿੱਚ ਇੱਕ ਦੀਵਾਰ ਬਣ ਕੇ ਖੜ੍ਹਾ ਹੈ। ਮਨ ਦੇ ਸਾਰੇ ਕੰਮ ਕਾਜ ਨੂੰ ਸੋਧਣਾ, ਮਨ ਨੂੰ ਸੋਧਣਾ ਇਸੇ ਪ੍ਰਤੀਕ੍ਰਿਆ ਨਾਲ ਜਗਿਆਸੂ ਗਿਆਨ ਦੀ ਅਗਨੀ ਪੈਦਾ ਕਰ ਲੈਂਦਾ ਹੈ, ਜਲਾ ਲੈਂਦਾ ਹੈ, ਜਿਸ ਨਾਲ ਉਸ ਦੀਆਂ ਸਾਰੀਆਂ ਪਰੇਸ਼ਾਨੀਆਂ ਅਸ਼ੁੱਧੀਆਂ ਅਹੰਕਾਰ ਦੀਆਂ ਅਸ਼ੁੱਧੀਆਂ ਖਤਮ ਹੋ ਜਾਂਦੀਆ ਹਨ। ਕੇਵਲ ਗਿਆਨ ਨਾਲ ਹੀ ਸਤਿ ਦੀ ਪ੍ਰਾਪਤੀ ਹੁੰਦੀ ਹੈ, ਸਤਿ ਦੀ ਪ੍ਰਾਪਤੀ ਨਾਲ ਹੀ ਸੁਤੰਤਰ ਕਰਦੀ ਹੈ।

## ਅਪਰਾ ਵਿਦਿਆ - ਪਰਾ ਵਿਦਿਆ

ਉਪਨਿਸ਼ਦਾਂ ਦਾ ਸਾਹਿਤ ਅੰਦਰ ਦੇ ਜੀਵਨ ਦੇ ਵਾਦ-ਵਿਵਾਦ, ਵਾਰਤਾਲਾਪ ਨਾਲ ਭਰਿਆ ਪਿਆ ਹੈ, ਇਹ ਵੀ ਦੱਸਿਆ ਗਿਆ ਹੈ ਕਿ ਗਿਆਨ ਪ੍ਰਾਪਤੀ ਦਾ ਇਹ ਹੀ ਮਾਰਗ ਹੈ। ਉਪਨਿਸ਼ਦਾਂ ਦਾ ਇਹ ਵਾਦ ਵਿਵਾਦ ਗੱਲਬਾਤ ਦੋ ਪਾਤਰਾਂ ਦਾ ਹੈ, ਸ੍ਰੋਤਰਮ, ਬ੍ਰਹਮਨਿਸਥਮ (Srotriyam brahman is thamw) ਇੱਕ ਸਮਪੂਰਤ ਪੂਰਨ ਗੁਰੂ ਦੂਸਰਾ ਜਗਿਆਸੂ ਪੂਰਨ ਰੂਪ ਦਾ ਜਗਿਆਸੂ ਇਹ ਗੱਲਬਾਤ ਆਮ ਜਗਿਆਸੂ ਦੀ ਸਮਝ ਵਿੱਚ ਨਹੀਂ ਆ ਸਕਦੀ, ਕਿਉਂਕਿ ਆਮ ਜਗਿਆਸੂ ਤਾਂ ਇਸ ਤਰ੍ਹਾਂ ਦੇ ਗਿਆਨ ਲਈ ਤਿਆਰ ਹੀ ਨਹੀਂ ਹੁੰਦਾ। ਇਹ ਗਿਆਨ ਇੰਦ੍ਰੀਆਂ ਤੋਂ, ਮਨ ਤੋਂ, ਬੁੱਧੀ ਤੋਂ ਪਰ੍ਹੇ ਦਾ ਗਿਆਨ ਹੈ। ਗਿਆਨ ਦੇ ਵੀ ਬਹੁਤ ਸਾਰੇ ਪੱਧਰ ਹਨ ਪਰ ਸਭ ਤੋਂ ਵੱਧ ਮਹੱਤਵਪੂਰਨ ਪਰਾ ਵਿਦਿਆਂ ਤੇ ਅਪਰਾ ਵਿਦਿਆ ਹੈ। ਪਰਾ ਵਿਦਿਆ ਤੋਂ ਭਾਵ ਹੈ, ਪਹੁੰਚ ਤੋਂ ਪਰ੍ਹੇ ਦਾ ਗਿਆਨ, ਅਗਿਆਤ ਦਾ ਗਿਆਨ ਅਪਰਾ ਵਿਦਿਆ ਤੋਂ ਭਾਵ ਹੈ ਬਾਹਰੀ ਗਿਆਨ ਸੰਸਾਰ ਦਾ ਗਿਆਨ, ਸੰਸਾਰ ਦਾ ਗਿਆਨ, ਅਗਿਆਨ ਦਾ ਗਿਆਨ ਸੂਖਮ ਦਾ ਗਿਆਨ, ਸਥੂਲ ਦਾ ਗਿਆਨ। ਵਸਤੂ ਵਿਸ਼ੇ ਦਾ ਗਿਆਨ ਜਿਹੜਾ ਕਿ ਇੰਦ੍ਰੀਆਂ ਦਾ ਗਿਆਨ ਹੈ, ਪ੍ਰਤੱਖ ਦਾ ਗਿਆਨ ਹੀ 'ਅਪਰਾ ਵਿਦਿਆ' ਹੈ, ਜਿਹੜਾ ਪਕੜਿਆ ਨਾ ਜਾਏ, ਸਮਝ ਨਾ ਆਵੇ ਉਹ ਬਾਹਰੀ ਸਾਧਨਾ ਰਾਹੀਂ ਪਕੜਿਆ ਨਾ ਜਾਏ ਸਮਝਿਆ ਨਾ ਜਾਏ, ਇੰਦ੍ਰੀਆਂ ਤੋਂ, ਮਨ ਤੋਂ ਪਰ੍ਹੇ ਹੋਵੇ ਦੂਰ ਹੋਵੇ, ਉਸ ਨੂੰ ਪਰਾ ਵਿਦਿਆ ਕਹਿੰਦੇ ਹਨ। ਪਰਾ ਵਿਦਿਆ ਕਿਵੇਂ ਪ੍ਰਾਪਤੀ ਕੀਤੀ ਜਾਂਦੀ ਹੈ।

ਜਦੋਂ ਤੁਸੀਂ ਆਪਣੀ ਸਾਰੀ ਸ਼ਕਤੀ ਅੰਦਰ ਕਰਨਾ ਸਿੱਖ ਜਾਂਦੇ ਹਨ, ਆਪਣੇ ਅੰਦਰ ਦੇ ਸਾਰੇ ਅੰਗ ਸ਼ੁੱਧ ਕਰ ਲੈਂਦੇ ਹੋ, ਅੰਦਰ ਦੀਆਂ ਸਾਰੀਆ ਅਵਸਥਾ ਸ਼ੁੱਧ ਕਰ ਲੈਂਦੇ ਹੋ, ਫੇਰ ਤੁਹਾਨੂੰ ਉੱਤਮ ਗੁਣ ਭਰਪੂਰ ਗਿਆਨ ਪ੍ਰਾਪਤ ਹੁੰਦਾ ਹੈ, ਅੰਦਰ ਦੇ ਉਸ ਪੁਸਤਕਾਲੇ ਤੋਂ ਇਹ ਗਿਆਨ ਆਉਂਦਾ ਹੈ ਜਿਹੜਾ ਬੜੀ ਦੇਰ ਤੋਂ ਦਬਿਆ ਪਿਆ ਹੈ, ਸੁੱਤਾ ਪਿਆ ਹੈ, ਅੰਤਰ ਦਾ ਅਨੁਭਵੀ ਗਿਆਨ ਉਹ ਗਿਆਨ ਹੈ ਜਿਸ ਨੂੰ ਕਿਸੇ ਸਮਰਥਨ ਦੀ ਲੋੜ ਨਹੀਂ, ਪ੍ਰਮਾਣਿਕਤਾ ਦੀ ਲੋੜ ਨਹੀਂ ਹੈ। ਇਹ ਸ਼ੁੱਧ ਗਿਆਨ ਸਾਰੇ ਸ਼ੰਕੇ ਨਵਿਰਤ ਕਰਕੇ ਜਗਿਆਸੂ ਨੂੰ ਅੰਦਰ ਦੀ ਚੇਤਨਤਾ ਦੇ ਕਰਨੇ ਤੇ ਇਕਾਗਰ ਕਰ ਦਿੰਦਾ ਹੈ। ਅੰਤਰ ਗਿਆਨ ਤੋਂ ਬਿਨਾਂ ਪਰਾ ਵਿਦਿਆ ਦਾ ਗਿਆਨ ਹੋ ਹੀ ਨਹੀਂ ਸਕਦਾ, ਪਰਾ ਦਾ ਅਰਥ ਹੈ ਅਤੀਤ, ਸਮਝ, ਪਹੁੰਚ ਤੋਂ ਬਾਹਰ, ਅਗਿਆਤ ਇਥੇ ਇਸ ਦਾ ਅਰਥ ਹੈ, ਅਚੇਤ ਮਨ, ਵਿਅਕਤੀਗਤ ਆਤਮਾ, ਜਿਹੜੀ ਅਚੇਤ ਮਨ ਤੋਂ ਪਰ੍ਹੇ ਹੈ, ਆਤਮਾ ਸ਼ੁੱਧ ਹੈ, ਸਵੈ ਜਾਗ੍ਰਤ ਹੈ, ਵਾਸਤਵ ਵਿੱਚ ਸ਼ਾਂਤੀ, ਖੁਸ਼ੀ ਤੇ ਅਨੰਦ ਹੈ। ਜਦੋਂ ਵਿਅਕਤੀਗਤ ਆਤਮਾ, ਆਪਣੀ ਵਿਸ਼ਵ ਰੂਪ ਨੂੰ ਪਛਾਣ ਲੈਂਦੀ ਹੈ। ਆਪਣਾ ਨਿਸ਼ਾਨਾ ਪਛਾਣ ਲੈਂਦੀ ਹੈ। ਆਤਮ ਸਿੱਧੀ ਜਗਿਆਸੂ ਦਾ ਉਦੇਸ਼ ਹੈ, ਗਿਆਨ ਯੋਗ ਇਹ ਹੀ ਦਸਦਾ ਹੈ। ਆਤਮ ਸਿੱਧੀ ਦੇ ਮਾਰਗ ਤੇ ਤਿੰਨ ਪੜਾਅ ਹਨ, ਮੈਂ ਤੇਰਾ ਹਾਂ, ਤੂੰ ਮੇਰਾ ਹੈਂ, ਅੰਤ ਵਿੱਚ ਅਸੀਂ ਇੱਕ ਹਾਂ। ਏਕਤਾ ਵਿੱਚ ਅਨੇਕਤਾ ਬੜੀ ਸਹਿਜ ਤਰੀਕੇ ਨਾਲ ਗਿਆਨ ਮਾਰਗ ਤੇ ਸੰਪੂਰਨ ਹੁੰਦੀ ਹੈ।

ਬੁੱਧੀ ਦਾ ਗੁਣ ਹੈ ਭੇਦ ਭਾਵ ਦਸਣਾ, ਬੁੱਧੀ ਨੂੰ ਚੰਗੀ ਤਰ੍ਹਾਂ ਤੀਖਣ ਕੀਤਾ ਜਾਂਦਾ ਹੈ, ਸ਼ੁੱਧ ਕੀਤਾ ਜਾਂਦਾ ਹੈ, ਤੀਖਣ ਤੇ ਸ਼ੁੱਧ ਹੋ ਕੇ ਬੁੱਧੀ ਜੀਵਨ ਦੇ ਹਰ ਪਹਿਲੂ ਦੀਆਂ ਡੂੰਘਾਈਆਂ ਤਕ ਜਾਂਦੀ ਹੈ। ਇਸ ਸਮੇਂ ਬੁੱਧੀ ਆਪਾ ਚੀਨਦੀ ਹੈ ਆਪਣੇ ਆਪ ਨੂੰ ਤਰਕ ਕਰਦੀ ਹੈ। ਜਗਿਆਸੂ ਹਰ ਚੀਜ਼ ਨੂੰ ਚੰਗੀ ਤਰ੍ਹਾਂ ਘੋਖਦੀ ਹੈ, ਇਹ ਸਥਿਤੀ ਓਦੋਂ ਤਕ ਚਲਦੀ ਹੈ, ਜਦੋਂ ਤਕ ਮੈਡੀਟੇਸ਼ਨ ਅੰਦਰ ਪੱਕੀ ਨਾ ਹੋ ਜਾਵੇ, ਜਗਿਆਸੂ ਲਈ ਇਹ ਬਹੁਤ ਅਵੱਸ਼ਕ ਹੈ ਕਿ ਉਹ ਜੀਵਨ ਦੇ ਹਰ ਪੱਧਰ ਨੂੰ ਚੰਗੀ ਤਰ੍ਹਾਂ ਦੇਖੇ, ਘੋਖੇ, ਅੰਦਰ ਬਾਹਰ ਦੇ ਜੀਵਨ ਨੂੰ ਚੰਗੀ ਤਰ੍ਹਾਂ ਜਾਣ ਲਵੇ, ਆਪਣੇ ਸਾਰੇ ਸ਼ੰਕੇ ਨਵਿਰਤ ਕਰ ਲਵੇ, ਜੋ ਕੁਝ ਵੀ ਅਚੇਤ ਮਨ ਵਿੱਚ ਹੈ, ਉਸ ਨੂੰ ਖਤਮ ਕਰ ਲਵੇ।

ਗਿਆਨ ਮਾਰਗ ਤੇ ਜਗਿਆਸੂ ਬਿਲਕੁਲ ਫਰਕ ਤਰ੍ਹਾਂ ਦੀ ਸਿੱਖਿਆ ਲੈਂਦਾ ਹੈ, ਪਹਿਲਾਂ ਉਹ ਸਭ ਕੁਝ ਜੋ ਕੁਝ ਵੀ ਉਸ ਨੇ ਸਿੱਖਿਆ ਹੁੰਦਾ ਹੈ ਉਹ ਛੱਡਦਾ ਹੈ, ਪਹਿਲੀ ਸਿੱਖਿਆ ਪੂਰੀ ਤਰ੍ਹਾਂ ਨਾਲ ਛੱਡਣੀ ਪੈਂਦੀ ਹੈ, ਇਹ ਕਰਦੇ ਹੋਏ ਕਿਸੇ ਚੀਜ਼ ਨੂੰ ਨਖੇਦਣਾ ਨਹੀਂ ਹੁੰਦਾ, ਕਿਸੇ ਚੀਜ਼ ਤੇ ਪੂਰਣ ਵਿਸ਼ਵਾਸ਼ ਨਹੀਂ ਕਰਨਾ ਹੁੰਦਾ, ਕਿਸੇ ਮਜ਼ਹਬ ਨਾ ਤਾਂ ਅਪਨਾਉਣਾ ਹੁੰਦਾ ਹੈ ਨਾ ਹੀ ਕਿਸੇ ਪਰੰਪਰਾ ਨੂੰ ਨਖੇਦਣਾ ਹੁੰਦਾ ਹੈ। ਇਹ ਸਭ ਕੁਝ ਪਹਿਲਾ ਨਰੀਖਣ ਕਰਨਾ ਹੁੰਦਾ ਹੈ ਪੜਤਾਲ ਕਰਨੀ ਹੁੰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਇਕ ਨਾਸਤਿਕ ਇੱਕ ਅੰਧ ਵਿਸ਼ਵਾਸ਼ੀ ਨਾਲੋਂ ਕਿਤੇ ਚੰਗਾ ਹੈ। ਜੇ ਤੁਸੀਂ ਬਿਨਾਂ ਪੜਤਾਲ ਦੇ ਬਿਨਾਂ ਨਰੀਖਣ ਦੇ ਵਿਸ਼ਵਾਸ਼ ਕਰਦੇ ਹੋ ਤਾਂ ਤੁਸੀਂ ਸਿੱਖਣ ਦੇ ਬੂਹੇ ਬੰਦ ਕਰ ਲੈਂਦੇ ਹੋ। ਇਕ ਨਾਸਤਿਕ ਪ੍ਰਮਾਤਮਾ ਤੇ ਅੰਧ ਵਿਸ਼ਵਾਸ਼ ਰੱਖਣ ਵਾਲੇ ਨਾਲੋਂ ਕਿਤੇ ਚੰਗਾ ਹੈ। ਨਾਸਤਿਕ ਪ੍ਰਮਾਤਮਾ ਨੂੰ ਸਮਝਣਾ ਚਾਹੁੰਦਾ ਹੈ, ਸਤਿ ਨੂੰ ਜਾਨਣਾ ਚਾਹੁੰਦਾ ਹੈ, ਪਰ ਇੱਕ ਸ਼ਰਧਾਲੂ ਉਪਾਸਕ, ਬਿਨਾਂ ਸਮਝ ਹੀ ਵਿਸ਼ਵਾਸ਼ ਰਖਦਾ ਹੈ। ਪ੍ਰਮਾਤਮਾ ਵਿੱਚ ਵਿਸ਼ਵਾਸ਼ ਰੱਖਣ ਵਾਲੇ ਲੋਕ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਤਾਂ ਉਹ ਹਨ ਜਿਹੜੇ ਆਪਣੇ ਆਪ ਨੂੰ ਅਸੁਰਖਿਅਤ ਮੰਨਦੇ ਹਨ, ਨਲਾਇਕ

ਹਨ, ਸੰਪੰਨ ਨਹੀਂ ਹਨ, ਅਗਿਆਨੀ ਹਨ, ਭੈ ਚੀਤ ਹਨ ਪਰ ਸੋਚਦੇ ਹਨ, ਪ੍ਰਮਾਤਮਾ ਸਮਰੱਥ ਹੈ ਜਿਹੜਾ ਉਨ੍ਹਾਂ ਦਾ ਮਾਰਗ ਦਰਸ਼ਨ ਕਰੇਗਾ, ਉਨ੍ਹਾਂ ਦਾ ਰਾਖਾ ਹੋਵੇਗਾ। ਦੂਸਰੇ ਉਹ ਹਨ ਜਿਹੜੇ ਸੈਤਾਨ ਤੋਂ, ਅਸੁਰ ਤੋਂ ਭੂਤ-ਪ੍ਰੇਤ ਤੋਂ ਡਰਦੇ ਹਨ, ਨਰਕਾਂ ਤੋਂ ਡਰਦੇ ਹਨ। ਜਿਹੜੇ ਜੀਵਨ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸੰਭਾਲ ਨਹੀਂ ਸਕਦੇ। ਇਹ ਸਮੱਸਿਆਵਾਂ ਬਹੁਤ ਸਾਰੀਆ ਆਪਣੀਆਂ ਹੀ ਬਣਾਈਆਂ ਹੁੰਦੀਆਂ ਹਨ, ਇਹ ਲੋਕ ਫੇਰ ਚਰਚ ਜਾਂਦੇ ਹਨ, ਮੰਦਰਾਂ, ਗੁਰਦਵਾਰਿਆਂ, ਮਸਜਿਦਾਂ ਵਿੱਚ ਜਾਂਦੇ ਹਨ, ਇਹ ਭਰੋਸਾ ਲੈ ਕੇ ਜਾਂਦੇ ਹਨ ਕਿ ਉਹ ਬਖਸ਼ੇ ਜਾਣਗੇ ਤੇ ਪ੍ਰਮਾਤਮਾ ਉਨ੍ਹਾਂ ਨੂੰ ਖੁਸ਼ੀ ਬਖਸ਼ੇਗਾ। ਇਹੋ ਜਿਹੇ ਲੋਕਾਂ ਨੂੰ ਪ੍ਰਮਾਤਮਾ ਦੇ ਨਾਮ ਵਿੱਚ ਦਿਲਾਸਾ ਮਿਲਦਾ ਹੈ, ਧੀਰਜ ਮਿਲਦਾ ਹੈ, ਇਹ ਲੋਕ ਇਸ ਗੱਲ ਨੂੰ ਸਦਾ ਹੀ ਆਪਣੀ ਸੁਵਿਧਾ ਲਈ ਆਪਣੇ ਸੁੱਖ ਲਈ ਜੋੜਦੇ ਹਨ। ਇਹੋ ਜਿਹੇ ਪ੍ਰਾਣੀ ਕੋਈ ਜੀਵਨਧਾਰਾ ਕੋਈ ਡੂੰਘੀ ਫਿਲੌਸਫੀ ਨਹੀਂ ਬਣਾ ਸਕਦੇ ਜਿਸ ਨਾਲ ਉਹ ਜੀਵਨ ਰਹੱਸ ਸਮਝ ਸਕਣ, ਜੀਵਨ ਦੇ ਵੇਗ ਨੂੰ ਤੇ ਵਿਪਰੀਤਤਾ ਨੂੰ ਸਮਝ ਸਕਣ। ਜਿਹੜਾ ਪੱਖਪਾਤ ਤੋਂ ਰਹਿਤ ਹੋਵੇ, ਕੱਟੜਤਾ ਤੋਂ, ਕੱਟੜ ਅਸੂਲਾਂ ਤੋਂ ਰਹਿਤ ਹੋਵੇ।

## ਜੀਵਨ ਦੇ ਗੰਭੀਰ ਪ੍ਰਸ਼ਨ

ਹਰ ਇਕ ਦੇ ਜੀਵਨ ਦਾ ਉਦੇਸ਼ ਸਤਿ ਦੀ ਪ੍ਰਾਪਤੀ ਹੀ ਹੁੰਦਾ ਹੈ। ਇਹੋ ਜਿਹਾ ਸਪਸ਼ਟ ਅਨੁਭਵ ਇੱਕ ਵਿਸ਼ਵਾਸ਼ ਨੂੰ ਜਨਮ ਦਿੰਦਾ ਹੈ, ਇਹ ਅਨੁਭਵ ਗਿਆਨ ਮਾਰਗ ਤੇ ਪ੍ਰਵਾਨ ਹੈ। ਸਪਸ਼ਟ ਅਨੁਭਵ ਤੋਂ ਬਿਨ੍ਹਾਂ ਗੂੜ੍ਹ ਗਿਆਨ ਤੋਂ ਬਿਨ੍ਹਾਂ ਦ੍ਰਿੜ੍ਹ ਵਿਸ਼ਵਾਸ਼ ਨਹੀਂ ਹੋ ਸਕਦਾ, ਜੇਕਰ ਵਿਸ਼ਵਾਸ਼ ਹੋਵੇਗਾ ਤਾਂ ਅਧੂਰਾ ਹੋਵੇਗਾ। ਕੋਈ ਮਜ਼ਹਬ ਇਹ ਬਹੁਤ ਮਹੱਤਵਪੂਰਨ ਪ੍ਰਸ਼ਨ ਨਹੀਂ ਦੇ ਸਕਦਾ, ਉਹ ਪ੍ਰਸ਼ਨ ਹੈ, ਮੈਂ ਕੌਣ ਹਾਂ? ਮੈਂ ਕਿੱਥੋਂ ਆਇਆ ਹਾਂ? ਮੇਰੇ ਜੀਵਨ ਦਾ ਉਦੇਸ਼ ਕੀ ਹੈ? ਇਥੋਂ ਮੈਂ ਕਿੱਥੇ ਜਾਵਾਂਗਾ? ਕੋਈ ਵੀ ਮਜ਼ਹਬ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਤਰਕਸ਼ੀਲ ਤਰੀਕੇ ਨਾਲ ਨਹੀਂ ਦੇ ਸਕਦਾ। ਇਨ੍ਹਾਂ ਪ੍ਰਸ਼ਨਾਂ ਦਾ ਉਤਰ ਕੇਵਲ ਉਹ ਫਿਲੌਸਫੀ ਦੇ ਸਕਦੀ ਹੈ ਜਿਹੜੀ ਸੱਚੇ ਮਨੋਂ ਚਿੰਤਨ ਤੋਂ ਬਾਅਦ ਆਈ ਹੋਵੇਗੀ। ਗ੍ਰੰਥਾਂ ਦੇ ਕੀਤੇ ਗਏ ਵਾਅਦੇ ਜਗਿਆਸੂ ਨੂੰ ਭਰੋਸਾ ਨਹੀਂ ਦੇ ਸਕਦੇ, ਜਦੋਂ ਤਕ ਉਹ ਆਪ ਅਨੁਭੰਵ ਨਾ ਕਰ ਲਵੇ, ਇਹ ਜਾਣ ਜਾਏ ਇਹ ਸਮਝ ਜਾਏ ਕਿ ਉਹ ਸਮਝ ਗਿਆ ਹੈ ਜੇਕਰ ਮਨੁੱਖ ਦਾ ਮਨ ਪੂਰੀ ਤਰ੍ਹਾਂ ਨਾਲ ਨਾ ਸਮਝ ਲਵੇ, ਪੂਰਾ ਨਿਸ਼ਚਾ ਨਾ ਬੱਝ ਜਾਏ, ਇਸ ਗੱਲ ਵਿੱਚ ਮਨ ਬਹੁਤ ਸਮੱਸਿਆ ਖੜ੍ਹੀ ਕਰ ਦਿੰਦਾ ਹੈ, ਜਗਿਆਸੂ ਸੁਰੱਖਿਅਤ ਜੀਵਨ ਹੀ ਨਹੀਂ ਬਤੀਤ ਕਰ ਸਕਦਾ। ਹਰ ਮਨੁੱਖ ਜਦੋਂ ਸਪੱਸ਼ਟ ਅਨੁਭਵ ਕਰ ਲੈਂਦਾ ਹੈ, ਉਸ ਦਾ ਭਰੋਸਾ ਬਣ ਜਾਂਦਾ ਹੈ, ਉਸ ਦੇ ਸ਼ੰਕੇ ਨਵਰਿਤ ਹੋ ਜਾਂਦੇ ਹਨ। ਬੁੱਧੀ ਜੀਵੀ ਲਈ ਇਹ ਚਾਰ ਪ੍ਰਸ਼ਨ ਸਦਾ ਹੀ ਇੱਕ ਬੁਝਾਰਤ ਬਣੇ ਰਹਿੰਦੇ ਹਨ। ਗਿਆਨ ਯੋਗ ਦਾ ਮਾਰਗ ਇਨ੍ਹਾਂ ਪ੍ਰਸ਼ਨਾਂ ਨੂੰ ਬੜੀ ਹੀ ਵਿਵੇਕਾਤਮ ਵਿਧੀ ਨਾਲ ਸੁਲਝਾਉਂਦਾ ਹੈ।

ਸਭ ਤੋਂ ਪਹਿਲਾਂ ਪ੍ਰਸ਼ਨ, ਮੈਂ ਕੌਣ ਹਾਂ? ਇਹ ਪ੍ਰਸ਼ਨ ਸਭ ਤੋਂ ਮਹੱਤਵਪੂਰਨ ਪ੍ਰਸ਼ਨ ਹੈ ਜੇਕਰ ਇਸ ਪ੍ਰਸ਼ਨ ਦਾ ਉੱਤਰ ਮਿਲ ਜਾਵੇ ਤਾਂ ਮਨੁੱਖ ਸਮਝ ਸਕਦਾ ਹੈ, ਜਾਣ ਸਕਦਾ ਹੈ, ਫੇਰ ਉਸ ਨੂੰ ਉੱਤਰ ਵੀ ਮਿਲ ਸਕਦਾ ਹੈ, ਇਹ ਹੀ ਨਹੀਂ ਬਾਕੀ ਪ੍ਰਸ਼ਨਾਂ ਦਾ ਉੱਤਰ ਵੀ ਮਿਲ ਸਕਦਾ ਹੀ। ਭਾਵੇਂ ਤੁਸੀਂ ਕਿਸੇ ਵੀ ਮਜ਼ਹਬ ਨਾਲ ਸਬੰਧ ਰਖਦੇ ਹੋਵੋ, ਕਿਸੇ ਵੀ ਪਰੰਪਰਾ ਨਾਲ ਸਬੰਧ ਹੋਵੇ, ਹਰੇਕ ਦੀ ਇਹ ਇੱਛਾ ਹੁੰਦੀ ਹੈ ਕਿ ਮੈਂ ਜਾਣ ਲਵਾਂ ਮੈਂ ਕੌਣ ਹਾਂ, ਸੰਸਾਰ ਦੇ ਸਾਰੇ ਜੀਵ ਜੰਤੂਆਂ ਨੂੰ ਭੁੱਖ ਲਗਦੀ ਹੈ, ਖਾਂਦੇ ਹਨ, ਸੌਂਦੇ ਹਨ, ਕਾਮ ਭਾਵਨਾ ਰਖਦੇ ਹਨ, ਆਪਾ ਸੰਭਾਲ ਰਖਦੇ ਹਨ। ਜਿਥੋਂ ਤਕ ਇਨ੍ਹਾਂ ਲਾਲਸਾ ਦਾ ਤਾਂਘਾਂ ਦਾ ਸਵਾਲ ਹੈ, ਇਹ ਮਨੁੱਖ ਤੇ ਜਾਨਵਰਾਂ ਵਿੱਚ ਇੱਕੋ ਜਿਹੀਆਂ ਹੀ ਹਨ, ਫਰਕ ਸਿਰਫ ਐਨਾ ਹੈ ਕਿ ਜਾਨਵਰਾਂ ਦਾ ਜੀਵਨ ਪੂਰੀ ਤਰ੍ਹਾਂ ਪ੍ਰਾਕ੍ਰਿਤੀ ਵਲੋਂ ਕੰਟਰੋਲ ਅੰਦਰ ਹੈ, ਉਨ੍ਹਾਂ ਦੀ ਬੁੱਧੀ ਨਹੀਂ ਹੈ, ਇੱਛਾ ਸ਼ਕਤੀ ਨਹੀਂ ਹੈ, ਵਿਵੇਕ ਨਹੀਂ ਚੀਜ਼ਾਂ ਨੂੰ ਪਛਾਨਣ ਦੀ ਬੁੱਧੀ ਨਹੀਂ, ਸਤਿ ਨੂੰ ਪਛਾਨਣ ਦੀ ਸਮਰੱਥਾ ਨਹੀਂ ਹੈ, ਇੱਕ ਮਨੁੱਖ ਜਾਣ ਸਕਦਾ ਹੈ, ਸਮਝ ਸਕਦਾ ਹੈ, ਨਿਰਣਾ ਕਰ ਸਕਦਾ ਹੈ, ਭੇਦ ਭਾਵ ਦੇਖ ਸਕਦਾ ਹੈ, ਮਨੁੱਖ ਦੀ ਇੱਛਾ ਸ਼ਕਤੀ ਹੈ। ਜਦੋਂ ਅਸੀਂ ਇਸ ਤਰ੍ਹਾਂ ਦੇਖਦੇ ਹਾਂ ਤਾਂ ਜਾਣ ਜਾਂਦੇ ਹਾਂ ਜਾਨਵਰ ਕੋਲ ਉਹ ਸਭ ਕੁਝ ਨਹੀਂ ਜੋ ਮਨੁੱਖ ਕੋਲ ਹੈ। ਮਨੁੱਖ ਜੀਵਨ ਉਦੇਸ਼ ਪ੍ਰਾਪਤ ਕਰ ਸਕਦਾ ਹੈ ਉਹ ਜਾਣ ਸਕਦਾ ਹੈ, ਮੈਂ ਕੌਣ ਹਾਂ? ਇਸ ਪ੍ਰਸ਼ਨ ਦਾ ਉਤਰ ਗਿਆਨ ਮਾਰਗ ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਗਿਆਨ ਯੋਗ ਦਾ ਮਾਰਗ ਇਹ ਵਿਆਖਿਆ ਕਰਦਾ ਹੈ, ਮਨੁੱਖ ਦੇ ਵਿਕਾਸ ਦੇ ਚੱਕਰ ਵਿੱਚ ਮਨੁੱਖ ਸਿਖਰ ਤੇ ਪਹੁੰਚ ਸਕਦਾ ਹੈ। ਜੇ ਕਿਤੇ ਤੁਸੀਂ ਸਬਜ਼ੀਆਂ ਦੀ, ਜਾਨਵਰਾਂ ਦੀ ਤੇ ਮਨੁੱਖਾਂ ਦੀ ਇਨ੍ਹਾਂ ਸਭ ਦਾ ਜਗਤ ਦੇਖੋ, ਤੁਸੀਂ ਦੇਖੋਗੇ ਕਿ ਮਾਨਵ ਜਗਤ ਕਿੰਨਾ ਵੱਧ ਵਿਸਤ੍ਰਿਤ ਹੈ। ਮਜ਼ਹਬ ਦੇ ਗ੍ਰੰਥ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਮਨੁੱਖ ਪ੍ਰਮਾਤਮਾ ਦਾ ਹੀ ਰੂਪ ਹੈ। ਪਰ ਵੇਦਾਂਤ ਫਿਲੌਸਫੀ ਦਸਦੀ ਹੈ ਕਿ ਮਨੁੱਖ ਆਪਣੀ ਪ੍ਰਾਲਬਧ ਆਪ ਬਣਾਉਂਦਾ ਹੈ, ਆਪਣੇ ਜੀਵਨ ਦਾ ਉਹ ਆਪ ਬਣਾਉਣ ਵਾਲਾ ਹੈ। ਮੈਂ ਕੌਣ ਹਾਂ, ਮੈਂ ਉਹ ਸਤਿ ਹਾਂ, ਜਿਹੜਾ ਪ੍ਰਮਾਤਮਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸੰਸਾਰ ਦੇ ਸਾਰੇ ਮਜ਼ਹਬਾਂ ਦੇ ਗ੍ਰੰਥ ਦਸਦੇ ਹਨ ਬਾਈਬਲ ਦਸਦੀ ਹੈ, ਪ੍ਰਮਾਤਮਾ ਸਰਬ ਵਿਆਪਕ ਹੈ, ਸਰਬੱਗ ਹੈ, ਸਰਬ ਸਮਰੱਥ ਹੈ। ਪ੍ਰਸ਼ਨ ਉਠਦਾ ਹੈ ਫੇਰ ਅਸੀਂ ਕਿੱਥੇ ਹਾਂ? ਅਸੀਂ ਕਿੱਥੇ ਰਹਿੰਦੇ ਹਾਂ? ਕੀ ਸਾਡੀ ਹੋਂਦ ਸਰਬ ਵਿਆਪਕ ਤੋਂ ਵੱਖਰੀ ਹੈ? ਸਾਨੂੰ ਕਿਸ ਨੇ ਬਣਾਇਆ ਹੈ? ਸਾਡੇ ਬਨਾਉਣ ਦਾ ਕੀ ਮੰਤਵ ਹੈ? ਸੰਸਾਰ ਵਿੱਚ ਸੰਤਾਪ ਹੈ, ਦੁੱਖ ਹੈ, ਦਰਦ ਹੈ। ਪ੍ਰਭੂ ਜੋ ਕਿ ਸਰਬੱਗ ਹੈ, ਸਮਰੱਥ ਹੈ, ਸਰਬ ਵਿਆਪਕ ਹੈ ਉਹ ਇਹੋ ਜਿਹਾ ਸੰਸਾਰ ਕਿਉਂ ਰਚੇਗਾ। ਮਜ਼ਹਬ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਾਨੂੰ ਗ੍ਰੰਥਾਂ ਦੀ ਧਾਰਮਿਕ ਪੁਸਤਕਾਂ ਦੀ ਗੱਲ ਮੰਨਣੀ ਪਵੇਗੀ, ਉਹ ਸਾਨੂੰ ਮਜ਼ਬੂਰ

ਕਰਦੇ ਹਨ ਕਿ ਸਾਨੂੰ ਉਸ ਅਨੁਸਾਰ ਸ਼ੈਤਾਨ ਤੇ ਬੁਰਾਈ ਵਿੱਚ ਵੀ ਵਿਸ਼ਵਾਸ਼ ਕਰਕੇ ਡਰਨਾ ਚਾਹੀਦਾ ਹੈ। ਕੀ ਇਹ ਮਾਨਵ ਜਾਤੀ ਦੀ ਬੁੱਧੀ ਨਸ਼ਟ ਕਰਨ ਦੀ ਗੱਲ ਨਹੀਂ ਹੈ? ਉਹ ਮਜ਼ਹਬ ਕੀ ਹੈ? ਕਿਸ ਤਰ੍ਹਾਂ ਦਾ ਹੈ ਜਿਹੜਾ ਮਨੁੱਖ ਨੂੰ ਸੋਚਣ ਦੀ ਸੁਤੰਤਰਤਾ ਨਹੀਂ ਦਿੰਦਾ, ਜਿਹੜਾ ਡਰ ਦੀ ਫਿਲੌਸਫੀ ਦਾ ਪ੍ਰਚਾਰ ਕਰਦਾ ਹੈ। ਗਿਆਨ ਯੋਗ ਦਾ ਮਾਰਗ ਦਸਦਾ ਹੈ ਕਿ ਸੰਸਾਰ ਦੀ ਰਚਨਾ ਕਿਸੇ ਸ਼ਕਤੀ ਨੇ ਨਹੀਂ ਕੀਤੀ, ਨਾ ਹੀ ਮਨੁੱਖ ਦੀ ਰਚਨਾ ਨਾ ਹੋਰ ਬਾਕੀ ਦੀ ਸ੍ਰਿਸ਼ਟੀ ਦੀ ਰਚਨਾ ਕਿਸੇ ਸ਼ਕਤੀ ਦੀ ਰਚਨਾ ਹੈ ਇਹ ਸਾਰਾ ਪਸਾਰਾ ਤਾਂ ਇੱਕ ਸਤਿ ਦਾ ਪਸਾਰਾ ਹੈ, ਇੱਕ ਸੱਚੇ ਦਾ ਦੂਸਰਾ ਤਾਂ ਇਥੇ ਹੈ ਹੀ ਕੋਈ ਨਹੀਂ। ਅਨੇਕਤਾ ਵਿੱਚ ਏਕਤਾ ਹੈ। ਸੰਸਾਰ ਦੀਆ ਸਾਰੀਆ ਵਸਤਾਂ ਸਭ ਕੁਝ ਭਿੰਨ ਹੈ, ਵੱਖ-ਵੱਖ ਨਾਮ ਹਨ, ਆਕਾਰ ਹਨ, ਗੁਣ ਹਨ, ਪਰ ਦੇਖੋਗੇ ਤਾਂ ਪਤਾ ਲਗੇਗਾ ਕਿ ਸਭ ਦੇ ਅੰਦਰ ਵਿਚਰਦਾ ਉਹ ਆਪ ਹੀ ਹੈ, ਕੇਵਲ ਇੱਕ ਹੀ ਹੈ, ਇਕ ਦਾ ਹੀ ਪਸਾਰਾ ਹੈ।

***ਆਪਨ ਖੇਲੁ ਆਪਿ ਕਰਿ ਦੇਖੈ ॥***
***ਖੇਲੁ ਸੰਕੋਚੈ ਤਉ ਨਾਨਕ ਏਕੈ ॥ ਅੰਗ - ੨੯੨***

ਮਾਇਆ ਦਾ ਪਸਾਰਾ ਹੋਣ ਕਾਰਣ ਮਨੁੱਖ ਅਗਿਆਨ ਦੇ ਅੰਧੇਰੇ ਵਿੱਚ ਰਹਿੰਦੇ ਹਨ ਮਾਇਆ ਇੱਕ ਭਰਮ ਹੈ, ਜਿਸ ਦਾ ਆਪਣਾ ਕੋਈ ਅਸਤਿਤਵ ਨਹੀਂ ਹੈ, ਮਾਇਆ ਦਾ ਪਸਾਰਾ ਸਤਿ ਦਾ ਹੀ ਪਸਾਰਾ ਲਗਦਾ ਹੈ, ਜਿਵੇਂ ਕਿ ਹਨ੍ਹੇਰੇ ਦਾ ਭਾਵ ਹੈ ਕਿ ਚਾਨਣ ਨਹੀਂ ਹੈ, ਅਗਿਆਨ ਦਾ ਭਾਵ ਹੈ ਕਿ ਗਿਆਨ ਹੈ ਹੀ ਨਹੀਂ, ਹਨ੍ਹੇਰਾ ਹੀ ਹਨ੍ਹੇਰਾ ਹੈ।

ਜੀਵਨ ਦੀ ਪੁਸਤਕ ਪੜ੍ਹ ਕੇ ਜੀਵਨ ਨੂੰ ਸਮਝ ਕੇ, ਜਾਣ ਕੇ ਅੰਦਰੋਂ, ਬਾਹਰੋਂ ਦੋਨੋਂ ਪੱਖਾਂ ਤੋਂ ਸਮਝ ਕੇ ਹੀ ਮਾਇਆ ਦੇ ਭਰਮ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਮਾਇਆ ਦਾ ਪਸਾਰਾ ਬਹੁਮੁਖੀ ਹੈ, ਬਹੁ ਰੰਗੀ ਹੈ। ਜਿਹੜਾ ਵੀ ਜਗਿਆਸੂ ਵੇਦਾਂਤ ਦੀ ਫਿਲੌਸਫੀ ਵਿੱਚ ਵਿਸ਼ਵਾਸ਼ ਰਖਦਾ ਹੈ, ਉਸ ਲਈ ਜੀਵਨ ਸੌਖਾ ਹੋ ਜਾਂਦਾ ਹੈ, ਉਹ ਜਾਣ ਜਾਂਦਾ ਹੈ, ਇਹ ਵੀ ਠੀਕ ਨਹੀਂ, ਇਹ ਵੀ ਠੀਕ ਨਹੀਂ, ਇਹ ਵੀ ਠੀਕ ਨਹੀਂ। ਇਸ ਮਾਰਗ ਨੂੰ ਨਖੇਧੀ ਦਾ ਮਾਰਗ ਕਿਹਾ ਗਿਆ ਹੈ ਜਿਸ ਤੋਂ ਭਾਵ ਹੈ ਦਿਸਦਾ ਸੰਸਾਰ, ਵਸਤੂਆਂ ਆਕਾਰ, ਤਥਾਤਮਕ ਸੰਸਾਰ, ਪ੍ਰਤੱਖ ਸੰਸਾਰ, ਨਾਸ਼ਵਾਨ ਹੈ, ਬਦਲਦਾ ਹੈ, ਜੋ ਵੀ ਬਦਲਦਾ ਹੈ, ਕਾਲ ਦੇ ਅੰਦਰ ਹੈ ਉਹ ਨਾਸ਼ਵਾਨ ਹੈ ਉਹ ਸਤਿ ਹੋ ਹੀ ਨਹੀਂ ਸਕਦਾ। ਸਤਿ ਤਾਂ ਅਜਰ ਹੈ, ਅਟੱਲ ਹੈ, ਅਮਰ ਹੈ, ਸੰਪੂਰਣ, ਪਰਮ ਸਤਿ ਆਪਣੇ ਆਪ ਵਿੱਚ ਹੀ ਸਤਿ ਹੈ, ਉਹ ਕਾਲ ਵਸ ਨਹੀਂ ਹੈ। ਉਹ ਹੈ ਆਪਣੇ ਆਪ ਅੰਦਰ ਪੂਰਣ ਹੈ, ਸੰਪੂਰਣ ਹੈ, ਉਹ ਸੰਸਾਰ ਦੇ ਚਮਕਦੇ ਲੋਭ, ਲਾਲਚ, ਮਾਇਆ, ਕਸ਼ਿਸ਼, ਮਨੋਹਰਤਾ ਵਿੱਚ ਹੈ। ਜਿਹੜੇ ਇਸ ਮਾਇਆ ਦੇ ਜਾਲ ਨੂੰ ਮਾਇਆ ਦੀ ਚਮਕ ਨੂੰ ਪਾਰ ਕਰ ਲੈਂਦੇ ਹਨ, ਉਹ ਸਤਿ ਪ੍ਰਾਪਤ ਕਰ ਲੈਂਦੇ ਹਨ।

## ਪ੍ਰਤੱਖ-ਅਪ੍ਰਤੱਖ ਗਿਆਨ

ਉਪਨਿਸ਼ਦ ਆਤਮ ਸਿੱਧੀ ਦਾ ਇਕ ਨਿਸ਼ਚਿਤ ਰਾਹ ਦਸਦੇ ਹਨ, ਵਾਸਤਵ ਵਿੱਚ ਉਪਨਿਸ਼ਦ ਗਿਆਨ ਦਾ ਸਰੋਤ ਹਨ। ਗਿਆਨ ਯੋਗ ਦੇ ਵਿਦਿਆਰਥੀ ਲਈ ਇਹ ਅਵੱਸ਼ਕ ਹੈ ਕਿ ਉਹ ਗ੍ਰੰਥ ਦੇ ਬਚਨ ਸੁਣੇ ਜਿਨ੍ਹਾਂ ਨੂੰ 'ਸ਼ਰੁਤੀ' ਕਿਹਾ ਜਾਂਦਾ ਹੈ। ਸ਼ਰੁਤੀਆਂ ਦੇ ਅੰਦਰ ਦਿਤਾ ਗਿਆਨ ਪ੍ਰਤੱਖ ਗਿਆਨ ਹੈ, ਇਹ ਗਿਆਨ ਰਿਸ਼ੀਆਂ ਮੁਨੀਆਂ, ਬ੍ਰਹਮਗਿਆਨੀਆਂ ਦੀ ਸਾਧਨਾ ਤੋਂ ਹੀ ਆਇਆ ਹੈ। ਇਨ੍ਹਾਂ ਰਿਸ਼ੀਆਂ-ਮੁਨੀਆਂ ਨੇ ਆਪਣਾ ਸਾਰਾ ਜੀਵਨ ਗਿਆਨ ਪ੍ਰਾਪਤੀ ਲਈ ਲਗਾਇਆ ਹੈ। 'ਸ਼ਰੁਤੀ' ਅਤੇ 'ਸਮ੍ਰਿਤੀ' ਇਹ ਦੋਨੋਂ ਹੀ ਗਿਆਨ ਦਾ ਸ੍ਰੋਤ ਹਨ, ਪ੍ਰਤੱਖ ਗਿਆਨ ਦੇ ਅਪ੍ਰਤੱਖ ਗਿਆਨ ਦੇ। ਪ੍ਰਮਾਤਮਾ ਦਾ ਪ੍ਰਤੱਖ ਗਿਆਨ ਹੀ ਸਭ ਤੋਂ ਉੱਤਮ ਗਿਆਨ ਹੈ, ਇਹ ਗਿਆਨ ਅੰਦਰ ਦਾ ਅਨੁਭਵੀ ਗਿਆਨ ਹੈ। ਉਪਨਿਸ਼ਦ ਵਿਆਖਿਆਂ ਕਰਦੇ ਹਨ ਅਤੇ ਦਸਦੇ ਹਨ ਕਿ ਸਤਿ ਇੱਕ ਹੀ ਹੈ, ਦੂਸਰਾ ਕੋਈ ਹੈ ਹੀ ਨਹੀਂ ਚਾਹੇ ਉਹ ਮਨੁੱਖ ਹਨ, ਭਾਵੇਂ ਉਹ ਸੰਸਾਰ ਭਰ ਦੀਆਂ ਹੋਰ ਵਸਤਾਂ ਜੋ ਵੀ ਕੁਝ ਹੈ ਉਹ ਕੇਵਲ ਉਸ ਇੱਕ ਸਤਿ ਦਾ ਹੀ ਪਸਾਰਾ ਹੈ। ਸਾਰਾ ਦੁੱਖ, ਸੰਤਾਪ, ਅਗਿਆਨ ਇੱਕ ਭਰਮ ਕਰਕੇ ਹੀ ਹਨ, ਸੰਸਾਰਕ ਭਰਮ।

ਉਪਨਿਸ਼ਦਾਂ ਦੀ ਫਿਲੌਸਫੀ ਜਗਿਆਸੂ ਨੂੰ ਇੱਕ ਬੜੇ ਵਿਵਸਥਿਤ ਤਰੀਕੇ ਨਾਲ ਚਿੰਤਨ ਤੇ ਧਿਆਨ ਦੇ ਰਾਹ ਤੇ ਲੈ ਜਾਂਦੀ ਹੈ। ਇਸ ਲਈ ਉਹ ਚਾਰ ਮਹਾਂਵਾਕ ਦਿੰਦੇ ਹਨ। ੧. ਬ੍ਰਹਮ ਹੀ ਸਤਿ ਹੈ, ਨਾਵਾਂ ਦਾ ਅਕਾਰਾਂ ਦਾ ਸੰਸਾਰ ਝੂਠਾ ਸੰਸਾਰ ਹੈ, ਮਨੁੱਖ ਦੀ ਆਤਮਾ ਸੰਪੂਰਣ ਸਤਿ ਇਹ ਦੋਨੋਂ ਇੱਕੋ ਹੀ ਹਨ. ੨. ਸਤਿ ਕੇਵਲ ਇੱਕ ਹੀ ਹੈ, ਦੂਸਰਾ ਕੋਈ ਨਹੀਂ ਹੈ। ੩. ਸਾਰਾ ਕੇਵਲ ਬ੍ਰਹਮ ਹੀ ਹੈ ੪. ਮੈਂ ਵੀ ਬ੍ਰਹਮ ਹਾਂ। ਇਹ ਚਾਰੋ ਵਾਕ ਕੇਵਲ ਸੰਸਕ੍ਰਿਤ ਦੇ ਸ਼ਬਦ ਹੀ ਨਹੀਂ ਹਨ ਇਹ ਪ੍ਰਾਪਤੀ ਦੀਆਂ, ਪੂਰਤੀ ਦੀਆਂ ਵੱਖ-ਵੱਖ ਅਵਸਥਾ ਹਨ। ਜਦੋਂ ਜਗਿਆਸੂ ਇਹ ਜਾਣ ਲੈਂਦਾ ਹੈ, ਸਮਝ ਲੈਂਦਾ ਹੈ ਕਿ ਨਾਵਾਂ, ਅਕਾਰਾਂ ਦਾ ਸੰਸਾਰ ਝੂਠਾ ਸੰਸਾਰ ਹੈ ਕਿਉਂਕਿ ਇਸ ਦੀ ਆਪਣੀ ਕੋਈ ਹੋਂਦ ਨਹੀਂ, ਬ੍ਰਹਮ ਹੀ ਸਤਿ ਹੈ, ਜਦੋਂ ਜਗਿਆਸੂ ਇਹ ਸਮਝ ਲੈਂਦਾ ਹੈ ਫੇਰ ਉਹ ਅੱਗੇ ਦੀ ਅਵਸਥਾ ਤੇ ਜਾਂਦਾ ਹੈ, ਅਗਲੀ ਪੌੜੀ ਚੜ੍ਹਦਾ ਹੈ, ਉਹ ਹੈ ਪ੍ਰਮਾਤਮਾ ਇੱਕ ਹੈ, ਸਤਿ ਕੇਵਲ ਇੱਕ ਹੀ ਹੈ, ਸਾਰਾ ਪਸਾਰਾ ਸਤਿ ਦਾ ਹੀ ਪਸਾਰਾ ਹੈ। ਅੱਗੇ ਦੀ ਅਵਸਥਾ ਵਿੱਚ ਉਹ ਜਾਣ ਜਾਂਦਾ ਹੈ ਕਿ ਉਹ ਤੇ ਬ੍ਰਹਮ ਇਕ ਹੀ ਹਨ ਉਹ ਬ੍ਰਹਮ ਦਾ ਹੀ ਰੂਪ ਹੈ, ਚੌਥੀ ਅਵਸਥਾ ਤੇ ਪਹੁੰਚ ਕੇ ਉਹ ਜਾਣ ਜਾਂਦਾ ਹੈ। ਉਸ ਨੂੰ ਸਿੱਧ ਹੋ ਜਾਂਦਾ ਹੈ ਕਿ ਉਹ ਆਪ ਹੀ ਬ੍ਰਹਮ ਹੈ।

ਇਨ੍ਹਾਂ ਚਾਰ ਮਹਾਂਵਾਕਾਂ ਦੀ ਦੀਕਸ਼ਾ ਤੋਂ ਬਾਅਦ ਉਸ ਨੂੰ ਉਪਨਿਸ਼ਦਾਂ ਦੇ 'ਬ੍ਰਹਮ ਨਿਸ਼ਥਾਮ' (brahmanistham) ਜਾਂ ਗੁਰੂ ਕਹਿੰਦੇ ਹਨ, ਉਹ ਗੁਰੂ ਫੇਰ ਉਪਨਿਸ਼ਦਾਂ ਦੀ ਵਿਆਖਿਆ ਕਰਦਾ ਹੈ, ਭਾਂਵ ਸ਼ਰੂਤੀਆਂ ਦੀ ਵਿਆਖਿਆ। ਸ਼ਰੂਤੀਆਂ ਪ੍ਰਤੱਖ ਗਿਆਨ ਮੰਨੀਆਂ ਜਾਂਦੀਆਂ ਹਨ, ਗੁਰੂ ਹੀ ਸ਼ਰੂਤੀਆ ਜਗਿਆਸੂ ਨੂੰ ਸਪਸ਼ਟ ਕਰਦਾ ਹੈ। ਉਪਨਿਸ਼ਦ ਦਾ ਸਾਹਿਤ ਅਤੇ ਹੋਰ ਸੂਤਰ

ਜਿਵੇਂ ਕਿ ਬ੍ਰਹਮ ਸੂਤਰ ਤੇ ਹੋਰ ਸਿਧਾਂਤ, ਉਹ ਸਾਹਿਤ ਜਿਹੜਾ ਨਿਰਭੈ ਕਰਦਾ ਹੋਵੇ, ਭਗਵਤ ਗੀਤਾ ਇਹ ਸਾਰੇ ਹੀ ਮਾਰਗ ਦਰਸ਼ਨ ਕਰਦੇ ਹਨ।

ਕਦੋਂ ਜਗਿਆਸੂ ਪੂਰੇ ਧਿਆਨ ਨਾਲ ਸ਼ਰਧਾ ਨਾਲ ਗੁਰੂ ਦੇ ਪ੍ਰਵਚਨ ਸੁਣਦਾ ਹੈ, ਵੱਖ-ਵੱਖ ਗ੍ਰੰਥਾਂ ਦੀਆਂ ਵਿਆਖਿਆ ਕਰਦੇ ਹਨ ਨਾਲ ਹੀ ਉਹ ਸ਼ਰੂਤੀਆ ਤੇ ਵੀ ਚਿੰਤਨ ਕਰਦੇ ਹਨ। ਇੱਕ ਸ਼ਰੂਤੀ ਦਸਦੀ ਹੈ, ਪ੍ਰਮਾਤਮਾ ਦੀ ਪ੍ਰਾਪਤੀ ਭਾਵ ਸਤਿ ਦੀ ਪ੍ਰਾਪਤੀ ਨਾ ਤਾਂ ਗ੍ਰੰਥਾਂ ਨੂੰ ਪੜ੍ਹ ਕੇ ਹੋ ਸਕਦੀ ਹੈ, ਨਾ ਹੀ ਵਧੇਰੇ ਬੁੱਧੀ ਨਾਲ ਹੋ ਸਕਦੀ ਹੈ। ਇਸ ਤੋਂ ਇਹ ਭਾਵ ਹੈ ਕਿ ਸਾਹਿਤ ਮਨ ਨੂੰ ਉਤਸਾਹਿਤ ਕਰਦਾ ਹੈ, ਬੁੱਧੀ ਨੂੰ ਉਤਸ਼ਾਹ ਮਿਲਦਾ ਹੈ ਜਿਸ ਨਾਲ ਚਿੰਤਨ ਕਰਕੇ ਪ੍ਰਤੱਖ ਅਨੁਭਵ ਹੁੰਦਾ ਹੈ। ਪ੍ਰਤੱਖ ਅਨੁਭਵ ਹੀ ਗਿਆਨ ਮਾਰਗ ਦਾ ਇੱਕ ਮਾਤਰ ਮਾਰਗਦਰਸ਼ਕ ਹੈ। ਗਿਆਨ ਮਾਰਗ ਹੀ ਜਗਿਆਸੂ ਨੂੰ ਨਿਰਭੈ ਕਰਕੇ, ਅਗਿਆਨ ਤੋਂ ਸੰਤਾਪ ਤੋਂ ਮੁਕਤ ਕਰਦਾ ਹੈ।

ਜਗਿਆਸੂ ਇਸ ਮਾਰਗ ਤੇ ਚਿੰਤਨ ਕਿਸ ਤਰ੍ਹਾਂ ਕਰਦਾ ਹੈ? ਜਗਿਆਸੂ ਉਪਨਿਸ਼ਦ ਦੇ ਕਿਸੇ ਮੰਤਰ ਕਿਸੇ ਸ਼ਬਦ ਤੇ ਚਿੰਤਨ ਕਰਦਾ ਹੈ, ਇਹ ਚਿੰਤਨ ਹੀ ਜਗਿਆਸੂ ਨੂੰ ਇਹ ਗਿਆਨ ਕਰਾ ਦਿੰਦਾ ਹੈ ਕਿ ਇਹ ਸਰੀਰ ਇੱਕ ਮੰਦਰ ਹੈ, ਘਰ ਹੈ, ਜਿਸ ਦੇ ਅੰਦਰ ਆਤਮਾ ਦਾ ਵਾਸਾ ਹੈ, ਆਤਮਾ ਨੂੰ ਹੀ ਮੁੱਖ ਰੱਖ ਕੇ ਚਿੰਤਨ ਕਰਨਾ ਹੈ। ਗਿਆਨ ਮਾਰਗ ਤੇ ਕਿਸੇ ਵੀ ਇੱਕ ਬਿੰਦੂ ਤੇ ਜਾਂ ਕਿਸੇ ਇੱਕ ਚੀਜ਼ ਤੇ ਇਕਾਗਰ ਕਰਨ ਲਈ ਨਹੀਂ ਕਿਹਾ ਜਾਂਦਾ। ਕੁਛ ਹੀ ਦੇਰ ਦੇ ਬਾਅਦ ਬੁੱਧੀ ਭਾਵ ਨਿਰੋਲ ਤਰਕ ਬਹੁਤ ਹੀ ਸੂਖਮ ਹੋ ਕੇ ਜੀਵਨ ਦੇ ਹਰ ਪੱਧਰ ਤੇ ਆ ਜਾਂਦਾ ਹੈ, ਭਾਵ ਗ੍ਰੰਥਾਂ ਨੂੰ ਪਰਮ ਗੁਰੂ ਤੋਂ ਸੁਣਨਾ, ਮੰਨਨ ਕਰਨਾ, ਚਿੰਤਨ ਕਰਨਾ, ਇਨ੍ਹਾਂ ਦੀ ਮਹੱਤਤਾ ਤੇ ਚਿੰਤਨ ਕਰਨਾ ਫੇਰ ਨਿਧਿਆਸਨ ਕਰਨਾ, ਮੈਡੀਟੇਸ਼ਨ ਕਰਨੀ ਸਤਿ ਤੇ ਚਿੰਤਨ ਅੰਤ ਵਿੱਚ ਸਤਿ ਚਿੱਤ ਅਨੰਦ ਹੋਣਾ ਕਹਿ ਲਓ ਸ਼ੁੱਧ ਹੋਣਾ ਗਿਆਨ, ਅਨੰਦ।

ਇਹ ਸਾਰੇ ਦੀ ਸਾਰੀ ਅਨੰਤਤਾ ਸਾਡੇ ਜੀਵਨ ਦੇ ਭਾਂਡੇ ਵਿਚ ਭਾਵ ਇਸ ਸਰੀਰ ਦੇ ਅੰਦਰ ਹੈ, ਪਰ ਇੱਥੇ ਇਹ ਕਹਿ ਦੇਣਾ ਵੀ ਅਵੱਸ਼ਕ ਹੈ ਕਿ ਇਨ੍ਹਾਂ ਸਭ ਕੁਝ ਦੇ ਹੁੰਦਿਆਂ ਵੀ ਮਨੁੱਖ ਗਿਆਨ ਪ੍ਰਕਾਸ਼ ਤੋਂ ਵਾਂਝਾ ਹੀ ਹੈ, ਇਸ ਦਾ ਕਾਰਣ ਹੈ ਮਨੁੱਖ ਦਾ ਅਗਿਆਨ। ਜਦੋਂ ਮਨੁੱਖ ਸਤਿ ਤੇ ਚਿੰਤਨ ਕਰਦਾ ਹੈ, ਲਗਾਤਾਰ ਕਰਦਾ ਰਹਿੰਦਾ ਹੈ, ਉਹ ਮੁਕਤੀ ਪ੍ਰਾਪਤ ਕਰ ਹੀ ਲੈਂਦਾ ਹੈ। ਮੁਕਤ ਹੋਇਆ ਮਨੁੱਖ ਇਹ ਜਾਣ ਜਾਂਦਾ ਹੈ ਕਿ ਉਸ ਦੀ ਆਤਮਾ ਤੇ ਬ੍ਰਹਮ ਇਹ ਹੀ ਹਨ ਉਸ ਦਾ ਤੱਤਵੀ ਸੁਭਾਅ, ਸਤਿ, ਅਨੰਦ ਅਤੇ ਸੁੰਦਰਤਾ ਹੀ ਹੈ। ਭਾਵ ਸਤਿਅਮ, ਸ਼ਿਵਮ, ਸੁੰਦਰਮ ਮਨੁੱਖ ਇੱਕ ਸਾਗਰ ਤੋਂ ਉਠਦੀ ਲਹਿਰ ਦੀ ਭਾਂਤੀ ਹੈ, ਅਨੰਦ ਦੇ ਸਾਗਰ ਤੋਂ ਉਠਦੀ ਲਹਿਰ, ਮਨੁੱਖ ਸਦਾ ਇਸੇ ਲਹਿਰ ਅੰਦਰ ਰਹਿੰਦਾ ਹੈ ਪਰ ਸਾਗਰ ਤੋਂ ਵੱਖ ਨਹੀਂ ਹੈ, ਕੋਈ ਵੀ ਲਹਿਰ ਸਾਗਰ ਤੋਂ ਵੱਖ ਨਹੀਂ ਹੈ। ਅਪ੍ਰਤੱਖ ਤੋਂ ਅਣਦਿਸਦੇ ਤੋਂ, ਉਹ ਪ੍ਰਤੱਖ ਹੋ ਜਾਂਦਾ ਹੈ, ਅਣਦਿਸਦੇ ਤੋਂ ਉਹ ਪ੍ਰਗਟ ਹੋ ਜਾਂਦਾ ਹੈ, ਫੇਰ ਉਹ ਆਪਣੇ ਵਾਸਤਵਿਕ ਸਰੋਤ ਵਿੱਚ ਵਾਪਸ ਚਲਾ ਜਾਂਦਾ ਹੈ।

ਸਾਰੇ ਨਾਮ ਸਾਰੇ ਆਕਾਰ ਜੋ ਵੀ ਇਸ ਸੰਸਾਰ ਅੰਦਰ ਹਨ, ਉਹ ਆਪਣੇ ਮੂਲ ਰੂਪ ਵਿੱਚ ਚਲੇ ਜਾਂਦੇ ਹਨ, ਸਮਾਅ ਜਾਂਦੇ ਹਨ, ਜਿੱਥੋਂ ਉਹ ਆਏ ਹਨ ਉਥੇ ਹੀ ਸਮਾਅ ਜਾਂਦੇ ਹਨ, ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ। ਜੋ ਮਰਦਾ ਹੈ ਉਹ ਹੈ ਸਰੀਰ ਜਿਹੜਾ ਨਾਸ਼ਵਰ ਹੈ, ਅਵਿਨਾਸ਼ਤਾ, ਅਮਰਤਾ, ਸਦੀਵਤਾ ਤਾਂ ਮੌਤ ਤੋਂ, ਪਰੀਵਰਤਨ ਤੋਂ, ਸੜਨ ਤੋਂ, ਤਬਾਹੀ ਤੋਂ ਮੁਕਤ ਹੈ। ਇਹ ਸਦੈਵੀ ਪਰੀਵਰਤਨ ਰਹਿਤ ਹੈ ਵਾਸਤਵ ਵਿੱਚ ਇਹ ਅੰਤਮ ਸਤਿ ਹੈ, ਸੰਪੂਰਨ ਪਰਮ ਸਤਿ ਹੈ ਗਿਆਨਯੋਗ ਦਾ ਮਾਰਗ ਵਾਸਤਵ ਵਿੱਚ ਤਿਆਗੀਆਂ ਲਈ ਹੀ ਹੈ, ਉਨ੍ਹਾਂ ਲਈ ਜਿਨ੍ਹਾਂ ਨੇ ਮੈਂ, ਮੇਰੀ, ਤੇਰੀ; ਦਾ ਪੂਰਣ ਤਿਆਗ ਕਰ ਦਿੱਤਾ ਹੋਵੇ, ਜਿਨ੍ਹਾਂ ਕੋਲ ਆਪਣਾ ਕੁਝ ਹੋਵੇ ਹੀ ਨਾ। ਇੱਕ ਤਿਆਗੀ ਦਾ ਸਵੈ, ਆਤਮਾ ਉਸ ਦਾ ਆਪਾ ਸਭ ਦਾ ਆਪਾ ਸਭ ਦਾ ਸਵੈ ਬਣ ਜਾਂਦਾ ਹੈ।

ਇਸ ਮਾਰਗ ਤੇ ਚਲਦਿਆਂ ਬਹੁਤ ਸਾਰੇ ਲੋਕ ਕੇਵਲ ਨਿਰਮੋਹ ਦੀ ਜਾਂ ਕਹਿ ਲਵੋ ਸੰਸਾਰ ਵਿੱਚ ਰਹਿੰਦਾ ਸੰਸਾਰ ਤੋਂ ਬੇਲਾਗ ਰਹਿਣ ਦਾ ਅਭਿਆਸ ਕਰਦੇ ਹਨ। ਬਾਕੀ ਦੇ ਲੋਕ ਮੋਹ, ਸੁਖ ਅਨੰਦ ਦਾ ਤਿਆਗ ਕਰਦੇ ਹਨ, ਇੱਛਾ ਮੁਕਤ ਹੋਣਾ ਹੀ ਤਿਆਗ ਦਾ ਮੂਲ ਸੁਰ, ਮੂਲ ਤੱਤ ਹੈ, ਇਸ ਮਾਰਗ ਤੇ ਚੱਲ ਕੇ ਕੇਵਲ ਤੇ ਕੇਵਲ ਇੱਕ ਹੀ ਇੱਛਾ ਦੀ ਪੂਰਤੀ ਰਹਿ ਜਾਂਦੀ ਹੈ ਉਹ ਹੈ ਆਤਮਸਿੱਧੀ ਦੀ, ਆਤਮ ਸਾਧਨਾ ਦੀ। ਵਾਸਤਵ ਵਿੱਚ ਤਿਆਗੀ ਅੰਤ ਵਿੱਚ ਗ੍ਰੰਥ ਪੜ੍ਹਨ ਦੀ ਇੱਛਾ, ਚਿੰਤਨ ਕਰਨ ਦੀ ਇੱਛਾ ਦਾ ਵੀ ਤਿਆਗ ਕਰ ਦਿੰਦਾ ਹਨ। ਜਦੋਂ ਜਗਿਆਸੂ ਨੂੰ ਹਰ ਜਗ੍ਹਾਂ ਤੇ ਪਾਣੀ ਦਿਸਣ ਲਗ ਪੈਂਦਾ ਹੈ, ਉਹ ਪਾਣੀ ਲੈਣ ਲਈ ਖੂਹ ਨਹੀਂ ਖੋਦਦਾ। ਇਹੋ ਜਿਹੇ ਕਾਮਲ ਉਸਤਾਦ ਨੂੰ 'ਬ੍ਰਹਮਨਿਸ਼ਠਮ' ਕਹਿੰਦੇ ਹਨ ਉਹ ਉਸਤਾਦ ਜਿਸ ਨੇ ਮਾਇਆ ਦੇ ਸਾਰੇ ਛਲ ਲੰਘ ਲਏ ਹੋਣ ਪਾਰ ਕਰ ਲਏ ਹੋਣ, ਬ੍ਰਹਮ ਨਾਲ ਇੱਕ ਹੋ ਗਿਆ ਹੋਵੇ। ਜਿਵੇਂ ਬੂੰਦ ਜਦੋਂ ਸਾਗਰ ਵਿੱਚ ਪੈਂਦੀ ਹੈ ਉਹ ਸਾਗਰ ਹੋ ਜਾਂਦੀ ਹੈ, ਨਦੀ ਜਦੋਂ ਸਾਗਰ ਵਿੱਚ ਮਿਲਦੀ ਹੈ ਉਹ ਸਾਗਰ ਹੋ ਜਾਂਦੀ ਹੈ, ਇਸ ਤਰ੍ਹਾਂ ਹੋਣ ਨਾਲ ਆਪਾ ਛੁੱਟ ਨਹੀਂ ਜਾਂਦਾ, ਖਤਮ ਨਹੀਂ ਹੋ ਜਾਂਦਾ, ਮੁੱਕ ਨਹੀਂ ਜਾਂਦਾ, ਦੂਸਰੇ ਪਾਸੇ ਦੇਖੋ ਤਾਂ ਆਪਾ ਵਿਸਤ੍ਰਿਤ ਹੋ ਜਾਂਦਾ ਹੈ। ਜਦੋਂ ਮਨੁੱਖ ਆਪਣੀ ਚੇਤਨਤਾ ਦਾ ਵਿਸਤਾਰ ਕਰ ਲੈਂਦਾ ਹੈ ਉਸ ਨੂੰ ਵਿਸ਼ਵ ਚੇਤਨਤਾ ਦਾ ਪਤਾ ਲਗ ਜਾਂਦਾ ਹੈ, ਵਿਸ਼ਵ ਚੇਤਨਾ ਦਾ ਗਿਆਨ ਹੋ ਜਾਂਦਾ ਹੈ ਇਹ ਸੁਤੰਤਰ ਹੀ ਗਿਆਨ ਪ੍ਰਕਾਸ਼ ਹੈ, ਪ੍ਰਬੰਧ ਹੈ, ਜਾਗ੍ਰਿਤੀ ਹੈ, ਸੰਪੂਰਨਤਾ ਹੈ, ਮੋਕਸ਼ ਹੈ।

☬☬☬☬☬

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ***
***ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

ਸਰੀਰ ਦੀ ਤੰਦਰੁਸਤੀ ਸਾਡੀ ਮੁੱਢਲੀ ਲੋੜ ਹੈ, ਇਸਨੂੰ ਬਣਾਈ ਰੱਖਣ ਲਈ ਆਹਾਰ-ਵਿਹਾਰ ਦਾ ਨਿਯਮਾਂ ਅਨੁਸਾਰ ਹੋਣਾ ਬਹੁਤ ਜ਼ਰੂਰੀ ਹੈ। ਸਾਡੇ ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ-ਪੀਰਾਂ ਨੇ ਆਹਾਰ-ਵਿਹਾਰ ਦੇ ਅਨੇਕ ਨਿਯਮ ਦੱਸੇ ਹਨ ਜੋ ਸਰੀਰ ਦੀ ਤੰਦਰੁਸਤੀ ਲਈ ਸਹਾਈ ਹੁੰਦੇ ਹਨ ਜਿਵੇਂ ਕਿ ਹੇਠ ਲਿਖੇ ਤਿੰਨ ਮੁੱਖ ਨਿਯਮ -

੧. ਦਿਨ ਚਰਿਯਾ (ਸੂਰਜ ਚੜ੍ਹਨ ਤੋਂ ਲੈ ਕੇ ਛਿਪਣ ਤੱਕ ਦਾ ਆਹਾਰ-ਵਿਹਾਰ) ੨. ਰਾਤ੍ਰੀ ਚਰਿਯਾ (ਸੂਰਜ ਛਿਪਣ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਦਾ ਆਹਾਰ-ਵਿਹਾਰ) ੩. ਰਿਤੂ ਚਰਿਯਾ (ਛੇ ਰੁੱਤਾਂ ਅਨੁਸਾਰ ਵੱਖੋ-ਵੱਖਰਾ ਆਹਾਰ-ਵਿਹਾਰ।

ਉਪਰੋਕਤ ਨਿਯਮਾਂ 'ਚੋਂ ਰਿਤੂ ਚਰਿਯਾ ਦੇ ਨਿਯਮਾਂ ਬਾਰੇ ਪਿਛਲੇ ਕੁਝ ਅੰਕਾਂ ਵਿਚ ਚਰਚਾ ਕੀਤੀ ਗਈ ਹੈ ਜਿਸ ਤਹਿਤ ਹੇਮੰਤ, ਸਿਸ਼ਰ, ਬਸੰਤ ਤੇ ਗਰੀਖਮ ਰੁੱਤ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਹੈ, ਹੁਣ ਇਸੇ ਕੜੀ ਨੂੰ ਅੱਗੇ ਤੋਰਦਿਆਂ ਇਸ ਵਾਰ ਵਰਖਾ ਰੁੱਤ ਦੀ ਗੱਲ ਕੀਤੀ ਜਾ ਰਹੀ ਹੈ।

**ਵਰਖਾ ਰੁੱਤ -** ਅੱਗੇ ਆ ਰਹੀ ਹੈ, ਇਸ ਰੁੱਤ ਵਿੱਚ ਸਾਉਣ-ਭਾਦਰੋਂ (ਜੁਲਾਈ-ਅਗਸਤ) ਦੇ ਮਹੀਨੇ ਆਉਂਦੇ ਹਨ। ਇਸ ਰੁੱਤ ਦੇ ਨਾਲ ਤੋਂ ਹੀ ਸਪੱਸ਼ਟ ਹੈ ਕਿ ਇਹ ਵਰਖਾ ਦੀ ਰੁੱਤ ਹੈ। ਇਸ ਰੁੱਤ ਵਿਚ ਜ਼ਿਆਦਾਤਰ ਵਾਯੂ ਦੇ ਰੋਗ ਹੁੰਦੇ ਹਨ ਅਤੇ ਪਿਛਲੀ ਗਰਮ ਰੁੱਤ ਤੋਂ ਚਲੀ ਆ ਰਹੀ ਪਾਚਨ ਪ੍ਰਣਾਲੀ ਦੀ ਕਮਜ਼ੋਰੀ ਇਸ ਰੁੱਤ ਵਿਚ ਵੀ ਬਣੀ ਰਹਿੰਦੀ ਹੈ।

**ਵਰਖਾ ਰੁੱਤ ਦੇ ਪੱਥ-ਪ੍ਰਹੇਜ਼** - ਆਯੁਰਵੇਦ ਦੇ ਵਿਦਵਾਨਾਂ ਨੇ ਇਸ ਰੁੱਤ ਵਿੱਚ ਰੋਗਾਂ ਤੋਂ ਬਚਾਅ ਲਈ ਅਨੇਕ ਪੱਥ-ਪ੍ਰਹੇਜ਼ ਦੱਸੇ ਹਨ ਜਿਵੇਂ ਕਿ ਧੁੱਪ ਤੋਂ ਬਚਾਅ ਰੱਖਣਾ ਚਾਹੀਦਾ ਹੈ, ਖੁਸ਼ਕ ਅਤੇ ਬਾਸੀ ਭੋਜਨ ਨਹੀਂ ਖਾਣਾ ਚਾਹੀਦਾ ਅਤੇ ਵਰਖਾ 'ਚ ਭਿੱਜਣੋਂ ਬਚਣਾ ਚਾਹੀਦਾ ਹੈ। ਇਸ ਰੁੱਤ ਵਿੱਚ ਤਰੇਲ 'ਚ ਪੈਣਾ, ਦਿਨ ਨੂੰ ਸੌਣਾ ਅਤੇ ਜ਼ਿਆਦਾ ਕਸਰਤ ਕਰਨੀ ਹਾਨੀਕਾਰਕ ਹੈ। ਆਯੁਰਵੇਦ ਦੇ ਮਹਾਨ ਗਿਆਤਾ ਮਹਾਂਰਿਸ਼ੀ 'ਚਰਕ' ਨੇ ਇਸ ਰੁੱਤ ਵਿਚ ਨਦੀ, ਨਾਲੇ ਅਤੇ ਟੋਭੇ ਆਦਿ ਵਿਚ ਇਸ਼ਨਾਨ ਕਰਨਾ ਮਨ੍ਹਾਂ ਕੀਤਾ ਹੈ। ਇਸ ਰੁੱਤ ਵਿਚ ਸੱਤੂ ਦਾ ਸੇਵਨ ਕਰਨਾ ਹਾਨੀਕਾਰਕ ਹੈ, ਇਸ ਬਾਰੇ ਇਕ ਅਖਾਣ ਵੀ ਹੈ -

***ਸਾਵਣ ਸੱਤੂ, ਚੇਤ ਗੁੜ, ਭਾਦੋਂ ਮੂਲੀ ਖਾਏ,***
***ਕਹੇ ਗੁਰੂ ਜੀ, ਬਾਲਕਾ ਰੋਗ ਵੱਡਾ ਬਨ ਜਾਏ।***

ਇਸ ਰੁੱਤ ਵਿੱਚ ਰਾਤ ਦਾ ਭੋਜਨ ਰਾਤ ਹੋਣ ਤੋਂ ਪਹਿਲਾਂ ਹੀ ਬਣਾ ਅਤੇ ਖਾ ਲੈਣਾ ਚਾਹੀਦਾ ਹੈ ਤਾਂ ਜੋ ਵਿਸ਼ੈਲੇ ਜੀਵ-ਜੰਤੂਆਂ ਦੇ ਭੋਜਨ ਵਿਚ ਡਿੱਗਣ ਦਾ ਡਰ ਨਾ ਰਹੇ। ਇਸ ਰੁੱਤ ਵਿਚ ਪਾਚਨ ਸ਼ਕਤੀ ਕਮਜ਼ੋਰ ਰਹਿਣ ਕਾਰਨ ਪੇਟ ਵਿਚ ਖਰਾਬੀ ਪੈਦਾ ਹੋ ਜਾਂਦੀ ਹੇ ਇਸ ਲਈ ਛੇਤੀ ਹਜ਼ਮ ਹੋਣ ਵਾਲੀ ਰੋਟੀ ਅਤੇ ਦਲੀਆਂ ਆਦਿ ਖਾਣਾ ਚਾਹੀਦਾ ਹੈ ਪਰ ਚੌਲ੍ਹਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਇਸ ਰੁੱਤ 'ਚ ਹਰੀਆਂ ਸਬਜ਼ੀਆਂ ਜਿਵੇਂ ਕਿ ਭਿੰਡੀ, ਟਿੰਡੇ, ਬੈਂਗਣ, ਕਰੇਲਾ, ਕੱਦੂ, ਤੋਰੀ, ਕੱਚਾ ਕੇਲਾ ਅਤੇ ਪਾਲਕ ਆਦਿ ਨੂੰ ਚੰਗੀ ਤਰ੍ਹਾਂ ਧੋ ਕੇ ਇਨ੍ਹਾਂ ਦੀ ਵਰਤੋਂ ਲਾਭਦਾਇਕ ਹੈ। ਪਾਚਨ ਸ਼ਕਤੀ ਵਧਾਉਣ ਵਾਸਤੇ ਅਦਰਕ, ਕਰੌਂਦਾ, ਲਸਣ, ਪਿਆਜ, ਹਰੀ ਮਿਰਚ, ਕਾਲੀ ਮਿਰਚ, ਸਿਰਕਾ, ਪੁਦੀਨਾ, ਪਿੱਪਲ ਮਗ, ਜ਼ੀਰਾ, ਹਿੰਗ, ਅਜ਼ਵਾਇਣ, ਰਾਈ, ਮੇਥੀ, ਸੇਂਧਾ ਨਮਕ (ਪਾਕਿਸਤਾਨੀ ਚਿੱਟੇ ਡਲੇ ਦਾ ਨਮਕ) ਆਦਿ ਵਰਤਣਾ ਚਾਹੀਦਾ ਹੈ। ਪੇਟ ਦੇ ਰੋਗਾਂ ਦੇ ਖਾਤਮੇ ਅਤੇ ਪਾਚਨ ਸ਼ਕਤੀ ਵਧਾਉਣ ਲਈ ਅਦਰਕ, ਲਸਣ, ਹਰੀ ਮਿਰਚ ਆਦਿ ਕੁੱਟ ਕੇ ਉਸ ਵਿੱਚ ਨਿੰਬੂ ਦਾ ਰਸ ਨਿਚੋੜ ਕੇ, ਕਾਲਾ ਨਮਕ ਵਿਚ ਪਾ ਕੇ ਖਾਣਾ ਚਾਹੀਦਾ ਹੈ। ਗੈਸ ਬਣਨ ਦੀ ਬਿਮਾਰੀ ਲਈ ਦੇਸੀ ਘੀ ਵਿਚ ਪਿਆਜ਼ ਅਤੇ ਲਸਨ ਪਕਾ ਕੇ ਖਾਣਾ ਚਾਹੀਦਾ ਹੈ। ਗ੍ਰਿਸ਼ਟ ਭੋਜਨ (ਨਿਗਰ, ਚਿਕਨਾਂ ਜਾਂ ਤਲਿਆ) ਜਿਵੇਂ ਰਬੜੀ, ਪੇੜਾ, ਮਾਲ ਪੂੜਾ ਅਤੇ ਪੂੜੀ ਆਦਿ ਖਾਣ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਸ ਰੁੱਤ ਵਿੱਚ ਪਾਣੀ ਉਬਾਲ ਕੇ ਜਾਂ ਸਫੇਦ ਫਟਕੜੀ ਦਾ ਟੁਕੜਾ ਘੁਮਾ ਕੇ ਸਾਫ ਕਰਕੇ ਪੀਣਾ ਚਾਹੀਦਾ ਹੈ। ਸਰੀਰ ਉੱਪਰ ਸਰ੍ਹੋਂ ਦੇ ਤੇਲ ਦੀ ਵਰਤੋਂ ਲਾਭਕਾਰੀ ਹੈ। ਇਸ ਰੁੱਤ 'ਚ ਦਿਨ ਵੇਲੇ ਸੌਣ ਨਾਲ ਰੇਸ਼ਾ ਅਤੇ ਵਾਯੂ ਦਾ ਦੋਸ਼ ਵਧ ਜਾਂਦਾ ਹੈ ਜਿਸ ਨਾਲ ਬੁਖਾਰ ਤੇ ਖਾਂਸੀ ਆਦਿ ਰੋਗ ਹੋ ਜਾਂਦੇ ਹਨ। ਇਸ ਰੁੱਤ 'ਚ ਪੇਟ ਦੀ ਸਫਾਈ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਜਿਸ ਲਈ ਨਿਸੋਥ, ਇੰਦਰ ਜੌਂ, ਪਿੱਪਲ ਸੁੰਢ ਆਦਿ ਬਰਾਬਰ ਮਾਤਰਾ 'ਚ ਲੈ ਕੇ ਸ਼ਹਿਦ ਨਾਲ ਜਾਂ ਸਵੱਕਾ ਪਾਣੀ ਵਿੱਚ ਉਬਾਲ ਕੇ ਉਹਦੇ ਕਾੜ੍ਹੇ ਨਾਲ ਹਫਤੇ 'ਚ ਤਿੰਨ ਕੁ ਵਾਰ ਸੇਵਨ ਕਰਨਾ ਚਾਹੀਦਾ ਹੈ।

**ਅੰਬ ਅਤੇ ਜਾਮਨ ਲਾਭਕਾਰੀ** - ਵਰਖਾ ਦੀ ਰੁੱਤ ਵਿੱਚ ਫਲਾਂ ਵਿਚੋਂ ਅੰਬ ਅਤੇ ਜਾਮਨ ਵਿਸ਼ੇਸ਼ ਲਾਭਕਾਰੀ ਹਨ। ਕਲਮੀ ਅੰਬ, ਚੂਪਣ ਵਾਲਾ ਅੰਬ ਅਤੇ ਪੱਕੀ ਹੋਈ ਜਾਮਣ ਸਰੀਰ ਦੀ ਤੰਦਰੁਸਤੀ ਵਿੱਚ ਵਾਧਾ ਦਿਵਾਉਂਦੇ ਹਨ।

**ਅੰਬ ਦੇ ਗੁਣ -** ਅੰਬ ਖਾਣ ਨਾਲ ਸਰੀਰ ਦੀਆਂ ਸੱਤੇ ਧਾਤੂਆਂ (ਰਸ, ਰਕਤ, ਮਾਸ, ਚਰਬੀ, ਅਸਥੀ ਮਜ਼ਾ ਅਤੇ ਵੀਰਯ ਧਾਤੂ) ਬਣ ਕੇ ਸਰੀਰ ਪ੍ਰਫੁੱਲਤ ਹੁੰਦਾ ਹੈ। ਪੱਕਾ ਅੰਬ ਬੱਚੇ, ਬ੍ਰਿਧ ਅਤੇ ਕਮਜ਼ੋਰ ਸਰੀਰ ਵਾਲਿਆਂ ਲਈ ਲਾਭਕਾਰੀ ਹੈ। ਚੂਪਣ ਵਾਲਾ ਅੰਬ ਅੰਤੜੀਆਂ ਨੂੰ ਬਲਵਾਨ ਕਰਦਾ ਹੈ, ਦਿਲ ਨੂੰ ਤਾਕਤ ਦਿੰਦਾ ਹੈ, ਸਰੀਰ ਵਿਚੋਂ ਜ਼ਹਿਰੀਲਾ ਮਾਦਾ ਖਤਮ ਕਰਦਾ ਹੈ ਅਤੇ ਅੱਖਾਂ ਲਈ ਖਾਸ ਫਾਇਦੇਮੰਦ ਹੈ। ਪੱਕਾ ਅੰਬ ਵੀਰਯ ਧਾਤੂ ਨੂੰ ਵਧਾਉਂਦਾ ਅਤੇ ਸ਼ੁੱਧ ਕਰਦਾ ਹੈ, ਇਸ ਨਾਲ ਸ਼ੁਕਰ ਕੀਟਾਣੂਆਂ ਵਿੱਚ ਵਾਧਾ ਹੁੰਦਾ ਹੈ ਅਤੇ ਧਾਤ ਦੀ ਕਮਜ਼ੋਰੀ ਦੂਰ ਹੁੰਦੀ ਹੈ। ਪੱਕਾ ਅੰਬ ਖਾਣ ਨਾਲ ਆਲਸ ਦੂਰ ਹੁੰਦੀ ਹੈ, ਪਿਸ਼ਾਬ ਸਾਫ

ਆਉਂਦਾ ਹੈ, ਤਪਦਿਕ ਰੋਗ ਖਤਮ ਹੁੰਦ ਹੈ, ਗੁਰਦੇ ਅਤੇ ਬਸਤੀ (ਮੂਤ੍ਰ ਪ੍ਰਣਾਲੀ) ਨੂੰ ਸ਼ਕਤੀ ਮਿਲਦੀ ਹੈ। ਜਿਸ ਅੰਬ ਦਾ ਛਿਲਕਾ ਪਤਲਾ, ਗੁਠਲੀ ਛੋਟੀ, ਰੇਸ਼ੇ ਰਹਿਤ ਗੁੱਦਾ ਅਤੇ ਰਸ ਜ਼ਿਆਦਾ ਹੋਵੇ, ਅਜਿਹਾ ਅੰਬ ਉੱਤਮ ਪੌਸ਼ਟਿਕ ਹੈ।

ਬੁਢੇਪੇ ਵਿੱਚ ਅੰਬ ਇਕ ਵਰਦਾਨ ਵਾਂਗ ਹੈ। ਬਿਰਧ ਅਵਸਥਾ ਵਿੱਚ ਤਾਕਤ ਅਤੇ ਜੀਵਨ ਸ਼ਕਤੀ ਵਧਾਉਣ ਲਈ ਸਵੇਰੇ ਖਾਲੀ ਪੇਟ ੨੫੦ ਗ੍ਰਾਮ ਅੰਬ ਦੇ ਰਸ ਵਿਚ, ੫੦ ਗ੍ਰਾਮ ਸ਼ਹਿਦ ਅਤੇ ੧੦ ਗ੍ਰਾਮ ਅਦਰਕ ਦਾ ਰਸ ਮਿਲਾ ਕੇ ਪੀਣਾ ਚਾਹੀਦਾ ਹੈ ਅਤੇ ਉਸ ਤੋਂ ਦੋ ਘੰਟੇ ਬਾਅਦ ਇੱਕ ਗਿਲਾਸ ਫਿੱਕਾ ਦੁੱਧ ਪੀਣਾ ਚਾਹੀਦਾ ਹੈ ਅਤੇ ਚਾਰ ਘੰਟੇ ਤੱਕ ਹੋਰ ਕੁਝ ਨਹੀਂ ਖਾਣਾ ਚਾਹੀਦਾ, ਇਹ ਪ੍ਰਯੋਗ ਅਤਿਅੰਤ ਲਾਭਕਾਰੀ ਹੈ।

**ਅੰਬ ਦੀ ਵਰਤੋਂ ਪ੍ਰਤੀ ਸਾਵਧਾਨੀਆਂ –** ਅੰਬ ਅਤੇ ਦੁੱਧ ਇੱਕੋ ਸਮੇਂ ਪੀਣਾ ਆਯੁਰਵੇਦ ਅਨੁਸਾਰ ਵਿਰੁੱਧ (ਹਾਨੀਕਾਰਕ) ਹੈ ਜੋ ਅੱਗੇ ਜਾ ਕੇ ਚਮੜੀ ਦੇ ਰੋਗ ਪੈਦਾ ਕਰਦਾ ਹੈ।

**ਜਾਮਣ ਦੇ ਗੁਣ –** ਵਰਖਾ ਰੁੱਤ ਵਿੱਚ ਜਾਮਣ ਦਾ ਸੇਵਨ ਬਹੁਤ ਗੁਣਕਾਰੀ, ਇਸ ਨਾਲ ਪਾਚਨ ਸ਼ਕਤੀ ਵਧਦੀ ਹੈ ਅਤੇ ਵਧੀਆ ਭੁੱਖ ਲਗਦੀ ਹੈ। ਇਹ ਵਰਖਾ ਰੁੱਤ ਵਿੱਚ ਸਤੰਭਕ (ਜ਼ਿਆਦਾ ਪਿਸ਼ਾਬ ਨੂੰ ਰੋਕਣ ਵਾਲੇ) ਅਤੇ ਪੇਟ ਦੇ ਰੋਗਾਂ ਲਈ ਖਾਸ ਉਪਯੋਗੀ ਹੈ। ਇਸ ਵਿਚ ਲੋਹ ਤੱਤ (ਆਇਰਨ) ਜ਼ਿਆਦਾ ਹੁੰਦਾ ਹੈ ਅਤੇ ਇਹ ਪੀਲੀਏ ਦੇ ਰੋਗਾਂ ਲਈ ਲਾਭਦਾਇਕ ਹੈ। ਇਸ ਦੇ ਸੇਵਨ ਨਾਲ ਯਕ੍ਰਿਤ (ਲੀਵਰ) ਤਿੱਲੀ ਅਤੇ ਖੂਨ ਦੀ ਖਰਾਬੀ ਠੀਕ ਹੁੰਦੀ ਹੈ, ਖੂਨ ਸਾਫ ਹੁੰਦਾ ਹੈ। ਮਧੂ ਮੇਹ (ਸ਼ੂਗਰ), ਪੱਥਰੀ, ਦਸਤ, ਮਰੋੜ, ਸੰਗ੍ਰਹਿਣੀ ਅਤੇ ਜਿਗਰ ਦੇ ਰੋਗ ਦੂਰ ਹੁੰਦੇ ਹਨ। ਮਧੂ ਮੇਹ (ਸ਼ੂਗਰ) ਦੇ ਮਰੀਜ਼ਾਂ ਨੂੰ ਵੱਧ ਤੋਂ ਵੱਧ ਜ਼ਾਮਨ ਖਾਣੀ ਚਾਹੀਦੀ ਹੈ ਅਤੇ ਅੱਛੇ-ਪੱਕੇ ਜਾਮਣ ਸੁਕਾ ਕੇ ਬਰੀਕ ਬਣਾਇਆ ਚੂਰਨ ਖਾਣਾ ਵੀ ਅਤਿਅੰਤ ਲਾਭਕਾਰੀ ਹੈ।

**ਜਾਮਣ ਦੀ ਵਰਤੋਂ ਪ੍ਰਤੀ ਸਾਵਧਾਨੀਆਂ –** ਜਾਮਣ ਹਮੇਸ਼ਾ ਭੋਜਨ ਤੋਂ ਬਾਅਦ ਹੀ ਖਾਣੀ ਚਾਹੀਦੀ ਹੈ, ਭੁੱਖੇ ਪੇਟ ਜਾਮਣ ਬਿਲਕੁਲ ਨਹੀਂ ਖਾਣੀ ਚਾਹੀਦੀ ਅਤੇ ਨਾ ਹੀ ਜਾਮਣ ਖਾਣ ਤੋਂ ਬਾਅਦ ਤੁਰੰਤ ਦੁੱਧ ਪੀਣਾ ਚਾਹੀਦਾ ਹੈ। ਜਾਮਣ ਵਾਯੂ ਦੋਸ਼ ਪੈਦਾ ਕਰਨ ਵਾਲਾ ਫਲ ਹੈ ਇਸ ਲਈ ਵਾਸ ਪ੍ਰਕਿਰਤੀ ਅਤੇ ਵਾਯੂ ਦੇ ਦਰਦਾਂ ਵਾਲੇ ਨੂੰ ਇਸਦਾ ਸੇਵਨ ਨਹੀਂ ਕਰਨਾ ਚਾਹੀਦਾ। ਜਿਸ ਨੇ ਲੰਮਾ ਸਮਾਂ ਉਪਵਾਸ (ਵਰਤ) ਰੱਖਿਆ ਹੋਵੇ ਜਾਂ ਪ੍ਰਸੂਤਕਾ (ਜਣੇਪੇ ਵਾਲੀ) ਇਸਤਰੀ ਨੂੰ ਵੀ ਜਾਮਨ ਦਾ ਸੇਵਨ ਨਹੀਂ ਕਰਨਾ ਚਾਹੀਦਾ। ਜੇਕਰ ਜਾਮਣ ਜ਼ਿਆਦਾ ਖਾਧੀ ਜਾਵੇ ਤਾਂ ਰਿੜ੍ਹਕੀ ਹੋਈ ਲੱਸੀ ਵਿਚ ਨਮਕ ਮਿਲਾ ਕੇ ਪੀਣਾ ਚਾਹੀਦਾ ਹੈ।

**ਵਰਖਾ ਰੁੱਤ ਦੇ ਪ੍ਰਮੁੱਖ ਰੋਗ –** ਵਰਖਾ ਰੁੱਤ 'ਚ ਅਨੇਕ ਪ੍ਰਕਾਰ ਦੇ ਰੋਗ ਪੈਦਾ ਹੁੰਦੇ ਹਨ ਜਿਵੇਂ ਕਿ ਚਮੜੀ ਰੋਗ, ਵਾਯੂ ਰੋਗ, ਬੁਖਾਰ, ਗਰਮ-ਸਰਦ ਹੋਣਾ ਆਦਿ। ਇਸ ਤੋਂ ਇਲਾਵਾ ਜ਼ਹਿਰੀਲੇ ਜੀਵ-ਜੰਤੂਆਂ ਦੇ ਡੰਗਣ ਨਾਲ ਵੀ ਅਨੇਕ ਰੋਗ ਹੋ ਜਾਂਦੇ ਹਨ। ਪੇਟ ਦਰਦ, ਪਤਲੇ ਦਸਤ, ਭੁੱਖ ਨਾ ਲਗਣਾ, ਸੰਗ੍ਰਹਿਣੀ, ਪੇਚਸ (ਮਰੋੜ) ਆਦਿ ਰੋਗ ਇਸੇ ਰੁੱਤ 'ਚ ਹੁੰਦੇ ਹਨ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................

ਪਤਾ/Address ..........................................................

..........................................................

..........................................................

..................................Pin Code......................................

Phone......................... E-mail :......................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਸਿਰਦਰਦ, ਹੱਥ-ਪੈਰ ਤੇ ਕਮਰ ਦਰਦ, ਮਲੇਰੀਆ, ਅੰਤੜੀਆਂ ਦਾ ਬੁਖਾਰ (ਟਾਈਫਾਈਡ) ਆਦਿ ਰੋਗ ਵੀ ਇਸ ਰੁੱਤ 'ਚ ਹੋ ਜਾਂਦੇ ਹਨ। ਵਾਯੂ ਦੇ ਦਰਦਾਂ ਲਈ ਯੋਗਰਾਜ ਗੁੱਗਲ, ਮਹਾਂਰਾਸ਼ਨਾਦੀ ਕਾੜ੍ਹਾ ਲਾਭਦਾਇਕ ਹੈ। ਮਾਲਿਸ਼ ਵਾਸਤੇ ਮਹਾਂਨਰੈਣ ਤੇਲ ਅਤੇ ਵਿਸ਼ਗਰਭ ਤੇਲ ਆਦਿ ਦੀ ਵਰਤੋਂ ਹਿੱਤਕਾਰੀ ਹੈ। ਇਸ਼ਨਾਨ ਲਈ ਲਾਈਫ ਬੁਆਏ, ਕਾਰਬੋਲਿਕ ਜਾਂ ਨਿੰਮ ਦੀ ਸਾਬਣ ਵਰਤਣੀ ਚਾਹੀਦੀ ਹੈ। ਪੇਟ ਦੇ ਰੋਗਾਂ ਵਾਸਤੇ ਸ਼ਿਵਾਖਾਰ ਪਾਚਨ ਚੂਰਨ, ਸੁਆਦਿਸ਼ਟ ਪਾਚਨ ਚੂਰਨ, ਲਵਣ ਭਾਸ਼ਕਰ ਚੂਰਨ ਅਤੇ ਹਿੰਗ ਅਸ਼ਟਕ ਚੂਰਨ ਭੋਜਨ ਬਾਅਦ ਖਾਣਾ ਵਿਸ਼ੇਸ਼ ਲਾਭਦਾਇਕ ਹੈ। ਇਸ ਤੋਂ ਬਿਨਾਂ ਗਰਮ ਪਾਣੀ ਨਾਲ ਅਜਵਾਇਣ ਦਾ ਸੇਵਨ ਕਰਨਾ ਵੀ ਚੰਗਾ ਹੈ। ਮਲੇਰੀਆ ਆਦਿ ਰੋਗਾਂ ਤੋਂ ਬਚਾਅ ਲਈ ਗੋਦੰਤੀ ਭਸਮ ਸ਼ਹਿਦ ਨਾਲ ਚੱਟਣੀ ਚਾਹੀਦੀ ਹੈ। ਤੁਲਸੀ ਦੇ ਪੱਤੇ, ਕਾਲੀ ਮਿਰਚ ਅਤੇ ਅਦਰਕ ਆਦਿ ਦਾ ਕਾੜ੍ਹਾ ਪੀਣਾ ਵੀ ਲਾਭਕਾਰੀ ਹੈ। ਹਰ ਤਰ੍ਹਾਂ ਦੇ ਬੁਖਾਰ ਤੋਂ ਰਾਹਤ ਪਾਉਣ ਲਈ ਨਿੰਮ ਦੇ ਪੱਤੇ (੫ ਨਗ) ਅਤੇ ਕਾਲੀ ਮਿਰਚ (੫ ਨਗ) ਸਵੇਰੇ ਖਾਲੀ ਪੇਟ ੧੦-੧੫ ਦਿਨ ਖਾਣੀ ਚਾਹੀਦੀ ਹੈ। ਵਰਖਾ ਰੁੱਤ ਵਿੱਚ ਹਰੜ ਦੀ ਵਰਤੋਂ ਰਸਾਇਣ ਦਾ ਕੰਮ ਕਰਦੀ ਹੈ, ਇਸ ਲਈ ਹਰੜ ਦਾ ਚੂਰਨ ਕੱਪੜ ਛਾਣ ਕਰਕੇ ਚੌਥਾ ਹਿੱਸਾ ਸੇਂਧਾ ਨਮਕ ਮਿਲਾ ਕੇ ਚਾਰ ਗ੍ਰਾਮ ਦੀ ਖੁਰਾਕ ਰਾਤ ਨੂੰ ਗਰਮ ਪਾਣੀ ਨਾਲ ਲਗਾਤਾਰ ੧੦-੨੦ ਦਿਨ ਲਈ ਜਾਵੇ ਤਾਂ ਕਬਜ਼ ਬਲਗਮੀ ਖਾਂਸੀ, ਬਵਾਸੀ, ਪੇਟ ਦਾ ਦਰਦ, ਭੁੱਖ ਨਾ ਲੱਗਣੀ ਆਦਿ ਰੋਗ ਨਸ਼ਟ ਹੋ ਜਾਂਦੇ ਹਨ।

**ਯੱਗ ਚਿਕਿਤਸਾ –** ਪੁਰਾਤਨ ਸਮਿਆਂ ਵਿੱਚ ਵਰਖਾ ਰੁੱਤ ਵਿੱਚ ਰੋਗਾਂ ਤੋਂ ਬਚਾਅ ਅਤੇ ਵਾਤਾਵਰਨ ਦੀ ਸ਼ੁੱਧਤਾ ਹਿੱਤ ਯੱਗ ਚਿਕਿਤਸਾ ਵਿਧੀ ਦੀ ਵਰਤੋਂ ਕੀਤੀ ਜਾਂਦੀ ਸੀ। ਦਿਨ-ਬ-ਦਿਨ ਲਗਾਤਾਰ ਵਧ ਰਹੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਘੱਟ ਕਰਨ ਹਿੱਤ ਇਹ ਵਿਧੀ ਅੱਜ ਵੀ ਸਾਰਥਿਕ ਹੈ। ਵਰਖਾ ਰੁੱਤ ਵਿਚ ਕਾਲਾ ਅਗਰ, ਪੀਲਾ ਅਗਰ, ਜੌਂ, ਚੀੜ੍ਹ, ਧੂਪ ਲੱਕੜੀ, ਸਰ੍ਹੋਂ, ਤਗਰ, ਦੇਵਦਾਰ, ਗੁੱਗਲ, ਨਕਸ਼ਿਕਨੀ, ਰਾਲ, ਜੈਫਲ, ਮੁੰਡੀ, ਬੂਟੀ, ਜਟਾਮਾਸੀ, ਛੋਟੀ ਲੈਚੀ, ਬੱਚ, ਗਲੋ, ਤੁਲਸੀ ਦੇ ਬੀਜ, ਬਾਏਬੜਿੰਗ, ਕਮਲਗੱਟੇ, ਸਫੇਦ ਚੰਦਨਬੂਰ, ਨਾਗ ਕੇਸਰ, ਬ੍ਰਹਮੀ ਬੂਟੀ, ਚਿਰਾਇਤਾ, ਛੁਹਾਰਾ, ਸ਼ੰਖਾਹੋਲੀ, ਮੋਚਰਸ, ਖੱਗੇ, ਗੋਕਾ ਘੀ ਤੇ ਖੰਡ ਦਾ ਹਵਨ ਕਰਨ ਦੇ ਨਾਲ ਰਾਜ ਯਕਖਸੋਆ (ਤਪਦਿਕ) ਤੋਂ ਛੁਟਕਾਰਾ ਮਿਲਦਾ ਹੈ, ਛੂਤ ਦੇ ਰੋਗਾਂ ਤੋਂ ਬਚਾਅ ਰਹਿੰਦਾ ਹੈ, ਪ੍ਰਦੂਸ਼ਣ ਦੂਰ ਹੋ ਕੇ ਵਾਯੂ ਮੰਡਲ ਦੀ ਸ਼ੁੱਧਤਾ 'ਚ ਵਾਧਾ ਹੁੰਦਾ ਹੈ।


**ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਐਤਵਾਰ – 05, 12, 19, 26,** ਜੁਲਾਈ
**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਸੰਗਰਾਂਦ** – 16 ਜੁਲਾਈ, ਦਿਨ ਵੀਰਵਾਰ
**(ਦਿਨ ਦੇ ਸਮੇਂ** 1.00 **ਵਜੇ ਤੋਂ** 4.00 **ਵਜੇ ਤੱਕ)**

**ਪੂਰਨਮਾਸ਼ੀ** – 7 ਜੁਲਾਈ, ਦਿਨ ਮੰਗਲਵਾਰ
**(ਸਮਾਂ – ਸ਼ਾਮ 7.00 ਵਜੇ ਤੋਂ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** – ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾਂ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ** 9.00 **ਵਜੇ ਹੁੰਦਾ ਹੈ।**



## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.150/- |